ੴ ਵਾਹਿਗੁਰੂ ਜੀ ਕੀ ਫ਼ਤਹ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ

ਮਾਸਿਕ ਪੱਤਰ


# ਗੁਰਦੁਆਰਾ ਗਜ਼ਟ


ਫੱਗਣ — ਨਾਨਕਸ਼ਾਹੀ ਸੰਮਤ ੫੪੯
ਅੰਕ ੨ — ਜਿਲਦ ੯੪
ਫਰਵਰੀ — ੨੦੧੭

ਸੰਪਾਦਕ — ਦਿਲਜੀਤ ਸਿੰਘ 'ਬੇਦੀ'

**ਸਹਾਇਤਾ**

| ਦੇਸ਼ | ਵਿਦੇਸ਼ |
|---|---|
| ਸਾਲਾਨਾ ੨੦/- | ਸਾਲਾਨਾ ੫੦੦/- |
| ਲਾਈਫ਼ ੨੦੦/- | (ਹਵਾਈ ਡਾਕ) |



***Website : www.sgpc.net***
***E-mail : gurdwaragazette@gmail.com***
***info@sgpc.net***
***Phone: 0183-255 3956-60, Ext. 254***


## ਜ਼ਰੂਰੀ ਬੇਨਤੀ

ਸੰਗਤਾਂ ਦੀ ਸਹੂਲਤ ਨੂੰ ਮੁੱਖ-ਰਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪਾਂ ਦੀ ਸਾਂਭ-ਸੰਭਾਲ 'ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ', ਗੁਰਦੁਆਰਾ ਸ੍ਰੀ ਰਾਮਸਰ ਸਾਹਿਬ (ਨਜ਼ਦੀਕ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ 'ਸ਼ਹੀਦ') ਵਿਖੇ ਕਰਨ ਦਾ ਫ਼ੈਸਲਾ ਕੀਤਾ ਹੈ। ਪਾਵਨ ਬਿਰਧ ਸਰੂਪ ਲੈ ਕੇ ਆਈਆਂ ਸੰਗਤਾਂ ਇਥੋਂ ਹੀ ਪਾਵਨ ਸਰੂਪ ਵੀ ਪ੍ਰਾਪਤ ਕਰ ਸਕਦੀਆਂ ਹਨ। ਸੋ ਸਮੂਹ ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਲਿਆਉਣ ਦੀ ਕ੍ਰਿਪਾਲਤਾ ਕਰਨ।

ਗੁਰੂ-ਪੰਥ ਦਾ ਦਾਸ,
ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

---


ਕੇਂਦਰੀ ਲਾਇਬ੍ਰੇਰੀ ਕਮੇਟੀ ਅਤੇ ਸੰਚਾਲਕ ਲੋਕ ਸੰਪਰਕ ਵਿਭਾਗ ਚੰਡੀਗੜ੍ਹ ਦੀ ਚਿੱਠੀ ਨੰ: ਲ. ਸ. ਵ. (ਲਾਇਬ)-੬੮/੧੦੨੫੯ ਮਿਤੀ ੨੦-੬-੬੭ ਰਾਹੀਂ ਸਰਕਾਰੀ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।

ਗੋਲਡਨ ਆਫਸੈੱਟ ਪ੍ਰੈੱਸ, ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ **ਦਿਲਜੀਤ ਸਿੰਘ** ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਜਾਰੀ ਕੀਤਾ।

***ਪ੍ਰਤੀ ਕਾਪੀ 2/-ਰੁਪਏ***


## ਲੇਖ ਸੂਚੀ


| *ਲੇਖ* | *ਪੰਨਾ* |
|---|---|
| ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਯਾਦਾ | ੪ |
| ਇਤਿਹਾਸਕ ਦਿਹਾੜੇ | ੫ |
| ਗੁਰਬਾਣੀ ਵਿਚਾਰ | ੭ |
| ਸੰਪਾਦਕੀ | ੮ |
| ਵੱਡਾ ਘੱਲੂਘਾਰਾ: ਖਾਲਸੇ ਦੀ ਚੜ੍ਹਦੀ ਕਲਾ ਦੀ ਗਾਥਾ *-ਪ੍ਰੋ. ਕਿਰਪਾਲ ਸਿੰਘ ਬਡੂੰਗਰ* | ੧੦ |
| ਅਕਾਲੀ ਕੌਰ ਸਿੰਘ ਨਿਹੰਗ ਇਕ ਸ਼ਰਧਾਂਜਲੀ *-ਡਾ. ਰੂਪ ਸਿੰਘ* | ੧੪ |
| ਸਿੱਖਾਂ 'ਤੇ ਹੋਏ ਕਹਿਰ ਦੀ ਦਾਸਤਾਨ: ਵੱਡਾ ਘੱਲੂਘਾਰਾ *-ਦਿਲਜੀਤ ਸਿੰਘ 'ਬੇਦੀ'* | ੧੮ |
| ਸਾਕਾ ਨਨਕਾਣਾ ਸਾਹਿਬ- ਇਕ ਨਜ਼ਰੀਆ *-ਪ੍ਰੋ. ਦਲਜੀਤ ਸਿੰਘ* | ੨੮ |
| ਦਇਆ ਤੇ ਦ੍ਰਿੜ੍ਹਤਾ ਦੇ ਸਾਕਾਰ ਸਰੂਪ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ *-ਸ. ਜਸਵਿੰਦਰ ਸਿੰਘ* | ੩੦ |
| ਤੱਤ ਖਾਲਸੋ ਸੋ ਰਹਯੋ, ਗਯੋ ਸੁ ਖੋਟ ਗਵਾਇ *-ਡਾ. ਜਸਬੀਰ ਸਿੰਘ ਸਰਨਾ* | ੩੩ |
| ਜੈਤੋ ਦਾ ਮੋਰਚਾ *-ਸ. ਜਗਤਾਰ ਸਿੰਘ 'ਖੋਦੇ ਬੇਟ'* | ੩੫ |
| ਕਵਿਤਾਵਾਂ | ੩੭ |
| ਖ਼ਬਰਨਾਮਾ | ੪੧ |
| ਸੇਵਾ ਸਰਗਰਮੀਆਂ | ੬੩ |
| ਹਿਸਾਬ-ਕਿਤਾਬ | ੬੫ |
| ***English Section*** | |
| Historical Events | *82* |
| Sri Guru Tegh Bahadur Sahib Ji *- S. Surjit Singh 'Gandhi'* | 84 |

ੴ ਸਤਿਗੁਰ ਪ੍ਰਸਾਦਿ॥

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਯਾਦਾ

## (ਮਹੀਨਾ ਫੱਗਣ)

* ਕਿਵਾੜ ਖੁੱਲ੍ਹਣ ਦਾ ਸਮਾਂ — ੨-੪੫ ਵਜੇ ਅੰਮ੍ਰਿਤ ਵੇਲੇ
* ਕੀਰਤਨ ਆਰੰਭ — ੨-੪੫ ਵਜੇ ਅੰਮ੍ਰਿਤ ਵੇਲੇ
* ਆਸਾ ਦੀ ਵਾਰ ਦਾ ਕੀਰਤਨ ਆਰੰਭ — ੩-੪੫ ਵਜੇ ਸਵੇਰੇ
* ਪਾਲਕੀ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲਣ ਦਾ ਸਮਾਂ — ੪-੪੫ ਵਜੇ ਸਵੇਰੇ
* ਪਹਿਲਾ ਹੁਕਮਨਾਮਾ — ੫-੧੫ ਵਜੇ ਸਵੇਰੇ
* ਪਹਿਲੀ ਅਰਦਾਸ — ੫-੪੫ ਵਜੇ ਸਵੇਰੇ
* ਆਸਾ ਦੀ ਵਾਰ ਦੀ ਸਮਾਪਤੀ — ੬-੪੫ ਵਜੇ ਸਵੇਰੇ
* ਦੂਸਰੀ ਅਰਦਾਸ ਤੇ ਹੁਕਮਨਾਮਾ — ੬-੪੫ ਤੋਂ ੭-੦੦ ਵਜੇ ਸਵੇਰੇ
* ਸ਼ਾਮ ਨੂੰ ਸੋਦਰੁ, ਰਹਰਾਸਿ ਸਾਹਿਬ ਦਾ ਪਾਠ ਸੂਰਜ ਛਿਪਣ ਉਪਰੰਤ ਸ਼ੁਰੂ ਹੁੰਦਾ ਹੈ।
* ਹੁਕਮਨਾਮਾ ਰਾਤ ਨੂੰ ਸਮਾਪਤੀ ਸਮੇਂ — ੯-੪੫ ਵਜੇ ਰਾਤ
* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪਾਲਕੀ ਸਾਹਿਬ ਚੱਲਣ ਦਾ ਸਮਾਂ — ੧੦-੦੦ ਵਜੇ ਰਾਤ
* ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚਣ ਦਾ ਸਮਾਂ — ੧੦-੧੫ ਵਜੇ ਰਾਤ
* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕਿਵਾੜ ਖੁੱਲ੍ਹਣ ਤੋਂ ਲੈ ਕੇ ਸਮਾਪਤੀ ਤਕ ਅਖੰਡ ਕੀਰਤਨ ਹੁੰਦਾ ਰਹਿੰਦਾ ਹੈ।
* ਰਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾਣ ਉਪਰੰਤ ਇਕ ਘੰਟਾ ਸੇਵਾ ਤੇ ਸਫਾਈ ਆਦਿ ਉਪਰੰਤ ਇਸ਼ਨਾਨ ਕਰਾਉਣ ਦੀ ਸੇਵਾ ਸ਼ਰਧਾਲੂ, ਸੇਵਾਦਾਰਾਂ ਦੇ ਸਹਿਯੋਗ ਨਾਲ ਕਰਦੇ ਹਨ।
* ਇਸ਼ਨਾਨ ਸਮੇਂ ਮਿਲ ਕੇ ਪ੍ਰੇਮੀ ਇਸ਼ਨਾਨ ਕਰਾਉਂਦੇ ਹਨ ਅਤੇ ਨਾਲ ਬੜੇ ਹੀ ਪ੍ਰੇਮ ਸਹਿਤ ਰਸ-ਭਿੰਨੀ ਸੁਰ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕਰਦੇ ਹਨ। ਇਸ਼ਨਾਨ ਆਦਿ ਦੀ ਸੇਵਾ ਕਰਾਉਣ ਉਪਰੰਤ ਵਿਛਾਈਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ ਸਜਾ ਕੇ ਅਰਦਾਸ ਹੁੰਦੀ ਹੈ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਦੀ ਹੈ।
* ਫਿਰ ਤਿੰਨ-ਪਹਿਰੇ ਦੀ ਚੌਂਕੀ ਦਾ ਕੀਰਤਨ ਆਰੰਭ ਹੁੰਦਾ ਹੈ।
* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਵਿਚਕਾਰਲੀ ਛੱਤ ਅਤੇ ਗੁੰਬਦ ਵਿਚ ਹਰ ਵਕਤ ਅਖੰਡ ਪਾਠ ਸਾਹਿਬ ਚੱਲਦੇ ਹਨ, ਜਿਨ੍ਹਾਂ ਦਾ ਵਾਰੀ ਨਾਲ ਰੋਜ਼ਾਨਾ ਇਕ ਅਖੰਡ ਪਾਠ ਸਾਹਿਬ ਦਾ ਭੋਗ ਪੈਂਦਾ ਹੈ।

*ਪਾਠਕ/ਲੇਖਕ 'ਗੁਰਦੁਆਰਾ ਗਜ਼ਟ' ਲਈ ਰਚਨਾਵਾਂ, ਸਹਾਇਤਾ ਅਤੇ ਸੁਝਾਅ ਹੇਠ ਲਿਖੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ :*

**ਸਕੱਤਰ,**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ-੧੪੩੦੦੬**
**ਫੋਨ : ੦੦੯੧-੧੮੩-੨੫੫੩੯੫੭,੫੮,੫੯**

# ੧੬ ਫਰਵਰੀ ਤੋਂ ੧੫ ਮਾਰਚ ਵਿਚਲੇ ਇਤਿਹਾਸਕ ਦਿਹਾੜੇ

| | | |
|---|---|---|
| ੧੬ ਫਰਵਰੀ | | ਗੁਰਦੁਆਰਿਆਂ ਦੇ ਪ੍ਰਬੰਧ ਸਬੰਧੀ ਕਾਨੂੰਨੀ ਖਰੜਾ ਬਣਾਉਣ ਲਈ ਅੰਗਰੇਜ਼ੀ ਸਰਕਾਰ ਨੇ ਇਕ ਕਮੇਟੀ ਬਣਾਉਣ ਦਾ ਐਲਾਨ ਕੀਤਾ। (੧੬-੨-੧੯੨੧) |
| ੧੭ ਫਰਵਰੀ | | ਸ੍ਰੀ ਮੁਕਤਸਰ ਸਾਹਿਬ ਦੇ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਨੇ ਸੰਭਾਲਿਆ। (੧੭-੨-੧੯੨੩) |
| ੧੮ ਫਰਵਰੀ | | ਗੁਲੇਰ ਦੀ ਜੰਗ ਵਿਚ ਭਾਈ ਲਹਿਣਾ, ਭਾਈ ਸੰਗਤ ਰਾਏ ਤੇ ਭਾਈ ਹਨੂਮੰਤ ਨੇ ਸ਼ਹਾਦਤ ਪ੍ਰਾਪਤ ਕੀਤੀ। (੧੮-੨-੧੬੯੬) |
| ੨੦ ਫਰਵਰੀ | | ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ (ਪਾਕਿਸਤਾਨ) ਵਿਖੇ ਮਹੰਤ ਨਰੈਣੂ ਦੇ ਆਦਮੀਆਂ ਵੱਲੋਂ ਗੋਲੀ ਚਲਾਏ ਜਾਣ ’ਤੇ ੧੫੦ ਦੇ ਕਰੀਬ ਸਿੱਖ ਸ਼ਹੀਦ ਹੋ ਗਏ। ਸ਼ਹੀਦ ਹੋਣ ਵਾਲਿਆਂ ਵਿਚ ਭਾਈ ਲਛਮਣ ਸਿੰਘ ਧਾਰੋਵਾਲੀ, ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ ਆਦਿ ਸ਼ਾਮਲ ਸਨ। (੨੦-੨-੧੯੨੧) |
| ੨੧ ਫਰਵਰੀ | (ੳ) | ਸਰਕਾਰ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਸਿੱਖਾਂ ਨੂੰ ਸੌਂਪ ਦਿੱਤਾ। (੨੧-੨-੧੯੨੧) |
| | (ਅ) | ਜੈਤੋ ਵਿਖੇ ਪੁਲਿਸ ਫੋਰਸ ਵੱਲੋਂ ਸ਼ਹੀਦੀ ਜਥੇ ’ਤੇ ਫਾਇਰਿੰਗ ਦੌਰਾਨ ਲੱਗਭਗ ੧੦੦ ਸਿੰਘ ਸ਼ਹੀਦ ਹੋ ਗਏ ਅਤੇ ੨੦੦ ਦੇ ਕਰੀਬ ਜ਼ਖ਼ਮੀ ਹੋ ਗਏ। (੨੧-੨-੧੯੨੪) |
| | (ੲ) | ਕਨੇਡੀਅਨ ਸ਼ਹੀਦੀ ਜਥੇ ਨੇ ਆਪਣੇ ਆਪ ਨੂੰ ਜੈਤੋ ਵਿਖੇ ਗ੍ਰਿਫਤਾਰੀ ਲਈ ਪੇਸ਼ ਕੀਤਾ। (੨੧-੨-੧੯੨੫) |
| ੨੫ ਫਰਵਰੀ | | ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ ਦਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਨਮ ਹੋਇਆ। (੨੫-੨-੧੬੯੯) |
| ੨੭ ਫਰਵਰੀ | (ੳ) | ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਗੱਦੀ 'ਤੇ ਬਿਰਾਜਮਾਨ ਹੋਏ। (੨੭-੨-੧੬੪੪) |
| | (ਅ) | ਅੰਗਰੇਜ਼ ਹਕੂਮਤ ਨੇ ਛੇ ਬੱਬਰ ਅਕਾਲੀ ਲਾਹੌਰ ਜੇਲ੍ਹ ਵਿਚ ਫਾਹੇ ਲਾ ਕੇ ਸ਼ਹੀਦ ਕਰ ਦਿੱਤੇ। (੨੭-੨-੧੯੨੬) |
| ੩ ਮਾਰਚ | | ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤੀ-ਜੋਤਿ ਸਮਾਏ। (੩-੩-੧੬੪੪) |
| ੫ ਮਾਰਚ | | ਖਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਕੀਤੀ ਗਈ। (੫-੩-੧੮੯੨) |

| | | | |
|---|---|---|---|
| ੬ ਮਾਰਚ | | ੧੯੮ ਸਿੱਖ ਕੈਦੀ ਜੋਧਪੁਰ ਦੀ ਜੇਲ੍ਹ ਤੋਂ ਰਿਹਾਅ ਹੋਏ। | (੬-੩-੧੯੮੯) |
| ੯ ਮਾਰਚ | (ੳ) | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਡੁਮੇਲੀ (ਕਪੂਰਥਲੇ) ਆਏ। | (੯-੩-੧੬੩੮) |
| | (ਅ) | ਸਿੱਖਾਂ ਤੇ ਅੰਗਰੇਜ਼ਾਂ ਦਰਮਿਆਨ ਸੰਧੀ ਹੋਈ। | (੯-੩-੧੮੪੬) |
| ੧੦ ਮਾਰਚ | | ਸੂਬਾ ਲਾਹੌਰ ਦੇ ਮੁਗ਼ਲੀਆ ਸੈਨਾਪਤੀ ਲਖਪਤ ਰਾਏ ਨੇ ਇਕ ਹਜ਼ਾਰ ਤੋਂ ਵੱਧ ਸਿੱਖ ਕਤਲ ਕਰਵਾ ਦਿੱਤੇ, ਭਾਈ ਸਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ ਨੂੰ ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ । | (੧੦-੩-੧੭੪੬) |
| ੧੧ ਮਾਰਚ | | ਸਿੱਖ ਫੌਜਾਂ ਨੇ ਸ. ਜੱਸਾ ਸਿੰਘ ਆਹਲੂਵਾਲੀਆ, ਬਾਬਾ ਬਘੇਲ ਸਿੰਘ ਤੇ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਅਗਵਾਈ ਵਿਚ ਦਿੱਲੀ ਵਿਖੇ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਲਹਿਰਾਇਆ । | (੧੧-੩-੧੭੮੩) |
| ੧੨ ਮਾਰਚ | | ਸ. ਊਧਮ ਸਿੰਘ ਸੁਨਾਮ ਨੇ ਪੰਜਾਬ ਦੇ ਸਾਬਕਾ ਗਵਰਨਰ ਮਾਈਕਲ ਓਡਵਾਇਰ (ਜਲ੍ਹਿਆਂ ਵਾਲਾ ਬਾਗ਼, ਸ੍ਰੀ ਅੰਮ੍ਰਿਤਸਰ ਦੇ ਸਾਕੇ ੧੩-੪-੧੯੧੯ ਦੇ ਦੋਸ਼ੀ) ਨੂੰ ਲੰਡਨ ਵਿਖੇ ਗੋਲੀਆਂ ਮਾਰ ਕੇ ਖ਼ੂਨੀ ਸਾਕੇ ਦਾ ਬਦਲਾ ਲਿਆ। | (੧੨-੩-੧੯੪੦) |
| ੧੪ ਮਾਰਚ | | ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਸ਼ਹੀਦ ਹੋਏ । | (੧੪-੩-੧੮੨੨) |

■

## ਪਾਠਕਾਂ ਦੇ ਧਿਆਨ ਯੋਗ

ਆਪ ਜੀ ਦਾ ਹਰਮਨ ਪਿਆਰਾ ਮਾਸਿਕ ਪਰਚਾ 'ਗੁਰਦੁਆਰਾ ਗਜ਼ਟ' ਨਿਰੰਤਰ ਆਪ ਦੀ ਸੇਵਾ ਵਿਚ ਭੇਜਿਆ ਜਾ ਰਿਹਾ ਹੈ। ਵਧੀਆ ਕਾਗਜ਼ ਤੇ ਰੰਗਦਾਰ ਛਪਾਈ ਕਾਰਨ ਇਸ 'ਤੇ ਕਾਫ਼ੀ ਖਰਚ ਆਉਂਦਾ ਹੈ। ਇਹ ਸਭ ਆਪ ਜੀ ਵੱਲੋਂ ਭੇਜੀ ਜਾਣ ਵਾਲੀ ਯਥਾ-ਸ਼ਕਤਿ ਮਾਇਆ ਨਾਲ ਹੀ ਸੰਭਵ ਹੈ। ਜਿਨ੍ਹਾਂ ਪਾਠਕਾਂ ਦੀ ਸਾਲਾਨਾ ਸਹਾਇਤਾ (ਮਾਇਆ) ਸਮਾਪਤ ਹੋ ਚੁੱਕੀ ਹੈ, ਉਨ੍ਹਾਂ ਨੂੰ ਸਨਿਮਰ ਬੇਨਤੀ ਹੈ ਕਿ ਸਹਾਇਤਾ ਭੇਜਣ/ਜਮ੍ਹਾਂ ਕਰਾਉਣ ਦੀ ਖੇਚਲ ਕਰਨ।

*ਸਹਾਇਤਾ ਬੈਂਕ ਡਰਾਫਟ ਜਾਂ ਮਨੀਆਰਡਰ ਰਾਹੀਂ **ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ** ਦੇ ਪਤੇ 'ਪੁਰ ਭੇਜੀ ਜਾ ਸਕਦੀ ਹੈ। ਇਸ ਤੋਂ ਇਲਾਵਾ ਦਫ਼ਤਰ ਵਿਖੇ ਖਜ਼ਾਨਚੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਗੁਰਮਤਿ ਲਿਟਰੇਚਰ ਹਾਊਸ 'ਤੇ ਨਕਦ ਵੀ ਜਮ੍ਹਾਂ ਕਰਵਾਈ ਜਾ ਸਕਦੀ ਹੈ। **-ਸੰਪਾਦਕ**

**ਗੁਰਬਾਣੀ ਵਿਚਾਰ:**

# ਫਲਗੁਣਿ ਅਨੰਦ ਉਪਾਰਜਨਾ...

**ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥**
**ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥**
**ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥**
**ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥**
**ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥**
**ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥**
**ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥**
**ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥**
**ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥**
**ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥੧੩॥** *(ਪੰਨਾ ੧੩੬)*

ਸਿਆਲੀ ਰੁੱਤ ਦੀ ਕਰੜੀ ਸਰਦੀ ਪਿੱਛੋਂ ਬਹਾਰ ਫਿਰਨ 'ਤੇ ਫੱਗਣ ਦੇ ਮਹੀਨੇ ਵਿਚ ਲੋਕ ਹੋਲੀਆਂ ਦੇ ਰੰਗ-ਤਮਾਸ਼ਿਆਂ ਰਾਹੀਂ ਖ਼ੁਸ਼ੀਆਂ ਮਨਾਉਂਦੇ ਹਨ, ਪਰ ਫੱਗਣ ਵਿਚ (ਉਨ੍ਹਾਂ ਜੀਵ-ਇਸਤਰੀਆਂ ਦੇ ਅੰਦਰ) ਆਤਮਿਕ ਆਨੰਦ ਪੈਦਾ ਹੁੰਦਾ ਹੈ, ਜਿਨ੍ਹਾਂ ਦੇ ਹਿਰਦੇ ਵਿਚ ਸੱਜਣ-ਹਰੀ ਪਰਤੱਖ ਆ ਵੱਸਦਾ ਹੈ, ਪਰਮਾਤਮਾ ਨਾਲ ਮਿਲਣ ਵਿਚ ਸਹਾਇਤਾ ਕਰਨ ਵਾਲੇ ਸੰਤ-ਜਨ ਮਿਹਰ ਕਰਕੇ ਉਨ੍ਹਾਂ ਨੂੰ ਪ੍ਰਭੂ ਨਾਲ ਜੋੜ ਦਿੰਦੇ ਹਨ, ਉਨ੍ਹਾਂ ਦਾ ਹਿਰਦਾ (ਸੇਜ) ਸੁੰਦਰ ਬਣ ਜਾਂਦਾ ਹੈ, ਉਨ੍ਹਾਂ ਨੂੰ ਸਾਰੇ ਹੀ ਸੁਖ ਪ੍ਰਾਪਤ ਹੋ ਜਾਂਦੇ ਹਨ, ਫਿਰ ਦੁੱਖਾਂ ਲਈ (ਉਨ੍ਹਾਂ ਦੇ ਹਿਰਦੇ ਵਿਚ) ਕਿਤੇ ਰਤਾ ਥਾਂ ਨਹੀਂ ਰਹਿ ਜਾਂਦੀ । ਉਨ੍ਹਾਂ ਜੀਵ-ਇਸਤਰੀਆਂ ਦੀ ਮਨੋ-ਕਾਮਨਾ ਪੂਰੀ ਹੋ ਜਾਂਦੀ ਹੈ, ਜਦੋਂ ਉਨ੍ਹਾਂ ਨੂੰ ਹਰੀ-ਪ੍ਰਭੂ ਖਸਮ ਮਿਲ ਪੈਂਦਾ ਹੈ, ਉਹ ਸਤਸੰਗੀ ਸਹੇਲੀਆਂ ਨਾਲ ਰਲ਼ ਕੇ ਗੋਵਿੰਦ ਦੀ ਸਿਫ਼ਤਿ-ਸਾਲਾਹ ਦੇ ਗੀਤ ਅਲਾਪ ਕੇ ਆਤਮਿਕ ਆਨੰਦ ਪੈਦਾ ਕਰਨ ਵਾਲੀ ਗੁਰਬਾਣੀ ਗਾਂਦੀਆਂ ਹਨ। ਪਰਮਾਤਮਾ ਵਰਗਾ ਕੋਈ ਹੋਰ, ਉਸ ਦੀ ਬਰਾਬਰੀ ਕਰ ਸਕਣ ਵਾਲਾ ਕੋਈ ਦੂਜਾ ਉਨ੍ਹਾਂ ਨੂੰ ਕਿਤੇ ਦਿੱਸਦਾ ਹੀ ਨਹੀਂ।

ਉਸ ਪਰਮਾਤਮਾ ਨੇ (ਉਨ੍ਹਾਂ ਸਤ-ਸੰਗੀਆਂ ਦਾ) ਲੋਕ-ਪਰਲੋਕ ਸਵਾਰ ਦਿੱਤਾ ਹੈ, ਉਨ੍ਹਾਂ ਨੂੰ (ਆਪਣੇ ਚਰਨਾਂ ਵਿਚ ਲਿਵ-ਲੀਨਤਾ ਵਾਲੀ) ਐਸੀ ਥਾਂ ਬਖ਼ਸ਼ੀ ਹੈ, ਜੋ ਕਦੇ ਡੋਲਦੀ ਹੀ ਨਹੀਂ। ਪਰਮਾਤਮਾ ਨੇ ਸੰਸਾਰ-ਸਮੁੰਦਰ ਤੋਂ ਉਨ੍ਹਾਂ ਨੂੰ (ਹੱਥ ਦੇ ਕੇ) ਰੱਖ ਲਿਆ ਹੈ, ਜਨਮਾਂ ਦੇ ਗੇੜ ਵਿਚ ਮੁੜ ਉਨ੍ਹਾਂ ਦੀ ਦੌੜ-ਭੱਜ ਨਹੀਂ ਹੁੰਦੀ।

ਹੇ ਨਾਨਕ! (ਆਖ-) ਸਾਡੀ ਇਕ ਜੀਭ ਹੈ, ਪ੍ਰਭੂ ਦੇ ਅਨੇਕਾਂ ਹੀ ਗੁਣ ਹਨ (ਅਸੀਂ ਉਨ੍ਹਾਂ ਨੂੰ ਬਿਆਨ ਕਰਨ ਜੋਗੇ ਨਹੀਂ ਹਾਂ, ਪਰ) ਜਿਹੜੇ ਜੀਵ ਉਸ ਦੀ ਚਰਨੀਂ ਪੈਂਦੇ ਹਨ, (ਉਸ ਦਾ ਆਸਰਾ ਤੱਕਦੇ ਹਨ) ਉਹ (ਸੰਸਾਰ-ਸਮੁੰਦਰ ਤੋਂ) ਤਰ ਜਾਂਦੇ ਹਨ।

ਫੱਗਣ ਦੇ ਮਹੀਨੇ ਵਿਚ (ਹੋਲੀਆਂ ਆਦਿ ਵਿੱਚੋਂ ਅਨੰਦ ਲੱਭਣ ਦੇ ਥਾਂ) ਸਦਾ ਉਸ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ, ਜਿਸ ਨੂੰ (ਆਪਣੀ ਵਡਿਆਈ ਕਰਵਾਉਣ ਦਾ) ਰਤਾ-ਭਰ ਭੀ ਲਾਲਚ ਨਹੀਂ ਹੈ (ਇਸ ਵਿਚ ਸਾਡਾ ਹੀ ਭਲਾ ਹੈ) ॥੧੩॥

■

*ਸੰਪਾਦਕੀ...*

# ਘੱਲੂਘਾਰੇ ਅਤੇ ਮੋਰਚੇ ਸਿੱਖ ਇਤਿਹਾਸ ਦੀ ਗੌਰਵਸ਼ਾਲੀ ਵਿਰਾਸਤ

*ਸੰਸਾਰ ਵਿਚ ਲੱਗਭਗ ਹਰੇਕ ਕੌਮ ਨੂੰ ਸੰਘਰਸ਼ ਕਰਨਾ ਹੀ ਪੈਂਦਾ ਰਿਹਾ ਹੈ, ਪਰ ਸਿੱਖ ਕੌਮ ਦਾ ਸੰਘਰਸ਼ ਨਾਲ ਸਦੀਵੀ ਤੇ ਅਨਿੱਖੜਵਾਂ ਸੰਬੰਧ ਹੈ। ੧੮ਵੀਂ ਸਦੀ ਦੇ ਸਿੱਖ ਇਤਿਹਾਸ ਅੰਦਰ ਦੋ ਅਹਿਮ ਘਟਨਾਵਾਂ ਘਟੀਆਂ ੧੭੪੬ ਈ: ਵਿਚ ਛੋਟਾ ਘੱਲੂਘਾਰਾ ਅਤੇ ੧੭੬੨ ਈ: ਵਿਚ ਕੁੱਪ-ਰੋਹੀੜੇ ਦੇ ਸਥਾਨ ਤੇ ਵੱਡਾ ਘੱਲੂਘਾਰਾ ਵਾਪਰਿਆ ਜਿੰਨਾਂ ਵਿਚ ਇਕ-ਇਕ ਦਿਨ 'ਚ ਹਜ਼ਾਰਾਂ ਸਿੱਖ ਸ਼ਹੀਦ ਹੋਏ। ਇਸੇ ਤਰ੍ਹਾਂ ਗੁਰਧਾਮਾਂ ਦੀ ਰਾਖੀ, ਸਿੱਖ ਸਿਧਾਤਾਂ ਅਤੇ ਅਨਿਆ ਵਿਰੁੱਧ ਸਿੱਖਾਂ ਵੱਲੋਂ ਅਨੇਕਾਂ ਮੋਰਚੇ ਲਾਏ ਗਏ। ਸਿੱਖਾਂ ਦੀਆਂ ਸ਼ਹਾਦਤਾਂ ਦੇ ਗਵਾਹ ਸ਼ਹੀਦੀ ਸਾਕੇ ਅਤੇ ਘੱਲੂਘਾਰੇ ਆਪਣੀ ਵਿਥਿਆ ਆਪ ਬਿਆਨ ਕਰਦੇ ਹਨ। ਅਸੀਂ ਇਥੇ ਫਰਵਰੀ ਮਹੀਨੇ ਆ ਰਹੇ ਅਹਿਮ ਸਿੱਖ ਦਿਹਾੜਿਆਂ ਦੀ ਗੱਲ ਹੀ ਕਰਾਂਗੇ। ਸਿੱਖ ਇਤਿਹਾਸ ਅੰਦਰ ਫਰਵਰੀ ਦਾ ਮਹੀਨਾ ਹਰ ਵਰ੍ਹੇ ਪੰਥਕ ਤੌਰ 'ਤੇ ਹੱਕ-ਸੱਚ ਦੀ ਮੁੜ-ਸਥਾਪਤੀ ਵਾਸਤੇ ਲੜੇ ਬਹੁਤ ਹੀ ਸਖ਼ਤ ਸੰਘਰਸ਼ ਦੀ ਦਾਸਤਾਨ ਯਾਦ ਕਰਾਉਂਦਾ ਹੈ।*

*ਸੰਨ ੧੭੬੨ ਈ. ਵਿਚ ਫਰਵਰੀ ਦੇ ਮਹੀਨੇ ਸਿੱਖ ਕੌਮ 'ਤੇ ਅਫਗਾਨ ਹਮਲਾਵਰ ਅਹਿਮਦ ਸ਼ਾਹ ਅਬਦਾਲੀ ਨੇ ਵੱਡੀ ਗਿਣਤੀ ਵਿਚ ਆਪਣੀਆਂ ਫੌਜਾਂ ਦੁਆਰਾ ਹਮਲਾ ਕਰ ਕੇ ਸਿੱਖ-ਪੰਥ ਦੇ ਵਜੂਦ ਨੂੰ ਮਿਟਾਉਣ ਦਾ ਯਤਨ ਕੀਤਾ। ਮਲੇਰਕੋਟਲੇ ਦੇ ਲਾਗੇ ਕੁੱਪ-ਰੋਹੀੜੇ ਦੇ ਸਥਾਨ ਤੇ ਉਸ ਨੇ ਇਕ ਵੱਡੇ ਸਿੱਖ-ਸਮੂਹ ਨੂੰ ਘੇਰ ਕੇ ਸਿੱਖਾਂ ਦੀ ਨਸਲਕੁਸ਼ੀ ਕਰਨ ਦੀ ਕੋਝੀ ਕਰਤੂਤ ਕੀਤੀ। ਇਸ ਸਿੱਖ ਸਮੂਹ ਵਿਚ ਵੱਡੀ ਗਿਣਤੀ ਵਿਚ ਸਿੱਖ ਔਰਤਾਂ, ਬੱਚੇ ਅਤੇ ਬਜ਼ੁਰਗ ਸ਼ਾਮਲ ਸਨ। ਸਿੰਘਾਂ ਦੀ ਗਿਣਤੀ ਅਬਦਾਲੀ ਦੀਆਂ ਫੌਜਾਂ ਦੀ ਗਿਣਤੀ ਦੇ ਸਾਹਮਣੇ ਬਹੁਤ ਘੱਟ ਸੀ। ਅਬਦਾਲੀ ਅਚਾਨਕ ਤੇਜ਼ੀ ਨਾਲ ਸਿੱਖ ਸਮੂਹ'ਤੇ ਹਮਲਾਵਰ ਹੋਇਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਸਰਦਾਰ ਚੜ੍ਹਤ ਸਿੰਘ ਜਿਹੇ ਸਿੱਖ ਸਰਦਾਰਾਂ ਦੀ ਅਗਵਾਈ ਵਿਚ ਸਿੱਖ ਯੋਧਿਆਂ ਨੇ ਅਬਦਾਲੀ ਦੇ ਹਮਲੇ ਨੂੰ ਠੱਲ੍ਹਣ ਵਾਸਤੇ ਬਹੁਤ ਜ਼ੋਰਦਾਰ ਤੇ ਬੇਮਿਸਾਲ ਜੱਦੋਜਹਿਦ ਕੀਤੀ, ਪਰ ਫਿਰ ਵੀ ਸਿੱਖ ਕੌਮ ਦਾ ਬਹੁਤ ਵੱਢਾ ਨੁਕਸਾਨ ਹੋਇਆ। ਇਸ ਜੰਗ ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਦੇ ੨੨ ਅਤੇ ਸ. ਚੜ੍ਹਤ ਸਿੰਘ ਦੇ ੧੯ ਡੂੰਘੇ ਜ਼ਖ਼ਮ ਲੱਗੇ। ਇਸ ਘੱਲੂਘਾਰੇ ਵਿਚ ਲੱਗਭਗ ਤੀਹ ਹਜ਼ਾਰ ਦੀ ਗਿਣਤੀ ਵਿਚ ਸਿੱਖਾਂ ਨੇ ਸ਼ਹਾਦਤਾਂ ਪ੍ਰਾਪਤ ਕੀਤੀਆਂ।*

*ਫਰਵਰੀ ਮਹੀਨੇ ਦੀ ਦੂਜੀ ਵੱਡੀ ਘਟਨਾ ਸਾਕਾ ਨਨਕਾਣਾ ਸਾਹਿਬ ਹੈ। ਸਿੱਖ ਪੰਥ ਗੁਰੂ ਅਸਥਾਨਾ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰ ਕਰਦਾ ਹੈ। ਪਰ ਸਿੱਖ-ਪੰਥ ਦੇ ਜਾਨਾਂ ਤੋਂ ਪਿਆਰੇ ਗੁਰਦੁਆਰੇ ਸਾਹਿਬਾਨ ਦੀ ਪਵਿੱਤਰਤਾ ਨੂੰ ਭੰਗ ਕਰਨ ਦੇ ਕੋਝੇ ਯਤਨ ਹੋ ਰਹੇ ਸਨ। ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਮਹੰਤਾਂ ਪਾਸ ਸੀ। ਗੁਰਦੁਆਰਿਆਂ ਦਾ ਸੁਚੱਜਾ ਪ੍ਰਬੰਧ ਕਰਨ ਦੀ ਬਜਾਏ ਮਹੰਤ ਐਸ਼ਪ੍ਰਸਤੀ ਕਰ ਰਹੇ ਸਨ। ਮਹੰਤਾਂ ਦੀਆਂ ਕਰਤੂਤਾਂ ਸਿੱਖ ਸੰਗਤ ਦੇ ਜਜ਼ਬਾਤਾਂ ਨੂੰ ਜ਼ੋਰਦਾਰ ਠੇਸ ਲਾ ਰਹੀਆਂ ਸਨ। ਨਨਕਾਣਾ ਸਾਹਿਬ ਦਾ ਮਹੰਤ ਨਰੈਣ*

ਦਾਸ ਵੀ ਇਖਲਾਕ ਤੋਂ ਗਿਰ ਚੁੱਕਿਆ ਸੀ। ਜਦੋਂ ਸਿੱਖ ਸੰਗਤ ਨੇ ਉਸ ਦੇ ਨਾਪਾਕ ਹੱਥਾਂ 'ਚੋਂ ਪ੍ਰਬੰਧ ਖੋਹ ਕੇ ਸਿੱਖ-ਪੰਥ ਦੇ ਹੱਥ ਵਿਚ ਦੇਣ ਦਾ ਬੀੜਾ ਚੁੱਕਿਆ ਤਾਂ ਉਸ ਸਮੇਂ ਦੇ ਹਾਕਮਾਂ ਦੀ ਸ਼ਹਿ ਨਾਲ ਉਸ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੀ ਹਦੂਦ ਵਿਚ ਗੁੰਡੇ ਬਦਮਾਸ਼ ਰੱਖ ਲਏ। ਮਹੰਤ ਨਰੈਣ ਦਾਸ ਨੇ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਵਿਚ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਲੈਣ ਲਈ ਸ਼ਾਂਤਮਈ ਰਹਿਣ ਦਾ ਪ੍ਰਣ ਕਰ ਕੇ ਗਏ ਜਥੇ ਨੂੰ ਬੰਦੂਕਾਂ, ਛਵ੍ਹੀਆਂ ਤੇ ਗੰਡਾਸਿਆਂ ਨਾਲ ਹਮਲਾ ਕਰ ਕੇ ਸ਼ਹੀਦ ਕਰ ਦਿੱਤਾ। ਇਹ ਘਟਨਾ ੨੦ ਫਰਵਰੀ ੧੯੨੧ ਨੂੰ ਵਾਪਰੀ। ਇਸ ਸਾਕੇ ਵਿਚ ਸੈਂਕੜੇ ਸਿੱਖ ਸ਼ਹੀਦ ਹੋਏ ਪਰ ਓੜਕ ਨੂੰ ਤਤਕਾਲੀ ਹਕੂਮਤ ਨੂੰ ਸਿੱਖੀ ਸਿਦਕ ਅੱਗੇ ਝੁਕਣਾ ਪਿਆ ਤੇ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਸਿੱਖਾਂ ਦੇ ਆਪਣੇ ਹੱਥਾਂ ਵਿਚ ਆ ਗਿਆ।

ਫਰਵਰੀ ਮਹੀਨੇ ਦੀ ਤੀਸਰੀ ਵੱਡੀ ਘਟਨਾ ਜੈਤੋ ਦਾ ਮੋਰਚਾ ਹੈ। ਉਸ ਸਮੇਂ ਅੰਗਰੇਜ਼ ਸਰਕਾਰ ਵੱਲੋਂ ਗੁਰਦੁਆਰਾ ਸ੍ਰੀ ਗੰਗਸਰ ਜੈਤੋ ਵਿਖੇ ਨਜਾਇਜ਼ ਦਖਲਅੰਦਾਜ਼ੀ ਕੀਤੀ ਜਾ ਰਹੀ ਸੀ ਜਿਸ ਦੇ ਪ੍ਰਤੀਕਰਮ ਵਜੋਂ ਜੈਤੋ ਦਾ ਮੋਰਚਾ ਲੱਗਾ। ਸਿੱਖ ਨਾਭੇ ਦੇ ਸਿੱਖ ਰਾਜੇ, ਸ. ਰਿਪੁਦਮਨ ਸਿੰਘ ਨਾਲ ਹੋ ਰਹੇ ਰਾਜਨੀਤਿਕ ਪੱਧਰ 'ਤੇ ਅਨਿਆਂ ਦੇ ਖਿਲਾਫ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟ ਕਰ ਰਹੇ ਸਨ। ਇਸ ਸਮੇਂ ਸੰਗਤਾਂ ਨੇ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਸ਼ਾਂਤਮਈ ਸੰਘਰਸ਼ ਕੀਤਾ। ਇਹ ਸੰਘਰਸ਼ ਬਹੁਤ ਲੰਮਾ ਹੋ ਗਿਆ। ਸਮੇਂ ਦੀ ਸਰਕਾਰ ਨੇ ਇਸ ਸੰਘਰਸ਼ ਨੂੰ ਨਾਕਾਮ ਕਰਨ ਵਾਸਤੇ ਹਰੇਕ ਪੈਂਤੜਾ ਵਰਤਿਆ ਪਰ ਓੜਕ ਸਿੱਖੀ ਸਿਦਕ ਅੱਗੇ ਸਰਕਾਰ ਨੂੰ ਝੁਕਣਾ ਪਿਆ। ਇਸ ਇਤਿਹਾਸਕ ਸਿੱਖ ਸੰਘਰਸ਼ ਵਿਚ ਸਿੱਖਾਂ ਦਾ ਸਮਰਥਨ ਗੈਰ-ਸਿੱਖ ਰਾਜਨੀਤਿਕ ਆਗੂਆਂ ਨੇ ਵੀ ਕੀਤਾ। ੨੧ ਫਰਵਰੀ ੧੯੨੪ ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਤੋਂ ਜੈਤੋ ਵਿਖੇ ਪਹੁੰਚੇ ੫੦੦ ਸਿੰਘਾਂ ਦੇ ਸ਼ਹੀਦੀ ਜਥੇ ਉਪਰ ਪੁਲਸ ਨੇ ਗੋਲੀਆਂ ਚਲਾ ਕੇ ਵੱਡਾ ਕਾਂਡ ਵਰਤਾਇਆ ਜਿਸ ਵਿਚ ੧੦੦ ਦੇ ਕਰੀਬ ਸਿੰਘ ਸ਼ਹੀਦ ਅਤੇ ੨੦੦ ਦੇ ਕਰੀਬ ਸਿੰਘ ਫੱਟੜ ਹੋਏ। ਇਸ ਮਗਰੋਂ ਲੱਗਭਗ ਡੇਢ ਸਾਲ ਸਿੱਖ ਕੌਮ ਨੂੰ ਸੰਘਰਸ਼ 'ਚੋਂ ਗੁਜ਼ਰਨਾ ਪਿਆ। ਅਖੀਰ ੨੨ ਜੁਲਾਈ ੧੯੨੫ ਈ. ਨੂੰ ਸਰਕਾਰ ਨੇ ਗੋਡੇ ਟੇਕ ਦਿੱਤੇ। ਗੁਰਦੁਆਰਾ ਗੰਗਸਰ ਵਿਖੇ ਸਰਕਾਰ ਦੁਆਰਾ ਸ੍ਰੀ ਅਖੰਡ ਪਾਠ ਸਾਹਿਬ 'ਤੇ ਲਾਈ ਗਈ ਪਾਬੰਦੀ ਹਟਾਉਣ ਦੇ ਐਲਾਨ ਨਾਲ ਸ੍ਰੀ ਅਖੰਡ ਪਾਠ ਸਾਹਿਬ ਸੰਪੂਰਨ ਕਰਦੇ ਹੋਇਆਂ ਜੈਤੋ ਦੇ ਮੋਰਚੇ ਨੂੰ ਫਤਹਿ ਕੀਤਾ ਗਿਆ।

ਸਿੱਖ ਪੰਥ ਦਾ ਘੱਲੂਘਾਰਿਆਂ ਅਤੇ ਮੋਰਚਿਆਂ ਨਾਲ ਭਰਪੂਰ ਗੌਰਵਸ਼ਾਲੀ ਇਤਿਹਾਸ ਸਾਨੂੰ ਵਰਤਮਾਨ ਵਿਚ ਵੀ ਹਰ ਪ੍ਰਕਾਰ ਦੇ ਸਮਕਾਲੀ ਜ਼ੁਲਮ, ਜਬਰ ਤੇ ਅਨਿਆਂ ਵਿਰੁੱਧ ਅੜਨ, ਲੜਨ ਤੇ ਹੱਕ-ਸੱਚ ਦੀ ਸਥਾਪਤੀ ਲਈ ਤਨਦੇਹੀ ਨਾਲ ਯਤਨਸ਼ੀਲ ਹੋਣ ਵਾਸਤੇ ਪ੍ਰੇਰਨਾ ਬਖਸ਼ਦਾ ਹੈ। ਇਸ ਤਰ੍ਹਾਂ ਇਤਿਹਾਸ ਨੂੰ ਚੇਤਿਆਂ 'ਚ ਵਸਾ ਕੇ ਕੌਮੀ ਕਾਰਜ਼ਾਂ ਲਈ ਇਕਜੁੱਟ ਹੋ ਕੇ ਤਤਪਰ ਤੇ ਕਾਰਜਸ਼ੀਲ ਰਹਿਣਾ ਚਾਹੀਦਾ ਹੈ।

ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਘੱਲੂਘਾਰਿਆਂ ਨੂੰ ਇਤਿਹਾਸਕ ਪੱਖ ਤੋਂ ਵਿਰਾਸਤੀ ਤੌਰ ਤੇ ਸੰਭਾਲਣ ਲਈ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਪੂਰਾ ਯਤਨ ਕੀਤਾ ਹੈ ਅਤੇ ਸਿੱਖ ਇਤਿਹਾਸ ਨਾਲ ਸੰਬੰਧਤ ਯਾਦਗਾਰਾਂ ਦੀ ਉਸਾਰੀ ਕਰਵਾਈ ਹੈ।

**-ਦਿਲਜੀਤ ਸਿੰਘ 'ਬੇਦੀ'**

# ਵੱਡਾ ਘੱਲੂਘਾਰਾ: ਖਾਲਸੇ ਦੀ ਚੜ੍ਹਦੀ ਕਲਾ ਦੀ ਗਾਥਾ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਦੁਨੀਆਂ ਵਿਚ ਜਿੱਧਰ ਕਿਧਰੇ ਵੀ ਇਨਕਲਾਬ ਆਇਆ ਹੈ, ਭਾਵੇਂ ਇਹ ਰਾਜਨੀਤਿਕ, ਆਰਥਿਕ, ਸਭਿਆਚਾਰਕ ਜਾਂ ਧਾਰਮਿਕ ਸੀ ਹਰ ਵਾਰ ਇਨਕਲਾਬੀਆਂ ਨੂੰ ਬਹੁਤ ਕੁਰਬਾਨੀਆਂ ਕਰਨੀਆਂ ਪਈਆਂ ਹਨ। ਦੁਨੀਆ ਵਿਚ ਮੁਕੰਮਲ ਇਨਕਲਾਬ ਜੇਕਰ ਕੋਈ ਆਇਆ ਤਾਂ ਉਹ ਸਿੱਖ ਇਨਕਲਾਬ ਸੀ। ਇਸ ਇਨਕਲਾਬ ਦਾ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੰਨ੍ਹਿਆ ਅਤੇ ਇਸ ਇਨਕਲਾਬ ਲਈ ਸਿੱਖ ਫ਼ਿਲਾਸਫ਼ੀ ਜਿਸ ਨੂੰ ਗੁਰਮਤਿ ਵਿਚਾਰਧਾਰਾ ਕਿਹਾ ਜਾਂਦਾ ਹੈ, ਪ੍ਰਦਾਨ ਕੀਤੀ ਅਤੇ ਇਹ ਵਿਚਾਰਧਾਰਾ ਜੀਵਨ ਵਿਚ ਢਾਲ ਕੇ ਲੋਕਾਂ ਸਾਹਮਣੇ ਅਮਲੀ ਰੂਪ ਵਿਚ ਪੇਸ਼ ਕੀਤੀ। ਇਹ ਵਿਚਾਰਧਾਰਾ ਸੀ ਇਕ ਨਵਾਂ ਸਮਾਜ ਸਿਰਜਣ ਦੀ, ਇਕ ਨਵੀਂ ਆਰਥਿਕ ਪ੍ਰਣਾਲੀ ਵਿਕਸਤ ਕਰਨ ਦੀ, ਇਕ ਸਰਬ-ਪ੍ਰਵਾਨਿਤ ਅਤੇ ਸਰਬ-ਕਲਿਆਣੀ ਧਰਮ ਪੇਸ਼ ਕਰਨ ਦੀ ਅਤੇ ਇਕ ਹਲੇਮੀ ਰਾਜ ਸਥਾਪਤ ਕਰਨ ਦੀ ਅਰਥਾਤ ਲੋਕਾਂ ਨੂੰ ਨਾਮ ਜਪਣ, ਕਿਰਤ ਕਰਨ, ਵੰਡ ਛਕਣ, ਸਵੈਮਾਣ, ਚੜ੍ਹਦੀ ਕਲਾ, ਸਾਂਝੀਵਾਲਤਾ, ਤਿਆਗਸ਼ੀਲਤਾ ਅਤੇ ਸੰਜਮ ਨਾਲ ਜੀਵਨ ਜੀਉਣ ਦੀ ਜੁਗਤਿ।

ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਨੇ ਮਹਾਨ ਲਾਮਿਸਾਲ ਕੁਰਬਾਨੀਆਂ ਕੀਤੀਆਂ। ਇਤਨੀ ਛੋਟੀ ਉਮਰ ਅਤੇ ਗਿਣਤੀ ਦੇ ਬਾਵਜੂਦ ਜੋ ਕੁਰਬਾਨੀਆਂ ਸਿੱਖ ਕੌਮ ਨੇ ਕੀਤੀਆਂ ਉਸ ਦੀ ਮਿਸਾਲ ਕਿਤੇ ਵੀ ਨਹੀਂ ਮਿਲਦੀ, ਦੇਗਾਂ ਵਿਚ ਉਬਲਣ ਦੀ, ਆਰਿਆਂ ਨਾਲ ਚੀਰੇ ਜਾਣ ਦੀ, ਜਿਉਂਦੇ-ਜੀਅ ਭੱਠਾਂ ਵਿਚ ਝੋਕੇ ਜਾਣ ਦੀ, ਤੱਤੀਆਂ ਤਵੀਆਂ ਉੱਤੇ ਬੈਠਣ ਦੀ, ਰੰਬੀਆਂ ਨਾਲ ਖੋਪਰ ਲੁਹਾਉਣ ਦੀ, ਬੰਦ-ਬੰਦ ਕਟਵਾਉਣ ਆਦਿ ਦੀ।

ਇਸ ਤਰ੍ਹਾਂ ਜੋ ਜੰਗ-ਯੁੱਧ ਖਾਲਸਾ ਪੰਥ ਉੱਤੇ ਠੋਸੇ ਗਏ ਉਨ੍ਹਾਂ ਵਿਚ ਜੋ ਜੌਹਰ ਖਾਲਸੇ ਨੇ ਵਿਖਾਏ ਉਨ੍ਹਾਂ ਦੀ ਮਿਸਾਲ ਦੁਨੀਆ ਦੇ ਜੰਗਾਂ-ਯੁੱਧਾਂ ਵਿਚ ਕਿਧਰੇ ਨਹੀਂ ਮਿਲਦੀ। ਖਾਲਸੇ ਦੀ ਇਹ ਵੀ ਵਿਲੱਖਣਤਾ ਰਹੀ ਕਿ ਉਹ ਆਪ ਕਦੇ ਖੁਦ ਹਮਲਾਵਰ ਨਹੀਂ ਹੋਇਆ। ਉਸ ਨੇ ਆਪਣੇ ਉੱਤੇ ਕੀਤੇ ਗਏ ਹਮਲਿਆਂ ਦਾ ਮੂੰਹ- ਤੋੜ ਜਵਾਬ ਜ਼ਰੂਰ ਦਿੱਤਾ।

ਚਮਕੌਰ ਦੀ ਗੜ੍ਹੀ ਅਤੇ ਖਿਦਰਾਣੇ ਦੀ ਢਾਬ ਦੀਆਂ ਅਸਾਵੀਆਂ ਅਤੇ ਬੇਜੋੜ ਜੰਗਾਂ ਵਿਚ ਜਿੱਥੇ ੪੦-੪੦ ਸਿੰਘਾਂ ਨੇ ਦੁਸ਼ਮਣ ਦੇ ਮੁਲਖਈਏ ਦਾ ਪੂਰੀ ਸ਼ਕਤੀ ਅਤੇ ਚੜ੍ਹਦੀ ਕਲਾ ਨਾਲ ਟਾਕਰਾ ਕੀਤਾ ਅਤੇ ਜੇਤੂ ਹੋ ਕੇ ਨਿਕਲੇ, ਇਹ ਮਿਸਾਲ ਕਿਧਰੇ ਨਹੀਂ ਮਿਲਦੀ। ਇਸ ਤਰ੍ਹਾਂ ਇਹ ਵੀ ਖਾਲਸੇ ਦੀ ਵਿਲੱਖਣਤਾ ਸੀ ਕਿ ਬਹੁਤ ਵੱਡੇ ਜਾਨੀ ਤੇ ਮਾਲੀ ਨੁਕਸਾਨ ਹੋਣ ਉੱਤੇ ਵੀ ਖਾਲਸਾ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿਚ ਰਿਹਾ। ੧੭੪੬ ਈ. ਦਾ ਕਾਹਨੂੰਵਾਨ ਛੰਭ ਦਾ ਛੋਟਾ ਘੱਲੂਘਾਰਾ ਇਸ ਦੀ ਇਕ ਪ੍ਰਤੱਖ ਮਿਸਾਲ ਹੈ ਪਰੰਤੂ ੧੭੬੨ ਈ. ਦਾ ਕੁੱਪ ਰੋਹੀੜੇ ਦਾ ਵੱਡਾ ਘੱਲੂਘਾਰਾ ਜਿਸ ਵਿਚ ਤਕਰੀਬਨ ੩੦ ਹਜ਼ਾਰ ਸਿੰਘ, ਸਿੰਘਣੀਆਂ ਅਤੇ ਬੱਚੇ ਸ਼ਹੀਦ ਹੋਏ, ਆਪਣੇ ਆਪ ਵਿਚ ਅੱਜ ਤੀਕ ਇਕ ਅਸਚਰਜ ਕਰਨ ਵਾਲੀ ਇਤਿਹਾਸਿਕ ਘਟਨਾ ਹੈ। ਇਕ ਦਿਨ ਵਿਚ ਏਡਾ ਵੱਡਾ ਜਾਨੀ ਮਾਲੀ ਨੁਕਸਾਨ ਹੋ ਜਾਣ ਉਪਰੰਤ ਵੀ ਖਾਲਸੇ ਨੇ ਜੋ ਚੜ੍ਹਦੀ ਕਲਾ, ਦ੍ਰਿੜ੍ਹਤਾ ਅਤੇ 'ਨਿਸਚੈ ਕਰਿ ਅਪੁਨੀ ਜੀਤ ਕਰੋਂ' ਦਾ ਜਿਹੜਾ ਸਬੂਤ ਦਿੱਤਾ

*ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਉਹ ਦੁਨੀਆ ਦੀ ਕੋਈ ਕੌਮ ਜਾਂ ਵੱਡੇ-ਵੱਡੇ ਜਰਨੈਲ ਸਿਕੰਦਰ ਮਹਾਨ, ਨੈਪੋਲੀਅਨ ਬੋਨਾਪਾਰਟ, ਹਿਟਲਰ ਆਦਿ ਵਰਗੇ ਵੀ ਨਹੀਂ ਦੇ ਸਕੇ ਅਤੇ ਇਹ ਸਭ ਹੀ ਹਾਰ ਕੇ ਗਏ ਪਰੰਤੂ ਖਾਲਸਾ ਜੇਤੂ ਹੋ ਕੇ ਨਿਕਲਿਆ।

ਵੱਡੇ ਘੱਲੂਘਾਰੇ ਵਿਚ ਅਬਦਾਲੀ ਦੀਆਂ ਫੌਜਾਂ, ਮਲੇਰਕੋਟਲੇ ਦੀਆਂ ਫੌਜਾਂ, ਰਾਏਕੋਟੀਏ ਦੀਆਂ ਫੌਜਾਂ, ਸਰਹਿੰਦ ਦੀਆਂ ਫੌਜਾਂ ਵੱਲੋਂ ਇੱਕੋ ਸਮੇਂ ਖਾਲਸੇ ਨੂੰ ਘੇਰਾ ਘੱਤ ਕੇ ਮੁਕੰਮਲ ਰੂਪ ਵਿਚ ਖ਼ਤਮ ਕਰਨ ਦੀ ਸਾਜ਼ਿਸ਼ ਸੀ ਪਰੰਤੂ ਖਾਲਸਾ ਪੰਥ ਨੇ ਸੁਲਤਾਨ-ਉਲ-ਕੌਮ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਜਿਸ ਤਰ੍ਹਾਂ ਸੂਰਬੀਰਤਾ ਦੇ ਜੌਹਰ ਵਿਖਾਏ, ਉਨ੍ਹਾਂ ਨੂੰ ਪੜ੍ਹ-ਸੁਣ ਕੇ ਵੱਡੇ-ਵੱਡੇ ਇਤਿਹਾਸਕਾਰ ਯੋਧੇ ਜਰਨੈਲ ਸੁੰਨ ਹੋ ਜਾਂਦੇ ਹਨ। ਇਹ ਜੰਗ ਰੋਹੀੜਾ, ਕੁਤਬਾ ਬਾਹਮਣੀਆਂ ਅਤੇ ਗਹਿਲ ਪਿੰਡਾਂ ਦੀ ਸਰਜ਼ਮੀਨ ਉੱਤੇ ਹੋਈ। ੩੦,੦੦੦ ਸ਼ਹੀਦੀਆਂ ਹੋ ਜਾਣ ਤੋਂ ਬਾਅਦ ਵੀ ਜਿਸ ਤਰ੍ਹਾਂ ਖਾਲਸੇ ਨੇ ਮੁਗ਼ਲ ਮੁਲਖਲੀਏ ਉੱਤੇ ਹਮਲਾ ਕੀਤਾ, ਦੁਸ਼ਮਣ ਦੇ ਪੈਰ ਹੀ ਨਹੀਂ ਉਖਾੜੇ ਸਗੋਂ ਭਜਾ-ਭਜਾ ਕੇ ਸਤਲੁਜ ਦਰਿਆ ਤੋਂ ਪਰ੍ਹੇ ਧਕੇਲ ਦਿੱਤਾ।

ਸਿੱਖਾਂ ਦੀ ਵਧਦੀ ਤਾਕਤ ਤੋਂ ਘਬਰਾਇਆ ਅਤੇ ਸਥਾਨਕ ਹਾਕਮਾਂ ਦਾ ਭੜਕਾਇਆ ਅਹਿਮਦ ਸ਼ਾਹ ਅਬਦਾਲੀ ਇਕ ਲੱਖ ਦਾ ਵੱਡਾ ਲਸ਼ਕਰ ਲੈ ਕੇ ੧੭੬੨ ਈ. ਵਿਚ ਪੰਜਾਬ ਪਹੁੰਚਿਆ। ਸਿੱਖਾਂ ਦੇ ਜਥਿਆਂ ਨੇ ਲੁਧਿਆਣੇ ਕੋਲ ਕੁੱਪ ਰੋਹੀੜਾ ਦੇ ਮੈਦਾਨਾਂ ਵਿਚ ਵਹੀਰ ਸਮੇਤ ਡੇਰੇ ਲਾਏ ਹੋਏ ਸਨ। ਉਨ੍ਹਾਂ ਵਿਚ ਬਾਲ-ਬੱਚੇ, ਇਸਤਰੀਆਂ ਤੇ ਬਿਰਧ ਵਿਅਕਤੀ ਵੀ ਸਨ। ਅਹਿਮਦ ਸ਼ਾਹ ਨੇ ਸਿੱਖਾਂ ਦੇ ਦਲ 'ਤੇ ਅਚਾਨਕ ਹਮਲਾ ਕਰ ਦਿੱਤਾ। ਸਿੱਖਾਂ ਨੇ ਵਹੀਰ ਨੂੰ ਮਾਲਵੇ ਵੱਲ ਤੋਰ ਦਿੱਤਾ ਤੇ ਆਪ ਦੁਸ਼ਮਣ ਨਾਲ ਜੰਗ ਕਰਨ ਲੱਗੇ। ਸਿੱਖ ਜੰਗ ਕਰਦੇ ਹੋਏ ਆਪਣੇ ਵਹੀਰ ਵੱਲ ਵਧ ਰਹੇ ਸਨ। ਇਸ ਵੇਲੇ ਇਕ ਪਾਸਿਓਂ ਸਰਹਿੰਦ ਦਾ ਸੂਬਾ ਜੈਨ ਖਾਂ, ਦੂਜੇ ਪਾਸਿਓਂ ਮਲੇਰਕੋਟਲੇ ਦਾ ਨਵਾਬ ਭੀਖਨ ਖਾਂ ਅਤੇ ਰਾਏਕੋਟ ਦਾ ਦੀਵਾਨ ਲਛਮੀ ਸਹਾਏ ਆਪਣੀ-ਆਪਣੀ ਫੌਜ ਤੇ ਹੋਰ ਬੇਸ਼ੁਮਾਰ ਦੇਸੀ ਮੁਸਲਮਾਨ ਲੈ ਕੇ ਆ ਪਹੁੰਚੇ। ਸਿੱਖ ਚਾਰੇ ਪਾਸਿਉਂ ਘਿਰ ਗਏ ਸਨ। ਉਨ੍ਹਾਂ ਨੇ ਜਾਨ ਤਲੀ 'ਤੇ ਰੱਖ ਕੇ ਲੜਨਾ ਸ਼ੁਰੂ ਕਰ ਦਿੱਤਾ। ਸਰਦਾਰ ਜੱਸਾ ਸਿੰਘ, ਸਰਦਾਰ ਬਘੇਲ ਸਿੰਘ, ਸ਼ੁਕਰਚੱਕੀਏ, ਡੱਲੇਵਾਲੀਏ ਤੇ ਨਿਸ਼ਾਨਵਾਲੀਏ ਸਰਦਾਰ ਆਪਣੇ-ਆਪਣੇ ਜਥਿਆਂ ਨੂੰ ਹੱਲਾ-ਸ਼ੇਰੀ ਦੇ ਕੇ ਲੜਾਉਣ ਲੱਗੇ। ਅਲੀ ਅਜ਼ਾਦ ਬਿਲਗਰਾਮੀ ਦੀ ਲਿਖਤ 'ਖਜ਼ਾਨਾ-ਇ-ਅਮੀਰਾਂ' ਅਨੁਸਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਇਸ ਜੰਗ ਵਿਚ ਅਹਿਮਦ ਸ਼ਾਹ ਅਬਦਾਲੀ ਨੂੰ ਸਾਹਮਣੇ ਹੋ ਕੇ ਲੜਨ ਲਈ ਵੰਗਾਰਿਆ ਪਰ ਉਸ ਦੀ ਅੱਗੋਂ ਹਿੰਮਤ ਨਾ ਪਈ। ਕੁਤਬਾ ਬਾਹਮਣੀ ਦੇ ਕੋਲ ਸਿੰਘ ਜਦੋਂ ਪੂਰੀ ਤਰ੍ਹਾਂ ਗਹਿਗੱਚ ਲੜਾਈ ਵਿਚ ਉਲਝੇ ਹੋਏ ਸਨ ਉਦੋਂ ਅਹਿਮਦ ਸ਼ਾਹ ਨੇ ਧੋਖਾ ਦੇ ਕੇ ਅੱਗੇ ਜਾ ਰਹੇ ਵਹੀਰ 'ਤੇ ਹਮਲਾ ਕਰ ਦਿੱਤਾ ਅਤੇ ਤੇਜ਼ੀ ਨਾਲ ਸਿੱਖ ਬੱਚਿਆਂ ਤੇ ਇਸਤਰੀਆਂ ਨੂੰ ਕਤਲ ਕਰਨ ਲੱਗਿਆ। ਸਰਦਾਰਾਂ ਨੂੰ ਜਦੋਂ ਪਤਾ ਲੱਗਿਆ ਤਾਂ ਉਹ ਵੀ ਸਿੰਘਾਂ ਨੂੰ ਨਾਲ ਲੈ ਕੇ ਵਹੀਰਾਂ ਦੀ ਰਾਖੀ ਲਈ ਆ ਪਹੁੰਚੇ। ਹੁਣ ਉਹ ਵਹੀਰ ਦੇ ਆਲੇ-ਦੁਆਲੇ ਹੋ ਕੇ ਮਨੁੱਖੀ ਕਿਲ੍ਹੇ ਦੀ ਸ਼ਕਲ ਬਣਾ ਕੇ ਲੜਨ ਲੱਗੇ। ਸ਼ਾਮ ਹੋਣ ਤਕ ਬਹੁਤ ਸਾਰੇ ਸਿੱਖ ਸ਼ਹੀਦ ਹੋ ਚੁੱਕੇ ਸਨ। ਦਸ ਮੀਲ ਦੇ ਘੇਰੇ ਵਿਚ ਲੋਥਾਂ ਹੀ ਲੋਥਾਂ ਪਈਆਂ ਸਨ। ਅਨੇਕਾਂ ਜ਼ਖ਼ਮੀ ਹੋਏ ਪਏ ਸਨ। ਸਿੱਖਾਂ ਦਾ ਇੰਨਾ ਜਾਨੀ ਨੁਕਸਾਨ ਕਿਸੇ ਵੀ ਜੰਗ ਵਿਚ ਨਹੀਂ ਸੀ ਹੋਇਆ ਪਰ ਉਹ ਰੱਬ ਦੇ ਭਾਣੇ ਅਤੇ ਚੜ੍ਹਦੀ ਕਲਾ ਵਿਚ ਸਨ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ ਉੱਤੇ ੨੦ ਤੋਂ ਵੱਧ ਟੱਕ (ਜ਼ਖ਼ਮ) ਲੱਗੇ ਹੋਏ ਸਨ।

ਰਹਰਾਸਿ ਦੇ ਪਾਠ ਤੋਂ ਬਾਅਦ ਖਾਲਸੇ ਨੇ ਰੋਜ਼ ਦੀ ਤਰ੍ਹਾਂ ਅਰਦਾਸ ਕੀਤੀ ਤੇ ਰੱਬ ਦਾ ਸ਼ੁਕਰ ਕਰਦੇ ਹੋਏ ਕਿਹਾ ਕਿ ਚਾਰ ਪਹਿਰ ਦਿਨ ਆਪ ਦੇ ਭਾਣੇ ਵਿਚ ਬਤੀਤ ਹੋਇਆ ਹੈ ਤੇ ਚਾਰ ਪਹਿਰ ਰਾਤ ਸੁਖਾਂ ਦੀ ਬਤੀਤ ਹੋਵੇ। ਪਰ ਉਹ ਰਾਤ ਕਹਿਰ ਦੀ ਰਾਤ ਸੀ। ਚਾਰ-ਚੁਫੇਰੇ ਦੁਸ਼ਮਣ ਡੇਰੇ ਲਾਈ ਬੈਠੇ ਸਨ। ਸਿੰਘਾਂ ਨੂੰ ਨੀਂਦ ਕਿਵੇਂ ਆ ਸਕਦੀ ਸੀ? ਸਿੰਘਾਂ ਨੇ ਗੁਰਮਤਾ ਕੀਤਾ ਕਿ ਬਚਾਅ ਦਾ ਹੁਣ ਇੱਕੋ ਹੀ ਢੰਗ ਹੈ ਕਿ ਅਬਦਾਲੀ 'ਤੇ ਇੱਕੋ ਵਾਰ ਤਕੜਾ ਹਮਲਾ ਬੋਲਿਆ ਜਾਵੇ। ਇਹ ਦਲੇਰੀ ਦੀ ਅਸਚਰਜ ਕਰਨ ਵਾਲੀ ਦਾਸਤਾਨ ਸੀ। ਅਹਿਮਦ ਸ਼ਾਹ ਅਬਦਾਲੀ

ਆਪਣਾ ਜ਼ੋਰ ਲਾ ਬੈਠਾ ਸੀ ਅਤੇ ਉਸ ਦੀ ਫੌਜ ਲੰਬਾ ਸਫ਼ਰ ਕਰਨ ਕਰਕੇ ਥੱਕੀ ਹੋਈ ਸੀ। ਉਹ ਸਿੰਘਾਂ ਦੇ ਹਮਲੇ ਦੀ ਤਾਬ ਨਾ ਝੱਲਦਾ ਹੋਇਆ ਪਿੱਛੇ ਨੂੰ ਉੱਠ ਨੱਠਿਆ।

ਹਿੰਦੁਸਤਾਨ ਦੀ ਧਰਤੀ ਹਜ਼ਾਰਾਂ ਸਾਲਾਂ ਤੋਂ ਬਦੇਸ਼ੀ ਹਮਲਾਵਰਾਂ ਦੇ ਪੈਰਾਂ ਥੱਲੇ ਕੁਚਲੀ ਜਾਂਦੀ ਰਹੀ ਹੈ। ੬ਵੀਂ ਸਦੀ ਪੂਰਵ ਈਸਵੀ ਤੋਂ ਹੀ ਇਸ ਉੱਤੇ ਬਦੇਸ਼ੀਆਂ ਦੇ ਹਮਲੇ ਸ਼ੁਰੂ ਹੋ ਗਏ ਸਨ। ਸਿਕੰਦਰ ਨੇ ੩੨੬ ਪੂਰਵ ਈਸਵੀ ਵਿਚ ਹਮਲਾ ਕੀਤਾ ਤੇ ਪੋਰਸ ਨੂੰ ਹਰਾ ਦਿੱਤਾ ਸੀ। ਦੂਜੀ ਸਦੀ ਪੂਰਵ ਈਸਵੀ ਵਿਚ ਇੰਡੋ ਯੂਨਾਨੀਆਂ ਅਤੇ ਬਲਖ ਦੇ ਬੈਕਟੀਰੀਅਨ ਯੂਨਾਨੀਆਂ ਨੇ ਉੱਤਰੀ ਹਿੰਦੁਸਤਾਨ ਉੱਤੇ ਮਥਰਾ ਤਕ ਕਬਜ਼ਾ ਕਰ ਲਿਆ ਸੀ। ਇਸ ਤੋਂ ਪਿੱਛੋਂ ਸ਼ੱਕ, ਪਾਰਸੀ, ਕੁਸ਼ਨ ਤੇ ਕਨਿਸ਼ਕ ਆਦਿ ਕਬੀਲਿਆਂ ਨੇ ਹਿੰਦੁਸਤਾਨ ਵੱਲ ਮੂੰਹ ਕੀਤਾ। ਪਹਿਲੀ ਸਦੀ ਵਿਚ ਕਨਿਸ਼ਕਾਂ ਦਾ ਕਬਜ਼ਾ ਦੱਖਣ ਵਿਚ ਸਾਂਚੀ ਅਤੇ ਪੂਰਬ ਵਿਚ ਬਨਾਰਸ ਤਕ ਹੋ ਗਿਆ ਸੀ। ੭੧੨ ਈਸਵੀ ਵਿਚ ਮੁਹੰਮਦ ਬਿਨ-ਕਾਸਿਮ ਨੇ ਸਿਰਫ ੨੦੦ ਘੋੜ ਸਵਾਰਾਂ ਨਾਲ ਸਿੰਧ 'ਤੇ ਕਬਜ਼ਾ ਕਰ ਲਿਆ ਸੀ। ੧੦੦੦ ਈ. ਵਿਚ ਇੱਥੇ ਮਹਿਮੂਦ ਗਜ਼ਨਵੀ ਦੇ ਹਮਲੇ ਸ਼ੁਰੂ ਹੋਏ ਜਿਸਨੇ ੨੫ ਸਾਲਾਂ ਵਿਚ ਸਤਾਰ੍ਹਾਂ ਹਮਲੇ ਕੀਤੇ। ੧੧੮੨ ਈ. ਵਿਚ ਮੁਹੰਮਦ ਗੌਰੀ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ੧੧੯੨ ਈ. ਵਿਚ ਉਸ ਨੇ ਪ੍ਰਿਥਵੀ ਰਾਜ ਨੂੰ ਹਰਾ ਕੇ ਪੱਕੇ ਤੌਰ 'ਤੇ ਭਾਰਤ ਉੱਤੇ ਇਸਲਾਮੀ ਰਾਜ ਸਥਾਪਿਤ ਕਰ ਦਿੱਤਾ। ਇਸ ਸਾਰੇ ਸਮੇਂ ਦੌਰਾਨ ਭਾਰਤੀਆਂ ਨੇ ਕਦੇ ਵੀ ਹਮਲਾਵਰਾਂ ਦਾ ਮੂੰਹ-ਤੋੜ ਜਵਾਬ ਨਹੀਂ ਸੀ ਦਿੱਤਾ। ਜੇ ਕਿਤੇ ਥੋੜ੍ਹਾ ਬਹੁਤ ਮੁਕਾਬਲਾ ਕੀਤਾ ਹੈ ਤਾਂ ਛੇਤੀ ਹੀ ਹਾਰ ਮੰਨ ਲਈ ਹੈ। ਵੱਡੇ ਘੱਲੂਘਾਰੇ ਵਿਚ ਸਿੱਖਾਂ ਨੇ ਆਪਣੇ ਤੋਂ ਕਈ ਗੁਣਾ ਵੱਧ ਗਿਣਤੀ ਵਿਚ ਦੁਸ਼ਮਣ ਦਾ ਦਲੇਰੀ ਨਾਲ ਮੁਕਾਬਲਾ ਕੀਤਾ। ਆਪਣੇ ਲੱਗਭਗ ਅੱਧੇ ਸਿੱਖ ਮਾਰੇ ਜਾਣ ਦੇ ਬਾਵਜੂਦ ਵੀ ਪਰਬਤ ਵਾਂਗ ਅਡੋਲ ਰਹੇ ਅਤੇ ਦੁਸ਼ਮਣ ਨੂੰ ਭਜਾ ਦਿੱਤਾ।

ਭਾਰਤੀ ਚਰਿੱਤਰ ਵਿਚ ਇਹ ਪਲਟਾਅ ਸਿੱਖ ਧਰਮ ਦੇ ਮਹਾਨ ਦਾਰਸ਼ਨਿਕ ਸਿਧਾਂਤਾਂ ਅਤੇ ਗੁਰੂ ਸਾਹਿਬਾਨ ਦੀਆਂ ਬੇਮਿਸਾਲ ਕੁਰਬਾਨੀਆਂ ਦਾ ਸਿੱਟਾ ਸੀ। ਅਕਾਲ ਪੁਰਖ ਦੀ ਮਹਾਨ ਕਿਰਪਾ ਹੋਈ ਸੀ ਕਿ ਇਸ ਧਰਤੀ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧੪੬੯ ਈ. ਵਿਚ ਪ੍ਰਕਾਸ਼ ਧਾਰਿਆ। ਉਸ ਵੇਲੇ ਹਿੰਦੁਸਤਾਨ ਦੀ ਹਾਲਤ ਬਹੁਤ ਹੀ ਖਸਤਾ ਹੋ ਚੁੱਕੀ ਸੀ। ਹਿੰਦੁਸਤਾਨੀ ਦਰਸ਼ਨ ਤੇ ਸੰਸਕ੍ਰਿਤੀ ਪਹਿਲਾਂ ਹੀ ਖਿੰਡੀ-ਪੁੰਡੀ, ਉਲਝਣਾਂ ਭਰੀ ਤੇ ਅਸਪੱਸ਼ਟ ਸੀ। ਇਹ ਕਿਸੇ ਪੂਰਨ ਮਨੁੱਖ ਦੀ ਸਿਰਜਣਾ ਕਰਨ ਤੋਂ ਅਸਮਰੱਥ ਸੀ। ਇਸ ਉੱਪਰ ਇਸਲਾਮ ਦੇ ਅੰਨ੍ਹੇ ਜਨੂੰਨ ਤੇ ਜਬਰ-ਜ਼ੁਲਮ ਦੇ ਰਾਜ ਨੇ ਲੋਕਾਂ ਦਾ ਲੱਕ ਤੋੜ ਦਿੱਤਾ ਸੀ। ਉਹ ਧੜਾ-ਧੜ ਇਸਲਾਮ ਨੂੰ ਅਪਣਾ ਰਹੇ ਸਨ। ਇਸ ਤੋਂ ਇਲਾਵਾ ਉਨ੍ਹਾਂ ਅੱਗੇ ਕੋਈ ਵੀ ਰਸਤਾ ਨਹੀਂ ਰਹਿ ਗਿਆ ਸੀ। ਹਿੰਦੁਸਤਾਨ ਦੀ ਧਰਤੀ 'ਤੇ ਚਾਰੇ ਪਾਸੇ ਪਾਖੰਡ ਅਤੇ ਮਾਰਧਾੜ ਦਾ ਪਾਪ ਵਰਤ ਰਿਹਾ ਸੀ। ਭਾਈ ਗੁਰਦਾਸ ਜੀ ਨੇ ਲਿਖਿਆ ਹੈ:

**ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦਿ ਯਾਰਾ।**
**ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।**
**ਰੋਜੇ ਈਦ ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।**
**ਪੀਰ ਪੈਕੰਬਰਿ ਅਉਲੀਏ ਗਉਸਿ ਕੁਤਬ ਬਹੁ ਭੇਖ ਸਵਾਰਾ।**
**ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ।**
**ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।**
**ਕਾਫਰਿ ਮੁਲਹਦਿ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।**
**ਪਾਪੇ ਦਾ ਵਰਤਿਆ ਵਰਤਾਰਾ॥**

*(ਵਾਰ ੧:੨੦)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰਾਸ਼ ਹੋਏ, ਲਿਤਾੜੇ ਅਤੇ ਮੁਰਦਾ ਹੋ ਚੁੱਕੇ ਭਾਰਤੀ ਮਨੁੱਖ ਨੂੰ ਬਾਣੀ ਦਾ ਅੰਮ੍ਰਿਤ ਪਿਲਾ ਕੇ ਉਸ ਵਿਚ ਨਵੀਂ ਰੂਹ ਭਰ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਦੇ ਕੇ ਉਸ ਨੂੰ ਫੌਲਾਦ ਵਰਗਾ ਮਜ਼ਬੂਤ, ਨਿਰਭੈ ਤੇ ਸੰਪੂਰਨ ਮਨੁੱਖ ਖਾਲਸੇ ਦਾ ਰੂਪ ਦੇ ਦਿੱਤਾ। ਗੁਰੂ ਸਾਹਿਬਾਨ, ਸਾਹਿਬਜ਼ਾਦੇ ਤੇ ਹੋਰ ਸਿੰਘਾਂ ਦੀਆਂ ਸ਼ਹੀਦੀਆਂ ਨੇ ਸਿੱਖਾਂ ਵਿਚ ਸਦਾ ਚੜ੍ਹਦੀ ਕਲਾ ਵਿਚ ਰਹਿਣ ਤੇ ਜੂਝ ਮਰਨ ਦੀ ਭਾਵਨਾ ਭਰ ਦਿੱਤੀ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਬਹਾਦਰੀ ਅਤੇ ਜਿੱਤਾਂ ਨੇ ਉਨ੍ਹਾਂ ਵਿਚ ਸੁਤੰਤਰ ਰਾਜ ਸਥਾਪਿਤ ਕਰਨ ਦਾ ਸੰਕਲਪ ਦ੍ਰਿੜ੍ਹ ਕਰ ਦਿੱਤਾ ਸੀ। ਇਸੇ ਬੀਰਤਾ ਦੇ ਪਿਛੋਕੜ ਕਾਰਨ ਖਾਲਸੇ ਨੇ ਵੱਡੇ ਘੱਲੂਘਾਰੇ ਵਿਚ ਲੋਹੇ ਦੀ ਦੀਵਾਰ ਬਣ ਕੇ ਅਬਦਾਲੀ ਦੇ ਹਮਲੇ ਨੂੰ ਨਾਕਾਮਯਾਬ ਕਰ ਦਿੱਤਾ ਸੀ।

ਉਨ੍ਹਾਂ ਨੇ ਅਬਦਾਲੀ ਦੇ ਜਾਣ ਪਿੱਛੋਂ ਉਸ ਦੀ ਸਹਾਇਤਾ ਕਰਨ ਵਾਲਿਆਂ ਨੂੰ ਵੀ ਸੋਧਿਆ। ਮਲੇਰਕੋਟਲੇ ਦੇ ਭੀਖਨ ਖਾਨ ਅਤੇ ਰਾਇਕੋਟ ਦੇ ਦੀਵਾਨ ਲਛਮੀ ਸਹਾਇ ਨੂੰ ਕਤਲ ਕਰ ਦਿੱਤਾ ਗਿਆ। ਅਬਦਾਲੀ ਦੇ ਥਾਪੇ ਹੋਏ ਸਰਹਿੰਦ ਦੇ ਨਵਾਬ ਜੈਨ ਖਾਂ ਨੂੰ ਮਾਰ ਕੇ ਸਰਹਿੰਦ ਫ਼ਤਿਹ ਕੀਤੀ। ੧੭੬੬ ਈ. ਵਿਚ ਅਬਦਾਲੀ ਦੇ ਹਮਲੇ ਸਮੇਂ ਕੋਈ ਮੁਗ਼ਲ ਹਾਕਮ ਸਿੰਘਾਂ ਤੋਂ ਡਰਦਾ ਨਵਾਬੀ ਲੈਣ ਲਈ ਤਿਆਰ ਨਾ ਹੋਇਆ ਤਾਂ ਉਸ ਨੇ ਬਾਬਾ ਆਲਾ ਸਿੰਘ ਨੂੰ ਸਰਹਿੰਦ ਦਾ ਨਵਾਬ ਮੰਨ ਲਿਆ। ਅਬਦਾਲੀ ਨੇ ਸਿੰਘਾਂ ਨੂੰ ਜਾਗੀਰਾਂ ਦੀ ਪੇਸ਼ਕਸ਼ ਕੀਤੀ ਪਰ ਸਿੰਘਾਂ ਨੇ ਠੁਕਰਾ ਦਿੱਤੀ। ਉਨ੍ਹਾਂ ਨੇ ਵਾਪਸ ਪਰਤ ਰਹੇ ਅਹਿਮਦ ਸ਼ਾਹ ਅਬਦਾਲੀ 'ਤੇ ਹਮਲਾ ਕਰ ਕੇ ਉਸ ਦੀ ਫੌਜ ਦਾ ਬੁਰਾ ਹਾਲ ਕੀਤਾ। ਪਹਿਲਾਂ ਅੱਠ ਦਿਨ ਗੋਇੰਦਵਾਲ ਦੇ ਪੱਤਣ 'ਤੇ ਲੜਾਈ ਹੋਈ। ਫੇਰ ਡੱਲੇ ਪਿੰਡ ਕੋਲ ਰਾਵੀ ਦਰਿਆ ਪਾਰ ਕਰਦੇ ਅਬਦਾਲੀ ਨੂੰ ਜਾ ਘੇਰਿਆ। ਅਨੇਕਾਂ ਸਰਦਾਰਾਂ ਸਮੇਤ ੮੦੦੦ ਦੁਰਾਨੀ ਦਰਿਆ ਦੀ ਭੇਟ ਕਰ ਦਿੱਤੇ। ਇਸ ਤੋਂ ਅੱਗੇ ਜਿਹਲਮ ਦਰਿਆ ਪਾਰ ਕਰਨ ਵੇਲੇ ਸਿੰਘਾਂ ਨੇ ਫੇਰ ਅਚਾਨਕ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਅਬਦਾਲੀ ਦਾ ਤੋਪਖਾਨਾ ਤੇ ਕੀਮਤੀ ਸਾਮਾਨ ਦਰਿਆ ਵਿਚ ਗਰਕ ਹੋ ਗਿਆ। ਸਿੰਘਾਂ ਨੇ ਵੱਡੇ ਘੱਲੂਘਾਰੇ ਦਾ ਪੂਰਾ ਬਦਲਾ ਲੈ ਲਿਆ ਸੀ। ਅਹਿਮਦਸ਼ਾਹ ਅਬਦਾਲੀ ਇੰਨਾ ਦੁਖੀ ਹੋ ਕੇ ਹਿੰਦੁਸਤਾਨ ਤੋਂ ਗਿਆ ਕਿ ਮੁੜ ਹਮਲਾ ਕਰ ਸਕਣ ਦਾ ਉਸ ਦਾ ਕਦੇ ਹੌਸਲਾ ਨਾ ਪਿਆ। ਇਸ ਤਰ੍ਹਾਂ ਸਿੱਖ ਵੱਡੇ ਘੱਲੂਘਾਰੇ ਤੋਂ ਬਾਅਦ ਦਬਕ ਕੇ ਨਹੀਂ ਬੈਠੇ। ਉਨ੍ਹਾਂ ਨੇ ਹੋਰ ਵਧੇਰੇ ਜ਼ੋਰ ਨਾਲ ਅਬਦਾਲੀ 'ਤੇ ਹਮਲੇ ਕੀਤੇ ਅਤੇ ਜਮਨਾ ਤਕ ਆਪਣਾ ਅਧਿਕਾਰ ਜਮਾਉਣਾ ਸ਼ੁਰੂ ਕਰ ਦਿੱਤਾ ਸੀ। ਇਹ ਅਧਿਕਾਰ ਸਿਰਫ ਕਿਸੇ ਹਾਲਾਤ ਕਾਰਨ ਉਨ੍ਹਾਂ ਦੀ ਝੋਲੀ ਵਿਚ ਨਹੀਂ ਆ ਪਿਆ ਸੀ। ਇਹ ਉਨ੍ਹਾਂ ਨੇ ੬ ਦਹਾਕਿਆਂ ਦੇ ਖੂਨੀ ਸੰਘਰਸ਼ ਅਤੇ ਵੱਡੇ ਘੱਲੂਘਾਰੇ ਵਰਗੀਆਂ ਕੁਰਬਾਨੀਆਂ ਦੇ ਕੇ ਹਾਸਲ ਕੀਤਾ ਸੀ।

■

## ਅੰਮ੍ਰਿਤ ਸੰਚਾਰ

*ਸ੍ਰੀ ਅਕਾਲ ਤਖ਼ਤ ਸਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰ ੧੨ ਵਜੇ ਅੰਮ੍ਰਿਤ-ਸੰਚਾਰ ਹੁੰਦਾ ਹੈ। ਅੰਮ੍ਰਿਤ ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ।*

# ਅਕਾਲੀ ਕੌਰ ਸਿੰਘ ਨਿਹੰਗ ਇਕ ਸ਼ਰਧਾਂਜਲੀ

*-ਡਾ. ਰੂਪ ਸਿੰਘ**

ਕਰਤਾ ਮਹਾਨ ਕੋਸ਼ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਅਕਾਲੀ ਦਾ ਅਰਥ: ਅਕਾਲ ਨਾਲ ਜਿਸ ਦਾ ਸਬੰਧ ਸੰਗਯਾ-ਅਕਾਲ ਉਪਾਸ਼ਕ। ਅਕਾਲ ਦਾ ਅਰਥ ਅਬਿਨਾਸ਼ੀ ਜਿਸ 'ਤੇ ਸਮੇਂ ਸਥਾਨ ਦੀ ਸੀਮਾ ਦਾ ਅਸਰ ਨਾ ਹੋਵੇ, ਜਿਸਦੀ ਹੋਂਦ-ਹਸਤੀ ਸਮੇਂ ਤੋਂ ਸੁਤੰਤਰ ਹੋਵੇ ਭਾਵ ਪ੍ਰਭੂ-ਪਰਮਾਤਮਾ, ਅਕਾਲ ਪੁਰਖ। ਅਕਾਲ ਦੇ ਪੁਜਾਰੀ ਗੁਰਸਿੱਖ ਅਕਾਲੀ ਸਦਵਾਏ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕਰਕੇ ਅੰਮ੍ਰਿਤਧਾਰੀ ਗੁਰਸਿੱਖਾਂ ਨੂੰ ਮੌਤ ਦੇ ਭੈਅ ਤੋਂ ਰਹਿਤ, ਮੋਹ-ਮਾਇਆ ਤੋਂ ਨਿਰਲੇਪ ਪਤ-ਸਤ ਤੇ ਜਤ ਦੀ ਰੱਖਿਆ ਵਾਸਤੇ ਸ਼ਹੀਦ ਹੋਣ ਲਈ ਤਿਆਰ-ਬਰ-ਤਿਆਰ ਕਰ ਦਿੱਤਾ। ਅਜਿਹੇ ਮਰਜੀਵੜੇ ਗੁਰਸਿੱਖਾਂ ਨੂੰ ੧੬੯੯ ਈ. ਦੀ ਵੈਸਾਖੀ ਤੋਂ ਪਿੱਛੋਂ ਅਕਾਲੀ ਕਿਹਾ ਜਾਣ ਲੱਗਿਆ। ਵਿਦਵਾਨਾਂ ਦਾ ਮਤ ਹੈ ਕਿ ਇਹ ਵਿਸ਼ੇਸ਼ਣ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਖਸ਼ਿਸ਼ ਕੀਤਾ। ਉਪਰੋਕਤ ਗੁਣਾਂ ਦੇ ਧਾਰਨੀ ਗੁਰਸਿੱਖਾਂ ਨੂੰ ਨਿਹੰਗ ਸਿੰਘ ਕਿਹਾ ਜਾਂਦਾ ਹੈ। ਇਤਿਹਾਸਕ ਤੌਰ 'ਤੇ ਇਹ ਸ਼ਬਦ ਪਹਿਲਾਂ ਬਾਬਾ ਨੈਣਾ ਸਿੰਘ ਜੀ ਦੇ ਨਾਂ ਨਾਲ ਵਰਤਿਆ ਗਿਆ। ਇਹ ਨਿਹੰਗ ਸਿੰਘਾਂ ਦੇ ਮੁਖੀ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ, ਨਿਹੰਗ ਸਿੰਘ ਦੇ ਨਾਮ ਨਾਲ ਵੀ ਇਹ ਸ਼ਬਦ ਸੁਸ਼ੋਭਿਤ ਹੈ। ਅਕਾਲੀ ਸਾਧੂ ਸਿੰਘ ਜੀ ਦਾ ਨਾਮ ਵੀ ਇਸ ਸੂਚੀ 'ਚ ਸ਼ੁਮਾਰ ਹੈ। ੨੦ਵੀਂ ਸਦੀ ਦੇ ਅੰਤ ਵਿਚ ਜਦ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਆਰੰਭ ਹੋਈ ਤਾਂ ਇਸ ਦੀ ਖੜਗ ਭੁਜਾ ਸ਼੍ਰੋਮਣੀ ਅਕਾਲੀ ਦਲ ਦਸੰਬਰ, ੧੯੨੦ ਵਿਚ ਹੋਂਦ ਵਿਚ ਆਇਆ, ਜਿਸ ਨੇ ਸਿਰਧੜ ਦੀ ਲੜਾਈ ਲੜ ਕੇ ਲੰਮੇ ਸੰਘਰਸ਼ ਉਪਰੰਤ, ਸ਼ਹਾਦਤ ਪ੍ਰਾਪਤ ਕਰਦੇ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਵਿਸ਼ਵ ਭਰ ਵਿਚ ਸਥਾਪਿਤ ਕੀਤਾ।

ਅਜਿਹੇ ਹੀ ਗੁਣਾਂ ਦੇ ਧਾਰਨੀ, ਸੂਰਬੀਰ-ਬਚਨ ਦੇ ਬਲੀ ਅਕਾਲੀ ਕੌਰ ਸਿੰਘ ਨਿਹੰਗ ਦਾ ਜਨਮ ੨੮ ਜੂਨ, ੧੮੮੬ ਈ. ਵਿਚ ਭਾਈ ਮਹਾਂ ਸਿੰਘ ਤੇ ਮਾਤਾ ਕਰਮ ਕੌਰ ਦੇ ਘਰ ਪੱਧਰ ਪਿੰਡ ਜਿਲ੍ਹਾ ਮੁਜ਼ੱਫਰਾਬਾਦ, ਜੰਮੂ-ਕਸ਼ਮੀਰ ਵਿਚ ਹੋਇਆ। ਇਨ੍ਹਾਂ ਦੇ ਬਚਪਨ ਦਾ ਨਾਂ ਪੂਰਨ ਸਿੰਘ ਸੀ। ਇਨ੍ਹਾਂ ਦਾ ਪਰਿਵਾਰਕ ਪਿਛੋਕੜ ਉਨ੍ਹਾਂ ਕਸ਼ਮੀਰੀ ਵਿਦਵਾਨ ਪੰਡਿਤਾਂ ਨਾਲ ਵੀ ਜੁੜਦਾ ਹੈ, ਜੋ ਧਰਮ ਰੱਖਿਆ ਵਾਸਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਰਣ ਵਿਚ ਅਨੰਦਪੁਰ ਸਾਹਿਬ ਪਹੁੰਚੇ ਸਨ। ਤ੍ਰਿਲੋਕੀ ਨਾਥ ਬ੍ਰਾਹਮਣ, ਪੰਡਿਤ ਕਿਰਪਾ ਰਾਮ ਦੇ ਨਾਲ ਸ੍ਰੀ ਅਨੰਦਪੁਰ ਸਾਹਿਬ ਆਇਆ। ਤ੍ਰਿਲੋਕੀ ਨਾਥ ਦਾ ਪੁੱਤਰ ਅਮੋਲਕ ਨਾਥ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਅਮੋਲਕ ਸਿੰਘ ਸਦਵਾਇਆ। ਅਮੋਲਕ ਸਿੰਘ ਪੂਰਨ ਸਿੰਘ ਦਾ ਪੜਦਾਦਾ ਸੀ। ਇਸ ਤਰ੍ਹਾਂ ਪਰਿਵਾਰਕ ਪਿਛੋਕੜ ਇਨ੍ਹਾਂ ਦਾ ਵਿਦਵਾਨ ਕਸ਼ਮੀਰੀ ਪੰਡਿਤਾਂ ਤੋਂ ਗੁਰੂ-ਘਰ ਨਾਲ ਜੁੜਦਾ ਹੈ। ਪੂਰਨ ਸਿੰਘ ਨੇ ਉਸ ਸਮੇਂ ਦੀਆਂ ਪ੍ਰਚਲਿਤ ਭਾਸ਼ਾਵਾਂ ਬ੍ਰਿਜ ਤੇ ਸੰਸਕ੍ਰਿਤ ਵਿਚ ਮੁਹਾਰਤ ਹਾਸਲ ਕਰ ਧਰਮ ਗ੍ਰੰਥਾਂ ਦਾ ਦੀਰਘ ਅਧਿਐਨ ਕੀਤਾ। ਗੁਰਮਤਿ ਵਿਚਾਰਧਾਰਾਂ ਦੀਆਂ ਬਰੀਕੀਆਂ ਸ. ਪੂਰਨ ਸਿੰਘ ਨੇ ਉਸ ਸਮੇਂ ਪ੍ਰਸਿੱਧ ਵਿਦਵਾਨ, ਬੁਲਾਰੇ, ਗੁਰਮਤਿ ਦੇ ਧਾਰਣੀ ਗਿਆਨੀ ਭਾਗ ਸਿੰਘ ਪਿਸ਼ਾਵਰ ਪਾਸੋਂ ਸਿੱਖੀਆਂ। ਗਿਆਨੀ ਭਾਗ ਸਿੰਘ ਦੀ ਹੀ ਪ੍ਰੇਰਣਾ ਸਦਕਾ ਇਨ੍ਹਾਂ ਗੁਰੂ-ਘਰਾਂ ਵਿਚ ਗੁਰਮਤਿ ਵਿਖਿਆਨ ਦੇਣੇ ਸ਼ੁਰੂ ਕੀਤੇ। ਆਰੀਆ ਸਮਾਜ ਦੇ ਪ੍ਰਚਾਰਕਾਂ ਵੱਲੋਂ ਖੜ੍ਹੇ ਕੀਤੇ ਸੁਆਲਾਂ ਦੇ ਜੁਆਬ ਸ. ਪੂਰਨ ਸਿੰਘ ਨੇ ਬੇਬਾਕੀ ਨਾਲ ਗੁਰਮਤਿ ਜੁਗਤਿ ਅਨੁਸਾਰ ਦੇਣੇ ਸ਼ੁਰੂ ਕੀਤੇ। ਉਨ੍ਹਾਂ ਸਮਿਆਂ 'ਚ ਸ. ਪੂਰਨ ਸਿੰਘ ਬਿਖ਼ਮ ਮਾਰਗਾਂ 'ਤੇ ਚੱਲਦਿਆਂ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਕਰਦਿਆਂ ਭਾਰਤ ਭਰਮਣ ਕੀਤਾ। ਇਸ ਦੇ ਨਾਲ

*ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਇਨ੍ਹਾਂ ਨੂੰ ਭਾਰਤ ਭਰ ਦੇ ਇਤਿਹਾਸਕ ਗੁਰੂ-ਘਰਾਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ੧੯੦੬ ਈ. ਵਿਚ ਸ. ਪੂਰਨ ਸਿੰਘ ਤਖ਼ਤ, ਸੱਚਖੰਡ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਨੰਦੇੜ ਸਾਹਿਬ, ਮਹਾਂਰਾਸ਼ਟਰ ਪਹੁੰਚੇ।

ਇਸ ਸਾਲ ਹੀ ਇਨ੍ਹਾਂ ਨੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਵੀਹ ਸਾਲ ਦੀ ਭਰ ਜੁਆਨੀ 'ਚ ਪੂਰਨ ਸਿੰਘ ਤੋਂ ਕੌਰ ਸਿੰਘ ਨਿਹੰਗ ਸੱਜ ਗਏ। ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਲਈ ਅਫ਼ਗਾਨਿਸਤਾਨ, ਨੇਪਾਲ ਤੇ ਭਾਰਤ ਦਾ ਦੌਰਾ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਧਿਐਨ ਵਾਸਤੇ ਇਨ੍ਹਾਂ ੧੩ ਸਾਲਾਂ ਦੀ ਦਿਨ-ਰਾਤ ਮਿਹਨਤ ਕਰ ਕੇ ੧੯੨੩ ਈ. ਵਿਚ ਸੰਦਰਭ ਗ੍ਰੰਥ ਤੁੱਕ ਤਤਕਰਾ ਤਿਆਰ ਕੀਤਾ, ਜੋ ੧੯੨੩ ਈ. ਵਿਚ 'ਗੁਰ ਸਬਦ ਰਤਨ ਪ੍ਰਕਾਸ਼' ਦੇ ਨਾਂ 'ਤੇ ਪ੍ਰਕਾਸ਼ਿਤ ਹੋਇਆ। ਇਸ ਸੰਦਰਭ ਗ੍ਰੰਥ ਦੀ ਲੋੜ ਤੇ ਮਹੱਤਵ ਤੋਂ ਹਰ ਸਿੱਖ ਵਿਦਵਾਨ ਭਲੀਭਾਂਤ ਜਾਣੂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਦੇ ਕਿਸੇ ਵੀ ਸ਼ਬਦ ਦੀ ਭਾਲ ਕਰਨ ਵਿਚ ਬਹੁਤ ਸਾਰਥਕ ਤੇ ਸਹਾਈ ਸਾਬਤ ਹੋਇਆ। ੧੯੨੯ ਈ. ਵਿਚ ਅਕਾਲੀ ਕੌਰ ਸਿੰਘ ਨਿਹੰਗ ਨੇ ਗੁਰਬਾਣੀ ਨੂੰ ਸਮਝਣ ਵਾਸਤੇ ਸਹਾਇਕ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸਵੱਯਾਂ ਦਾ ਤੁੱਕ-ਤਤਕਰਾ ਤਿਆਰ ਕੀਤਾ। ਗੁਰਮਤਿ ਸਾਹਿਤ ਨੂੰ ਸਮਝਣ, ਪੜ੍ਹਨ, ਲਿਖਣ ਵਾਸਤੇ ਇਹ ਦੋਨੋਂ ਮੂਲ ਗ੍ਰੰਥ ਸਨ ਜੋ ਇਸ ਸਦੀ ਦੇ ਆਰੰਭ ਵਿਚ ਗੁਰਬਾਣੀ ਗੁਰਮਤਿ ਸਾਹਿਤ ਨਾਲ ਸੰਬੰਧਿਤ ਗੁਰਬਾਣੀ ਰੀਸਰਚਰ ਟੂਲ ਕੰਪਿਊਟਰ 'ਤੇ ਆਉਣ ਤੀਕ ੧੦੦% ਸਫ਼ਲ, ਸਾਰਥਕ-ਸਹਾਇਕ ਸਾਬਤ ਹੋਏ। ਇਹ ਹਵਾਲਾ ਗ੍ਰੰਥ ਹਨ। ਇਨ੍ਹਾਂ ਦੀ ਮਦਦ ਤੋਂ ਬਿਨਾਂ ਗੁਰਬਾਣੀ ਸੰਬੰਧੀ ਪੜ੍ਹਨਾ-ਲਿਖਣਾ ਅਤੇ ਅਧਿਐਨ ਕਰਨਾ ਮੁਸ਼ਕਿਲ ਸੀ। ਇਸ ਧਾਰਮਿਕ, ਇਤਿਹਾਸਕ ਤੇ ਸਾਹਿਤਕ ਕਾਰਜ ਨੇ ਅਕਾਲੀ ਕੌਰ ਸਿੰਘ ਨੂੰ ਅਮਰ ਕਰ ਦਿੱਤਾ।

ਅਕਾਲੀ ਕੌਰ ਸਿੰਘ ਨਿਹੰਗ ਨੇ ੧੯੨੮ ਈ. ਵਿਚ ਆਪਣੇ ਪਿੰਡ ਵਿਚ ਗੁਰੂ ਨਾਨਕ ਆਸ਼ਰਮ ਦੀ ਸਥਾਪਨਾ ਕੀਤੀ ਜਿਸ ਨੇ ਗੁਰਮਤਿ ਵਿੱਦਿਆ ਦੇ ਪ੍ਰਸਾਰ-ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਨ ਵਿਚ ਚੋਖਾ ਯੋਗਦਾਨ ਪਾਇਆ। ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਵਾਸਤੇ ਅਕਾਲੀ ਕੌਰ ਸਿੰਘ ਨਿਹੰਗ ਨੇ 'ਆਸ਼ਰਮ ਸਮਾਚਾਰ' ਪੱਤਰ ਛਾਪਣਾ ਸ਼ੁਰੂ ਕੀਤਾ। ਇਹੀ ਪੱਤਰ ਫਿਰ 'ਕਸ਼ਮੀਰੀ ਸਿੱਖ ਸਮਾਚਾਰ' ਪੱਤਰ ਦੇ ਨਾਂ ਅਧੀਨ ਪ੍ਰਕਾਸ਼ਿਤ ਹੁੰਦਾ ਰਿਹਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤਿ ਦੀ ਰਚਨਾ 'ਸ੍ਰੀ ਗੁਰੂ ਸੋਭਾ' ਨੂੰ ਸੰਪਾਦਨ ਕਰ ਕੇ ਅਕਾਲੀ ਕੌਰ ਸਿੰਘ ਨਿਹੰਗ ਨੇ ੧੯੨੫ ਈ. ਵਿਚ ਪ੍ਰਕਾਸ਼ਿਤ ਕਰਵਾਇਆ। ਗੁਰਮਤਿ ਦੀ ਰੋਸ਼ਨੀ, ਗੁਰਮਤਿ ਸਾਹਿਤ ਦੀ ਸਿਰਜਣਾ ਤੇ ਇਤਿਹਾਸਕਾਰੀ ਤੋਂ ਇਲਾਵਾ ਅਕਾਲੀ ਕੌਰ ਸਿੰਘ ਨਿਹੰਗ ਨੇ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸੁਧਾਰ ਲਹਿਰ 'ਚ ਇਤਿਹਾਸਕ ਯੋਗਦਾਨ ਪਾਇਆ। ਗੁਰਮਤਿ ਸਾਹਿਤ ਤੋਂ ਇਲਾਵਾ ਅਕਾਲੀ ਕੌਰ ਸਿੰਘ ਨਿਹੰਗ ਨੇ ਹਿਕਮਤ ਸੰਬੰਧਿਤ ਪੁਸਤਕਾਂ ਵੀ ਲਿਖੀਆਂ। ਪੁਸਤਕ 'ਸੁਖ ਸਾਗਰ' ਅਰਥਾਤ 'ਘਰ ਦਾ ਵੈਦ' ਦੀ ਭੂਮਿਕਾ ਵਿਚ ਨਾਂ ਕੰਵਰ ਸਿੰਘ ਅਕਾਲੀ ਲਿਖਦੇ ਹਨ ਪਰ ਬਾਅਦ ਦੀਆਂ ਪੁਸਤਕਾਂ 'ਚ ਅਕਾਲੀ ਕੌਰ ਸਿੰਘ ਨਿਹੰਗ ਨਾਂ ਲਿਖਦੇ ਹਨ (ਗੁਰਮਤਿ ਪ੍ਰਕਾਸ਼, ਅਪ੍ਰੈਲ ੨੦੦੩, ਪੰਨਾ ੬੯)। ਉਹ ਗੁਰਮਤਿ ਤੇ ਗੁਰਮੁਖੀ ਦੇ ਪ੍ਰਚਾਰ-ਪ੍ਰਸਾਰ ਵਾਸਤੇ ਦ੍ਰਿੜ੍ਹ ਸਨ, ਉਨ੍ਹਾਂ ਦੀ ਇਕ ਲਾਈਨ ਤੋਂ ਭਾਵਨਾ ਸਪੱਸ਼ਟ ਹੁੰਦੀ ਹੈ:

**ਗੁਰਮੁਖੀ ਅੱਖਰ ਜੋ ਹੈ ਭਾਈ ਸਿੰਘ, ਸਿੰਘ ਤੇ ਸੀਖੇ ਜਾਈ॥**

ਗੁਰਮਤਿ ਦੇ ਪ੍ਰਚਾਰ ਹਿੱਤ ਇਨ੍ਹਾਂ ਤਖ਼ਤ, ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਬਿਹਾਰ, ਗੁਰਦੁਆਰਾ ਨਾਨਕ ਸ਼ਾਹੀ ਢਾਕਾ (ਬੰਗਲਾਦੇਸ਼), ਯੂ. ਪੀ., ਅਸਾਮ, ਨੇਪਾਲ, ਜੰਮੂ-ਕਸ਼ਮੀਰ ਆਦਿ ਦਾ ਚੱਪਾ-ਚੱਪਾ ਛਾਣ ਮਾਰਿਆ। ਬਿਹਾਰ, ਅਸਾਮ, ਕਾਬਲ, ਬੰਗਲਾਦੇਸ਼, ਨੇਪਾਲ, ਮਹਾਂਰਾਸ਼ਟਰ, ਯੂ. ਪੀ., ਪੰਜਾਬ, ਕਸ਼ਮੀਰ, ਦੱਖਣੀ ਭਾਰਤ, ਮਹਾਂਰਾਸ਼ਟਰ, ਜੰਮੂ-ਕਸ਼ਮੀਰ ਦੇ ਬਾਰੇ ਇਤਿਹਾਸਕ ਅਸਥਾਨਾਂ 'ਤੇ ਪਹਿਲਾਂ ਥੜਿਆਂ, ਡੇਰਿਆਂ 'ਚ ਪੂਜਾ ਕੀਤੀ ਜਾਂਦੀ ਸੀ। ਇਨ੍ਹਾਂ ਦੇ ਉਦਮ-ਉਤਸ਼ਾਹ ਸਦਕਾ ਸਭ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ।

ਅਕਾਲੀ ਕੌਰ ਸਿੰਘ ਨਿਹੰਗ ਨੇ ਸਿੱਖ ਰਹਿਤ ਮਰਯਾਦਾ ਦੇ ਪ੍ਰਚਾਰ ਕਰਨ ਲਈ ਸਮੇਂ ਦੇ ਧਾਰਮਿਕ ਮੁਖੀਆਂ,

ਸਿੱਖ ਰਾਜਿਆਂ, ਮਹਾਰਾਜਿਆਂ ਨੂੰ ਐਸ਼-ਪ੍ਰਸਤੀ ਵਾਲਾ ਜੀਵਨ ਜੀਊਣ ਤੋਂ ਸਖ਼ਤੀ ਨਾਲ ਵਰਜਿਆ। ਬਹੁਤ ਸਾਰੇ ਇਤਿਹਾਸਕ ਗੁਰੂ-ਘਰਾਂ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਅਰੰਭਤਾ ਸਮੇਂ ਪੰਜਾਂ ਪਿਆਰਿਆਂ 'ਚ ਸ਼ਾਮਲ ਹੋਏ। ਅਕਾਲੀ ਕੌਰ ਸਿੰਘ ਨਿਹੰਗ ਦਾ ਜੀਵਨ ਗੁਰਮਤਿ ਰਹਿਤ ਮਰਯਾਦਾ ਨੂੰ ਰੋਮ-ਰੋਮ ਤੋਂ ਸਮਰਪਿਤ ਸੀ। ਸਾਦੀ ਖੁਰਾਕ, ਸਧਾਰਨ ਗੁਰਸਿੱਖ ਪਹਿਰਾਵਾ ਤੇ ਮਿੱਠ ਬੋਲੜੇ ਸੁਭਾਅ ਦੇ ਧਾਰਨੀ ਸਨ।

ਅਕਾਲੀ ਕੌਰ ਸਿੰਘ ਜੀ ਆਰੰਭ ਤੋਂ ਅਕਾਲੀ ਲਹਿਰ, ਗੁਰਦੁਆਰਾ ਪ੍ਰਬੰਧ ਸੁਧਾਰ ਨਾਲ ਜੁੜ ਗਏ। ਗੁਰਦੁਆਰਾ ਰਕਾਬ ਗੰਜ ਦੀ ਕੰਧ ਦੇ ਮਸਲੇ ਵਿਚ ਇਨ੍ਹਾਂ ਮੋਹਰੀ ਰੋਲ ਅਦਾ ਕੀਤਾ। ਸ੍ਰੀ ਹਰਿਮੰਦਰ ਸਾਹਿਬ ਵਿੱਚੋਂ ਮਨਮਤ ਨੂੰ ਖਤਮ ਕਰਨ ਲਈ ਇਨ੍ਹਾਂ ਜੋ ਸੂਝ-ਬੂਝ, ਦਲੇਰੀ ਤੇ ਦ੍ਰਿੜ੍ਹਤਾ ਵਰਤੀ ਉਹ ਆਪਣੀ ਮਿਸਾਲ ਆਪ ਹੈ। ਪੰਜਾ ਸਾਹਿਬ ਦੇ ਮੋਰਚੇ, ਤਰਨਤਾਰਨ ਦੇ ਖ਼ੂਨੀ ਸਾਕੇ ਵਿਚ ਵੀ ਅਕਾਲੀ ਕੌਰ ਸਿੰਘ ਨਿਹੰਗ ਨੇ ਲਿਖਤੀ ਤੇ ਜੁਬਾਨੀ ਵਿਚਾਰ ਚਰਚਾ ਕਰ ਕੇ ਲੋਕਾਂ ਨੂੰ ਜਾਗਰੂਕ ਕੀਤਾ। ਸਾਕਾ ਨਨਕਾਣਾ ਸਾਹਿਬ ਵਾਪਰਨ ਤੋਂ ਪਿੱਛੋਂ ਵੀ ਗੁਰੂ-ਘਰ ਦੇ ਪ੍ਰਬੰਧ ਨੂੰ ਸੰਭਾਲਣ ਵਿਚ ਅਕਾਲੀ ਕੌਰ ਸਿੰਘ ਨਿਹੰਗ ਦਾ ਵਿਸ਼ੇਸ਼ ਯੋਗਦਾਨ ਸੀ। ਉਨ੍ਹਾਂ ਦਾ ਸਮੁੱਚਾ ਜੀਵਨ ਸੰਘਰਸ਼ਮਈ ਸੀ। ਉਹ ਨਿਸ਼ਕਾਮ ਸੇਵਾ ਦੀ ਜ਼ਿੰਦਾ ਮਿਸਾਲ ਸਨ।

ਡਾ. ਤਾਰਨ ਸਿੰਘ ਦੇ ਸ਼ਬਦਾਂ 'ਚ ਅਕਾਲੀ ਕੌਰ ਸਿੰਘ ਜੀ ਸਾਧੂ ਸਨ, ਸਮਾਜ-ਸੁਧਾਰਕ ਸਨ, ਪੰਥ ਹਿਤੈਸ਼ੀ ਸਨ, ਕਸ਼ਮੀਰੀ ਜਨਤਾ ਦਾ ਦਰਦ ਰੱਖਦੇ ਸਨ, ਦੂਰਦਰਸ਼ੀ ਸਾਹਿਤਕਾਰ ਸਨ, ਸੂਝਵਾਨ ਸੰਪਾਦਕ ਸਨ, ਉਜਲ ਦੀਦਾਰੀ ਸਨ, ਕਥਨੀ-ਕਰਨੀ ਦੇ ਪੂਰੇ ਆਲਮ ਬਾਅਮਲ ਪ੍ਰਚਾਰਕ ਸਨ, ਰਾਜ ਜੋਗੀ ਜੋ ਦਿਲ ਦੇ ਮੀਰ ਸਨ ਅਤੇ ਪੀਰ ਕਰਕੇ ਸਤਿਕਾਰੇ ਜਾਂਦੇ ਸਨ। ਅਕਾਲੀ ਕੌਰ ਸਿੰਘ ਜੀ ਵਖਤੇ ਉੱਪਰ ਲੜ ਮਰਨ ਵਾਲੇ ਸੂਰਮੇ ਸਨ ਜੋ ਕੁਝ ਆਪ ਨੇ ਦੇਸ਼-ਵੰਡ ਮਗਰੋਂ ਲਿਖਿਆ ਹੈ ਉਸ ਵਿਚ ਕਸ਼ਮੀਰੀ ਤੇ ਹੋਰ ਜਨਤਾ ਦੇ ਦੁਖੜੇ ਹਰਨ ਦਾ ਉਪਰਾਲਾ ਹੈ ਜਾਂ ਦੁਖੀਆਂ ਲਈ ਸੰਜੀਦਗੀ ਹੈ। ਸਿੱਖ ਰਹਿਤ ਮਰਯਾਦਾ ਬਾਰੇ ਅਕਾਲੀ ਜੀ ਦੀ ਰਾਇ ਨੂੰ ਅਧਿਕ ਭਰੋਸੇਯੋਗ ਅਤੇ ਜ਼ਿੰਮੇਵਾਰ ਸਮਝਿਆ ਜਾਂਦਾ ਸੀ। ਭਾਈ ਵੀਰ ਸਿੰਘ ਲਿਖਦੇ ਹਨ:

ਅਕਾਲੀ ਜੀ ਆਲਮ ਬਾਅਮਲ ਸਨ। ਕੋਈ ਗੁਰਮਤ ਦਾ ਖਰੜਾ ਪਾਸ ਨਹੀਂ ਸੀ ਹੁੰਦਾ ਜਦ ਤਕ ਅਕਾਲੀ ਜੀ ਸਹੀ ਨਹੀਂ ਸਨ ਪਾਉਂਦੇ। ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਬੜੀ ਖੋਜ ਭਰੀ ਗੁਪਤ ਗੂੜ੍ਹ-ਭਾਵਾਂ ਦੀ ਹੁੰਦੀ ਸੀ। ਉਹ ਅਸਲੀ ਤੌਰ ਪਰ ਸਿੱਖੀ ਦਾ ਸਰੂਪ ਸਨ। ਸਿੱਖੀ ਅਸੂਲਾਂ ਨੂੰ ਇਕ ਪ੍ਰਪੱਕ ਸਰੂਪ ਅਤੇ ਪ੍ਰਮਾਣਿਕ ਲੀਹ ਪ੍ਰਦਾਨ ਕਰਨ ਦੀ ਲੋੜ ਨੂੰ ਤੀਬਰਤਾ ਨਾਲ ਅਨੁਭਵ ਕਰਦਿਆਂ ਅਕਾਲੀ ਜੀ ਕਹਿੰਦੇ ਹਨ:

ਵਰਤਮਾਨ ਵਿਚ ਜੇ ਪੁਰਾਤਨ ਪੰਥਕ ਲਿਖਤਾਂ ਨੂੰ ਨਾ ਸਤਿਕਾਰਿਆ ਗਿਆ, ਤਦ ਖ਼ਤਰਾ ਹੈ ਕਿ ਤਰਕਬਾਦ ਦੇ ਦੌਰ ਦਾ ਕਦਮ ਅਗਾਂਹ ਵਧਣ ਕਰਕੇ, ਨਿਯਤ ਬਾਣੀਆਂ ਦਾ ਪਾਠ ਕਰਨ ਵੱਲ ਸਹਜੇ ਹੀ 'ਖ਼ਾਲਸੇ ਖੁਲਾਸਾ' ਹੋ ਕੇ ਜਿੱਥੇ ਦਿਨ ਚੜ੍ਹੇ ਤਕ 'ਧਰਮਰਾਜ ਦੀ ਸਪੁੱਤਰੀ' ਦੀ ਗੋਦ ਵਿਚ ਲੋਰੀਆਂ ਲੈਣ ਲੱਗ ਜਾਣਗੇ, ਉੱਥੇ ਸੁਭਾਵਕ ਹੀ ਸੰਝ ਵੇਲੇ ਸੈਰ-ਸਪਾਟੇ ਦੇ ਬੁੱਲ੍ਹੇ ਭੀ ਲੁੱਟਿਆ ਕਰਨਗੇ। ਇਹੀ ਕਾਰਨ ਹੈ ਕਿ ਅਕਾਲੀ ਕੌਰ ਸਿੰਘ ਜੀ ਸਿੱਖ ਰਹਿਤ ਮਰਯਾਦਾ ਨਿਰਧਾਰਿਤ ਕਰਨ ਵਾਲੀ ਸਬ-ਕਮੇਟੀ ਵਿਚ ਦ੍ਰਿੜ੍ਹਤਾ ਨਾਲ ਪ੍ਰਪੱਕਤਾ ਦੇ ਹਾਮੀ ਰਹੇ।

ਭਾਰਤ-ਪਾਕਿਸਤਾਨ ਦੀ ਵੰਡ ਸਮੇਂ ੧੯੪੭ ਈ. ਅਕਾਲੀ ਕੌਰ ਸਿੰਘ ਨਿਹੰਗ ਨੇ ਉੱਜੜੇ ਲੋਕਾਂ, ਲੋੜਵੰਦਾਂ ਦੀ ਦਿਲ ਖੋਲ੍ਹ ਕੇ ਮਦਦ ਕੀਤੀ। ਭੁੱਖੇ, ਨੰਗੇ, ਜ਼ਖ਼ਮੀ ਸ਼ਰਨਾਰਥੀਆਂ ਦੀ ਸਹਾਇਤਾ ਲਈ ਇਨ੍ਹਾਂ ਦਿਨ-ਰਾਤ ਇਕ ਕੀਤਾ। ਉਜੜੇ-ਪੁਜੜੇ ਪੀੜਤਾਂ ਦੀ ਮਦਦ ਵਾਸਤੇ ਇਨ੍ਹਾਂ ਨੂੰ ਕੁਰੂਕਸ਼ੇਤਰ, ਦਿੱਲੀ, ਸ੍ਰੀ ਅੰਮ੍ਰਿਤਸਰ, ਜੈਪੁਰ, ਸੰਗਰੂਰ, ਪਟਿਆਲਾ, ਚਕਰਾਤਾ ਤੇ ਕਲਿਆਣ ਆਦਿ ਥਾਵਾਂ 'ਤੇ ਜਾਣਾ ਪਿਆ। ਅਕਾਲੀ ਕੌਰ ਸਿੰਘ ਨਿਹੰਗ ਭੁੱਖੇ-ਪਿਆਸੇ ਅਨੀਂਦਰੇ 'ਚ ਲੋਕ ਸੇਵਾ 'ਚ ਲੱਗੇ ਰਹੇ। ਅਪ੍ਰੈਲ ੧੯੪੯ 'ਚ ਵਿਧਵਾਵਾਂ, ਯਤੀਮਾਂ, ਬੇਸਹਾਰਿਆਂ ਦਾ ਕੈਂਪ ਸੰਗਰੂਰ 'ਚ ਲਗਾਉਣ ਵਿਚ ਇਹ ਕਾਮਯਾਬ ਹੋਏ। ਅਪ੍ਰੈਲ ੧੯੫੨ ਈ. ਦੀ ਵੈਸਾਖੀ ਨੂੰ ਇਨ੍ਹਾਂ ਦੇ ਉੱਦਮ-ਉਤਸ਼ਾਹ ਸਦਕਾ, ਮਨਮੱਤ-ਪਰਹਾਰਕ-ਅੰਮ੍ਰਿਤ ਗੁਰਮਤਿ ਪ੍ਰਚਾਰਕ ਜਥੇ ਦੀ ਮਾਨਸੇ ਵਿਚ ਅਰੰਭਤਾ ਕੀਤੀ ਗਈ। ਇਸ ਸਾਲ ਦੇ ਨਵੰਬਰ ਮਹੀਨੇ ਵਿਚ ਅਕਾਲੀ ਕੌਰ ਸਿੰਘ ਨਿਹੰਗ ਨੂੰ ਅਧਰੰਗ ਦਾ ਮਾਰੂ ਰੋਗ ਹੋ ਗਿਆ, ਜਿਸ ਨੇ ਇਨ੍ਹਾਂ ਨੂੰ ਸਰੀਰਕ

ਰੂਪ ਵਿਚ ਬਹੁਤ ਕਮਜ਼ੋਰ ਕਰ ਦਿੱਤਾ ਪਰ ਆਤਮਿਕ ਰੂਪ ਵਿਚ ਉਸੇ ਤਰ੍ਹਾਂ ਹੀ ਬਲਵਾਨ ਰਹੇ। ਬਿਮਾਰੀ ਦੀ ਹਾਲਤ ਵਿਚ ਇਨ੍ਹਾਂ ਨੂੰ ਰਾਜਿੰਦਰਾ ਹਸਪਤਾਲ, ਪਟਿਆਲਾ ਦਾਖਲ ਕਰਵਾਇਆ ਗਿਆ, ਸਿਹਤ ਵਿਚ ਕੁਝ ਸੁਧਾਰ ਵੀ ਹੋਇਆ ਪਰ ੨੩ ਜਨਵਰੀ, ੧੯੫੩ ਈ. ਨੂੰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਦੇ ਇਕ ਕਮਰੇ ਵਿਚ ਵਾਹਿਗੁਰੂ-ਵਾਹਿਗੁਰੂ ਕਰਦਿਆਂ ਅਕਾਲ ਪੁਰਖ 'ਚ ਅਭੇਦ ਹੋ ਗਏ। ਅਕਾਲੀ ਕੌਰ ਸਿੰਘ ਦੀ ਸਦੀਵੀ ਯਾਦਗਾਰ ਵਜੋਂ ਪਟਿਆਲਾ ਲਾਇਬ੍ਰੇਰੀ ਸਥਾਪਿਤ ਕੀਤੀ ਗਈ। ਸਰੀਰਕ ਰੂਪ ਵਿਚ ਭਾਵੇਂ ਅਕਾਲੀ ਕੌਰ ਸਿੰਘ ਸਾਨੂੰ ਸਭ ਨੂੰ ਸਦੀਵੀ ਵਿਛੋੜਾ ਦੇ ਗਏ ਪਰ ਉਹ ਕੀਤੇ ਧਾਰਮਿਕ, ਇਤਿਹਾਸਕ ਕਾਰਜਾਂ ਕਰਕੇ ਅਮਰ ਹੋ ਗਏ।

ਪ੍ਰੋ. ਕਿਰਪਾਲ ਸਿੰਘ ਜੀ ਬਡੂੰਗਰ ਪ੍ਰਧਾਨ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੇਵਲ ਅਕਾਲ ਦੇ ਉਪਾਸ਼ਕ ਰੰਗਰੱਤੜੀ ਸ਼ਖ਼ਸੀਅਤ ਅਕਾਲੀ ਕੌਰ ਸਿੰਘ ਜੀ ਨੂੰ ਸ਼ਰਧਾ ਸਤਿਕਾਰ ਭੇਟ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਕਿਰਪਾ ਕਰੇ ਸਾਨੂੰ ਗੁਰਸਿੱਖ ਸਦਵਾਉਣ ਵਾਲਿਆਂ ਨੂੰ ਗੁਰੂ-ਦਰ ਘਰ ਤੋਂ ਅਜਿਹੀ ਮਤ-ਸੁਮੱਤ ਪ੍ਰਾਪਤ ਹੋਵੇ ਜਿਹੜੇ ਗੁਣ ਅਕਾਲੀ ਦੇ ਕਰਤਾ ਮਹਾਨ ਕੋਸ਼ ਨੇ ਦਿੱਤੇ ਉਹ ਸਾਨੂੰ ਵੀ ਪ੍ਰਾਪਤ ਹੋਣ:

**ਕਮਲ ਜਯੋ ਮਾਯਾ ਜਲ ਵਿਚ ਅਲੇਪ ਸਦਾ,**
**ਸਭ ਸਨੇਹੀ ਚਾਲ ਸਭ ਤੋਂ ਨਿਰਾਲੀ ਹੈ,**
**ਕਰਕੇ ਕਮਾਈ ਖਾਵੇ ਮੰਗਣਾ ਹਰਾਮ ਜਾਣੇ,**
**ਭਾਣੇ ਵਿਚ ਵਿਪਦਾ ਨੂੰ ਮੰਨੇ ਖੁਸ਼ਹਾਲੀ ਹੈ,**
**ਸ੍ਵਾਰਥ ਤੋਂ ਬਿਨਾਂ ਗੁਰਦੁਆਰਿਆਂ ਦਾ ਚੌਕੀਦਾਰ,**
**ਧਰਮ ਦੇ ਜੰਗ ਲਈ ਚੜ੍ਹੇ ਮੁਖ ਲਾਲੀ ਹੈ,**
**ਪੂਜੇ ਨ ਅਕਾਲ ਬਿਨ ਹੋਰ ਕੋਈ ਦੇਵੀ ਦੇਵ,**
**ਸਿੱਖ ਦਸ਼ਮੇਸ਼ ਦਾ ਸੈ ਕਹੀਏ ਅਕਾਲੀ ਹੈ।**

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਪੰਥ ਰਤਨ ਅਕਾਲੀ ਕੌਰ ਸਿੰਘ ਨਿਹੰਗ ਨੇ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਸਾਹਿਬ ਜੀ ਦੀ ਯਾਤਰਾ ਕਰਨ ਵਾਲੇ ਪ੍ਰੇਮੀਆਂ ਲਈ ਹਜ਼ੂਰੀ ਸਾਥੀ ਲਿਖ ਕੇ ਭਾਰੀ ਉਪਕਾਰ ਕੀਤਾ ਹੈ। ਇਸ ਵਿਚ ਗੁਰਧਾਮ ਦਾ ਇਤਿਹਾਸ, ਰਹੁਰੀਤੀ, ਆਮਦਨ ਖਰਚ ਦਾ ਵੇਰਵਾ ਅਤੇ ਯਾਤਰਾ ਦੀ ਵਿਧੀ ਆਦਿਕ ਸਿਰਲੇਖ ਵੱਡੀ ਯੋਗਤਾ ਨਾਲ ਲਿਖੇ ਹਨ।

ਸ. ਹਿੰਮਤ ਸਿੰਘ ਦੇ ਸ਼ਬਦਾਂ ਅਨੁਸਾਰ ਨਿਹੰਗ ਦੇ ਰੂਪ ਵਿਚ ਅਕਾਲੀ ਜੀ ਬੁੱਢਾ ਦਲ ਦੇ ਸਦੱਸਯ ਰਹੇ ਅਤੇ ਨਿਹੰਗਪੁਣੇ ਦੀ ਸਰਵੋਤਮ ਉਦਾਹਰਣ ਬਣ ਕੇ ਇਸ ਸਦੀ ਵਿਚ ਵਿਚਰੇ। ਇਸ ਗੱਲ ਨੂੰ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਮਹਾਨ ਕੋਸ਼ ਵਿਚ ਨਾਨਕ ਪੰਥੀਆਂ ਦੀਆਂ ਤਸਵੀਰਾਂ ਦੇਣ ਸਮੇਂ ਨਿਹੰਗ ਵਜੋਂ ਅਕਾਲੀ ਜੀ ਦੀ ਤਸਵੀਰ ਸ਼ਾਮਲ ਕਰ ਕੇ ਨਿਰਧਾਰਿਤ ਕਰ ਦਿੱਤਾ ਸੀ।

*(ਪ੍ਰਮੁੱਖ ਸਿੱਖ ਸ਼ਖ਼ਸੀਅਤਾਂ, ਪੰਨਾ ੨੨੮)*

ਪ੍ਰਮਾਣਿਕ ਨਿਤਨੇਮ ਗੁਟਕਾ ਅਤਿਅੰਤ ਟਕਸਾਲੀ ਬਿਰਤੀ ਰੂਪ 'ਚ ਪ੍ਰਕਾਸ਼ਿਤ ਰਚਨਾ ਹੈ, ਜੋ ਹੁਣ ਦੁਰਲੱਭ ਹੈ। ਮੈਂ ਇਸ ਗੁਟਕੇ ਦੇ ਦਰਸ਼ਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਕੀਤੇ ਹਨ। ਸ. ਹਿੰਮਤ ਸਿੰਘ ਦੇ ਸ਼ਬਦਾਂ 'ਚ, ਅਕਾਲੀ ਕੌਰ ਸਿੰਘ ਕਸ਼ਮੀਰ ਦੀ ਸੜ ਰਹੀ ਧਰਤੀ ਦੀ ਅੱਗ ਬੁਝਾਉਣ ਆਇਆ ਸੀ। ਉਨ੍ਹਾਂ ਦੇ ਨੂਰਾਨੀ ਅਤੇ ਚਮਕਦੇ ਚੇਹਰੇ ਵੱਲ ਝਾਕਣ ਦੀ ਜੁਰਅਤ ਪੈਣੀ ਬੜੀ ਮੁਸ਼ਕਲ ਹੁੰਦੀ ਹੈ।

ਹਜ਼ੂਰੀ ਸਾਥੀ ਅਕਾਲੀ ਕੌਰ ਸਿੰਘ ਦੀ ਹਜ਼ੂਰ ਸਾਹਿਬ ਦੇ ਨਿਹੰਗ ਸਿੰਘਾਂ ਸੇਵਕਾਂ ਬਾਬਿਆਂ ਦਾ ਸੰਖੇਪ ਇਤਿਹਾਸ ਹੈ। ਦੱਖਣ ਦੇ ਨਿਹੰਗ ਸਿੰਘਾਂ ਬਾਰੇ ਇਹ ਆਪਣੀ ਕਿਸਮ ਦੀ ਪਹਿਲੀ ਪੁਸਤਕ ਹੈ। ■

# ਸਿੱਖਾਂ 'ਤੇ ਹੋਏ ਕਹਿਰ ਦੀ ਦਾਸਤਾਨ
# ਵੱਡਾ ਘੱਲੂਘਾਰਾ

*-ਦਿਲਜੀਤ ਸਿੰਘ 'ਬੇਦੀ'**

ਸਿੱਖ ਇਤਿਹਾਸ ਦੇ ਪੱਤਰੇ ਫਰੋਲਿਆਂ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਸਿੱਖਾਂ 'ਤੇ ਹੋਏ ਜ਼ੁਲਮਾਂ ਦੀ ਫਹਿਰਿਸਤ ਅਤਿਅੰਤ ਲੰਮੀ ਹੈ। ਇਸ ਸੂਚੀ ਵਿਚ ਸਿੱਖ ਚਰਖੜੀਆਂ 'ਤੇ ਚੜ੍ਹਦੇ, ਆਰਿਆਂ ਨਾਲ ਚੀਰੇ ਜਾਂਦੇ, ਰੰਬੀਆਂ ਨਾਲ ਖੋਪਰ ਲੁਹਾਉਂਦੇ, ਉਬਲਦੇ ਪਾਣੀ ਵਿਚ ਉਬਾਲੇ ਖਾਂਦੇ, ਰੂੰ ਵਿਚ ਲਪੇਟੇ ਅੱਗ ਨਾਲ ਸੜਦੇ ਅਤੇ ਪਤਾ ਨਹੀਂ ਹੋਰ ਕਿੰਨੇ ਕਸ਼ਟ ਸਹਾਰਦੇ ਨਜ਼ਰੀਂ ਚੜ੍ਹਦੇ ਹਨ। ਸਿੱਖਾਂ 'ਤੇ ਹੋਏ ਕਹਿਰ ਦੇ ਅਜਿਹੇ ਦਰਦਨਾਕ ਮੰਜ਼ਰ ਇਤਿਹਾਸ ਆਪਣੀ ਬੁੱਕਲ਼ ਵਿਚ ਛੁਪਾਈ ਬੈਠਾ ਹੈ। ਸਿੱਖਾਂ ਦੀਆਂ ਸ਼ਹਾਦਤਾਂ ਦੇ ਗਵਾਹ ਸ਼ਹੀਦੀ ਸਾਕੇ ਅਤੇ ਘੱਲੂਘਾਰੇ ਆਪਣੀ ਵਿਥਿਆ ਆਪ ਬਿਆਨ ਕਰਦੇ ਹਨ। ਸਿੱਖਾਂ ਦੀਆਂ ਸ਼ਹਾਦਤਾਂ ਦਾ ਇਤਿਹਾਸ ਲਹੂ ਨਾਲ ਲਿਖਿਆ ਗਿਆ ਮਿਸਾਲੀ ਇਤਿਹਾਸ ਹੈ।

ਇਹ ਨਹੀਂ ਕਿ ਜਦੋਂ ਸਿੱਖ ਕੌਮ ਕਹਿਰ, ਜ਼ੁਲਮ ਅਤੇ ਤਸੀਹਿਆਂ ਦੇ ਦੌਰ ਵਿੱਚੋਂ ਲੰਘ ਰਹੀ ਸੀ, ਉਦੋਂ ਸਿੱਖਾਂ ਦੇ ਹੌਸਲੇ ਪਸਤ ਹੋ ਚੁੱਕੇ ਸਨ, ਸਗੋਂ ਸਿੱਖਾਂ ਦੇ ਚੜ੍ਹਦੀ ਕਲਾ ਨਾਲ ਭਰਪੂਰ ਚਿਹਰੇ ਜ਼ਾਲਿਮ ਅਤੇ ਜ਼ੁਲਮ ਦਾ ਟਾਕਰਾ ਕਰਨ ਲਈ ਸਦਾ ਤਿਆਰ-ਬਰ-ਤਿਆਰ ਰਹਿੰਦੇ ਸਨ। ਜ਼ੁਲਮਾਂ ਦੇ ਕਹਿਰੀ ਦੌਰ ਵਿਚ ਸਿੱਖੀ ਹੋਰ ਵੀ ਵੱਧ ਚਮਕੀ। ਇਹ ਗੁਰੂ ਦੀ ਕਿਰਪਾ ਹੀ ਸੀ ਕਿ ਸਿੱਖਾਂ ਨੂੰ ਖਤਮ ਕਰਨ ਦੀ ਨੀਅਤ ਨਾਲ ਆਈਆਂ ਸ਼ਕਤੀਆਂ ਨੂੰ ਕਰਾਰਾ ਜਵਾਬ ਮਿਲਿਆ। ਰੱਬੀ ਰੰਗ ਵਿਚ ਰੰਗੇ ਸਿੱਖਾਂ ਨੇ ਮੌਤ ਨੂੰ ਮਖੌਲਾਂ ਕੀਤੀਆਂ ਤੇ ਆਪਣੀਆਂ ਜਾਨਾਂ ਤੋਂ ਪਹਿਲਾਂ ਆਪਣਾ ਧਰਮ ਸਮਝਿਆ। ਸਿੱਖੀ ਸਿਦਕ ਵਿਚ ਪੱਕੇ ਸੂਰਮਿਆਂ ਨੇ ਸਿਰਾਂ ਦੀ ਪਰਵਾਹ ਨਾ ਕੀਤੀ। ਅਜਿਹੀਆਂ ਘਟਨਾਵਾਂ ਦੇ ਸਾਖੀ ਸਿੱਖ ਇਤਿਹਾਸ ਦੇ ਪੱਤਰੇ ਸਿਦਕੀ ਸਿੱਖਾਂ ਦੀਆਂ ਕੁਰਬਾਨੀਆਂ ਦੀ ਲੰਮੀ ਦਾਸਤਾਨ ਬਿਆਨਦੇ ਹਨ।

ਸਿੱਖਾਂ 'ਤੇ ਹੋਏ ਕਹਿਰ ਦੀ ਕਹਾਣੀ ਬਿਆਨਦਾ 'ਵੱਡਾ ਘੱਲੂਘਾਰਾ' ਸਿੱਖ ਇਤਿਹਾਸ ਦਾ ਉਹ ਪੰਨਾ ਹੈ, ਜਿਸ ਦਾ ਹਰ ਅੱਖਰ ਸਿੱਖਾਂ ਦੀ ਹਿੰਮਤ, ਦਲੇਰੀ, ਸਹਿਣਸ਼ੀਲਤਾ ਅਤੇ ਧਰਮ ਪ੍ਰਤੀ ਸਮਰਪਣ ਭਾਵਨਾ ਨੂੰ ਪ੍ਰਗਟਾਉਂਦਾ ਹੈ। ਇਤਿਹਾਸ ਅਨੁਸਾਰ ਅਹਿਮਦ ਸ਼ਾਹ ਅਬਦਾਲੀ ਵੱਲੋਂ ਹਿੰਦੋਸਤਾਨ 'ਤੇ ਕੀਤੇ ਗਏ ਹਮਲਿਆਂ ਮੌਕੇ ਉਸ ਵੱਲੋਂ ਬੰਦੀ ਬਣਾਈਆਂ ਲੜਕੀਆਂ ਨੂੰ ਸਿੱਖਾਂ ਨੇ ਛੁਡਵਾਇਆ। ਸਿੱਖਾਂ ਪ੍ਰਤੀ ਅਬਦਾਲੀ ਅੰਦਰ ਭਾਰੀ ਰੋਹ ਸੀ ਅਤੇ ਉਸ ਦੀ ਨੀਅਤ ਸਿੱਖਾਂ ਨੂੰ ਸਬਕ ਸਿਖਾਉਣ ਦੀ ਸੀ।

ਓਧਰ ੧੭੬੧ ਦੀ ਦੀਵਾਲੀ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਸਰਬੱਤ ਖਾਲਸਾ ਸਮਾਗਮ ਵਿਚ ਗੁਰਮਤਾ ਪਾਸ ਕੀਤਾ ਗਿਆ ਕਿ ਅਬਦਾਲੀ ਦੇ ਅਧਿਕਾਰੀਆਂ ਦੇ ਨਾਲ-ਨਾਲ ਉਨ੍ਹਾਂ ਸਥਾਨਕ ਲੋਕਾਂ ਨੂੰ ਵੀ ਸੋਧਿਆ ਜਾਵੇ ਜੋ ਅਸਿੱਧੇ ਰੂਪ ਵਿੱਚ ਉਸ ਦੀ ਮਦਦ ਕਰਦੇ ਹਨ। ਇਨ੍ਹਾਂ ਵਿਚ ਸਭ ਤੋਂ ਉਪਰ ਨਾਮ ਜੰਡਿਆਲੇ ਦੇ ਨਿਰੰਜਨੀਏ ਮਹੰਤ ਆਕਿਲ ਦਾਸ ਦਾ ਸੀ। ਜਦ ਇਸ ਦੀ ਭਿਣਕ ਆਕਿਲ ਦਾਸ ਨੂੰ ਪਈ ਤਾਂ ਉਸ ਨੇ ਅਬਦਾਲੀ ਨੂੰ ਮੱਦਦ ਲਈ ਤੇਜ਼ ਰਫਤਾਰ ਸੁਨੇਹਾ ਭੇਜਿਆ। ਅਬਦਾਲੀ ਪਹਿਲਾਂ ਹੀ ਭਾਰੀ ਫੌਜ ਸਮੇਤ ਪੰਜਾਬ ਵੱਲ ਚਾਲੇ ਪਾ ਚੁੱਕਾ ਸੀ। ਆਕਿਲ ਦਾਸ ਦਾ ਸੁਨੇਹਾ ਮਿਲਣ ਤੋਂ ਬਾਅਦ ਉਹ ਹੋਰ ਵੀ ਤੇਜ਼ੀ ਨਾਲ ਪੰਜਾਬ ਵੱਲ ਵਧਣ ਲੱਗਾ। ਇਧਰ ਅਬਦਾਲੀ

(ਬਾਕੀ ਪੰਨਾ ੨੨ 'ਤੇ)

*ਐਡੀ. ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।




ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੱਖ ਨੌਜਵਾਨ ਗੁਰਮਤਿ ਚੇਤਨਾ ਸਮਾਗਮ ਸਮੇਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਕਮੇਟੀ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ।
ਹੇਠਾਂ: ਸੰਗਤਾਂ ਦਾ ਵਿਸ਼ਾਲ ਇਕੱਠ।

(10 ਜਨਵਰੀ 2017)




ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਵਿਖੇ ਜੋੜ ਮੇਲ ਬਸੰਤ ਪੰਚਮੀ ਸਮੇਂ ਕਰਵਾਏ ਗਏ ਗੁਰਮਤਿ ਸਮਾਗਮ ਵਿਚ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕਰਦੇ ਹੋਏ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

(1 ਫਰਵਰੀ 2017)




ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਵਿਖੇ ਅਕਾਲੀ ਕੌਰ ਸਿੰਘ ਨਿਹੰਗ ਦੀ ਯਾਦ ਨੂੰ ਸਮਰਪਿਤ ਕਰਵਾਏ ਗਏ ਗੁਰਮਤਿ ਸਮਾਗਮ ਸਮੇਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਵੱਖ-ਵੱਖ ਬੁਲਾਰੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ। ਹੇਠਾਂ: ਸੰਗਤਾਂ ਦਾ ਵਿਸ਼ਾਲ ਇਕੱਠ।

(23 ਜਨਵਰੀ 2017)



ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਵਿਖੇ ਅਕਾਲੀ ਕੌਰ ਸਿੰਘ ਨਿਹੰਗ ਦੀ ਯਾਦ ਨੂੰ ਸਮਰਪਿਤ ਕਰਵਾਏ ਗਏ ਗੁਰਮਤਿ ਸਮਾਗਮ ਉਪਰੰਤ ਖੂਨ ਦਾਨ ਕੈਂਪ ਸਮੇਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ।

(23 ਜਨਵਰੀ 2017)




ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ ਪਾ: ਅੱਠਵੀਂ (ਅੰਬਾਲਾ) ਵਿਖੇ ਲੰਗਰ ਹਾਲ ਦਾ ਨੀਂਹ ਪੱਥਰ ਰੱਖਦੇ ਹੋਏ। ਉਨ੍ਹਾਂ ਨਾਲ ਬਾਬਾ ਜਗਤਾਰ ਸਿੰਘ ਤਰਨਤਾਰਨ ਵਾਲੇ, ਸ. ਬਲਦੇਵ ਸਿੰਘ ਕਿਆਮਪੁਰ ਸੀਨੀਅਰ ਮੀਤ ਪ੍ਰਧਾਨ ਤੇ ਹੋਰ।

(8 ਜਨਵਰੀ 2017)






ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਜਨਮ ਦਿਹਾੜੇ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਏ ਗਏ ਨਗਰ ਕੀਰਤਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕਰਨ ਲਈ ਲੈ ਕੇ ਜਾਂਦੇ ਹੋਏ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਹੈੱਡ ਗ੍ਰੰਥੀ।
ਹੇਠਾਂ: ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ।

(26 ਜਨਵਰੀ 2017)



ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਰਵਾਏ ਗਏ ਕਵੀ ਦਰਬਾਰ ਵਿਚ ਕਵੀ ਜਨ ਬਾਬਾ ਜੀ ਦੇ ਜੀਵਨ ਸਬੰਧੀ ਆਪਣੀਆਂ ਕਵਿਤਾਵਾਂ ਰਾਹੀਂ ਸੰਗਤਾਂ ਨੂੰ ਜਾਣੂ ਕਰਵਾਉਂਦੇ ਹੋਏ।
(28 ਜਨਵਰੀ 2017)



ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਦੌਰਾਨ ਅੰਮ੍ਰਿਤ-ਅਭਿਲਾਖੀਆਂ ਨਾਲ ਪੰਜ ਪਿਆਰੇ ਸਾਹਿਬਾਨ।
(28 ਜਨਵਰੀ 2017)




ਸ. ਨਰਪਾਲ ਸਿੰਘ ਸ਼ੇਰਗਿੱਲ ਵੱਲੋਂ ਪ੍ਰਕਾਸ਼ਿਤ ਪੁਸਤਕ 'ਇੰਡੀਅਨਜ਼ ਅਬਰੌਡ' ਨੂੰ ਸਾਂਝੇ ਰੂਪ 'ਚ ਲੋਕ ਅਰਪਣ ਕਰਦੇ ਹੋਏ ਗਿਆਨੀ ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗਿਆਨੀ ਮੱਲ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਅਮਰਜੀਤ ਸਿੰਘ ਚਾਵਲਾ ਜਨਰਲ ਸਕੱਤਰ, ਡਾ. ਗੁਰਮੋਹਨ ਸਿੰਘ ਵਾਲੀਆ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ। (11 ਜਨਵਰੀ 2017)




ਸ. ਭੁਪਿੰਦਰ ਸਿੰਘ ਹਾਲੈਂਡ ਆਪਣੀ ਪੁਸਤਕ 'ਸਿੱਖਸ ਇਨ ਵਰਲਡ ਵਾਰ ਸੈਕਿੰਡ' ਦੀ ਕਾਪੀ ਗਿਆਨੀ ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗਿਆਨੀ ਮੱਲ ਸਿੰਘ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਤੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਭੇਟ ਕਰਦੇ ਹੋਏ। ਉਨ੍ਹਾਂ ਨਾਲ ਸ. ਅਮਰਜੀਤ ਸਿੰਘ ਚਾਵਲਾ ਜਨਰਲ ਸਕੱਤਰ, ਬੀਬੀ ਰਣਜੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾ. ਗੁਰਮੋਹਨ ਸਿੰਘ ਵਾਲੀਆ ਵਾਈਸ ਚਾਂਸਲਰ ਤੇ ਹੋਰ। (12 ਜਨਵਰੀ 2017)



ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਲ 2017-18 ਦੇ ਬਜਟ ਸਬੰਧੀ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨਾਲ ਵਿਚਾਰਾਂ ਕਰਦੇ ਹੋਏ। ਉਨ੍ਹਾਂ ਨਾਲ ਸ. ਹਰਚਰਨ ਸਿੰਘ ਮੁੱਖ ਸਕੱਤਰ, ਡਾ. ਰੂਪ ਸਿੰਘ ਤੇ ਸ. ਅਵਤਾਰ ਸਿੰਘ ਸਕੱਤਰ, ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾ ਕੋਹਨਾ, ਸ. ਹਰਭਜਨ ਸਿੰਘ ਮਨਾਵਾਂ, ਸ. ਰਣਜੀਤ ਸਿੰਘ ਤੇ ਹੋਰ।

(28 ਜਨਵਰੀ 2017)



ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਕਿਸਤਾਨ ਦੇ ਸੂਬਾ ਸਿੰਧ ਤੋਂ ਆਏ ਸ਼ਰਧਾਲੂਆਂ ਦੇ ਜਥੇ ਨਾਲ ਗੱਲਬਾਤ ਕਰਦੇ ਹੋਏ। ਉਨ੍ਹਾਂ ਨਾਲ ਹਨ ਡਾ. ਰੂਪ ਸਿੰਘ ਸਕੱਤਰ।

(29 ਜਨਵਰੀ 2017)

(ਪੰਨਾ ੧੮ ਦਾ ਬਾਕੀ)

ਦੇ ਹਮਲੇ ਦੀ ਜਾਣਕਾਰੀ ਮਿਲਦਿਆਂ ਹੀ ਸਿੰਘ ਆਪਣੇ ਪਰਿਵਾਰਾਂ ਸਮੇਤ ਮਾਝੇ ਤੇ ਦੁਆਬੇ ਦੇ ਇਲਾਕੇ ਖਾਲੀ ਕਰਕੇ ਸਤਲੁਜ ਤੋਂ ਪਾਰ ਚਲੇ ਗਏ। ਸਿੰਘ ਆਪਣੇ ਪਰਿਵਾਰਾਂ ਨੂੰ ਵੀ ਨਾਲ ਲੈ ਗਏ ਸਨ। ਅਬਦਾਲੀ ਨੇ ਬੇਹੱਦ ਚਲਾਕੀ ਭਰੀ ਚਾਲ ਚੱਲੀ, ਉਸ ਨੇ ਅੰਮ੍ਰਿਤਸਰ ਉੱਪਰ ਹਮਲਾ ਕੀਤਾ ਤੇ ਵਾਪਸ ਲਾਹੌਰ ਚਲਾ ਗਿਆ। ਇਹ ਉਸ ਦੀ ਚਾਲ ਸੀ ਕਿ ਸਿੱਖ ਅਵੇਸਲੇ ਹੋ ਜਾਣ। ਇਸੇ ਦੌਰਾਨ ਉਸ ਨੇ ਸਰਹਿੰਦ, ਮਲੇਰਕੋਟਲਾ ਆਦਿ ਫੌਜਦਾਰਾਂ ਨੂੰ ਆਪਣੀ ਅਗਲੀ ਚਾਲ ਦੀ ਜਾਣਕਾਰੀ ਭੇਜ ਦਿੱਤੀ ਸੀ। ਫਿਰ ਅਚਾਨਕ ਅਬਦਾਲੀ ਆਪਣੀ ਫੌਜ ਸਮੇਤ ਲਾਹੌਰ ਤੋਂ ਵਾਪਿਸ ਆਇਆ।

ਜਦੋਂ ਤੱਕ ਸਿੱਖਾਂ ਨੂੰ ਖ਼ਬਰ ਮਿਲੀ ਉਦੋਂ ਤੱਕ ਅਬਦਾਲੀ ਉਨ੍ਹਾਂ ਦੇ ਬਹੁਤ ਕਰੀਬ ਆ ਚੁੱਕਾ ਸੀ। ਸਿੱਖ ਜਥੇ ਅੰਦਰ ਵੱਡੀ ਗਿਣਤੀ ਵਿੱਚ ਔਰਤਾਂ, ਬੱਚੇ ਅਤੇ ਬਜ਼ੁਰਗ ਸਨ। ੫ ਫਰਵਰੀ ੧੭੬੨ ਦੀ ਸਵੇਰ ਨੂੰ ਸਿੰਘਾਂ ਦੀ ਪੂਰੀ ਤਿਆਰੀ ਤੋਂ ਪਹਿਲਾਂ ਹੀ ਅਬਦਾਲੀ ਦੀ ਫੌਜ ਨੇ ਸਿੱਖਾਂ ਦੇ ਵਹੀਰ 'ਤੇ ਪਿੰਡ ਕੁੱਪ-ਰਹੀੜੇ ਵਿਖੇ ਹਮਲਾ ਕਰ ਦਿੱਤਾ। ਵਹੀਰ ਨਾਲ ਚੱਲਣ ਵਾਲੇ ਸ਼ਸਤਰਧਾਰੀ ਸਿੰਘ ਬਹੁਤ ਥੋੜੀ ਗਿਣਤੀ ਵਿੱਚ ਸਨ। ਸਿੰਘ ਅਬਦਾਲੀ ਦੀ ਫੌਜ ਦਾ ਡੱਟ ਕੇ ਮੁਕਾਬਲਾ ਕਰਦੇ ਰਹੇ। ਦੂਸਰੇ ਪਾਸੇ ਸਿੱਖ ਵਹੀਰ 'ਤੇ ਸੂਬਾ ਸਰਹਿੰਦ ਜੈਨ ਖਾਨ ਦੀ ਅਗਵਾਈ ਵਾਲੀ ਫੌਜ ਨੇ ਹਮਲਾ ਕਰ ਦਿੱਤਾ। ਸ਼ਾਮ ਸਿੰਘ ਕਰੋੜਸਿੰਘੀਏ ਦੀ ਕਮਾਨ ਹੇਠ ਸਿੰਘਾਂ ਨੇ ਜੈਨ ਖਾਨ ਨੂੰ ਮੈਦਾਨ ਛੱਡ ਕੇ ਭੱਜਣ ਲਈ ਮਜਬੂਰ ਕਰ ਦਿੱਤਾ। ਓਧਰ ਅਬਦਾਲੀ ਦੀ ਫੌਜ ਨਾਲ ਲੜ ਰਹੇ ਸਿੰਘਾਂ ਸਾਹਮਣੇ ਅਜੀਬ ਸਥਿਤੀ ਪੈਦਾ ਹੋ ਗਈ ਸੀ, ਭਾਵੇਂ ਉਨ੍ਹਾਂ ਨੇ ਅਬਦਾਲੀ ਨੂੰ ਅੱਗੇ ਵਧਣ ਤੋਂ ਪੂਰੀ ਤਰਾਂ ਰੋਕਿਆ ਹੋਇਆ ਸੀ ਪਰ ਵਹੀਰ ਉੱਪਰ ਹੋਏ ਹਮਲੇ ਨੇ ਸਿੱਖ ਆਗੂਆਂ ਨੂੰ ਨਵੀਂ ਰਣਨੀਤੀ ਘੜਣ ਲਈ ਮਜਬੂਰ ਕਰ ਦਿੱਤਾ। ਨਵੀਂ ਨੀਤੀ ਤਹਿਤ ਸਿੰਘ ਅਬਦਾਲੀ ਦੀ ਫੌਜ ਅੱਗੋਂ ਇਕਦਮ ਪਿਛੇ ਹਟ ਕੇ ਵਹੀਰ ਨਾਲ ਜਾ ਰਲੇ। ਸ਼ਸਤਰਧਾਰੀ ਸਿੰਘਾਂ ਨੇ ਵਹੀਰ ਦੇ ਦੁਆਲੇ ਮਨੁੱਖੀ ਕਿਲ੍ਹੇ ਦੀ ਸ਼ਕਲ ਅਖਤਿਆਰ ਕਰ ਲਈ।

ਸਿੰਘ ਦੁਸ਼ਮਣ ਨਾਲ ਜ਼ਬਰਦਸਤ ਮੁਕਾਬਲਾ ਕਰਦੇ ਰਹੇ। ਖੁਦ ਨੂੰ ਜਹਾਦੀ ਅਖਵਾਉਣ ਵਾਲੇ ਅਬਦਾਲੀ ਦੀ ਕਾਇਰਤਾ ਦਾ ਆਲਮ ਅਜਿਹਾ ਸੀ ਕਿ ਮੁਸਲਿਮ ਫੌਜ ਸਾਰਾ ਦਿਨ ਸਿੰਘਾਂ ਨਾਲ ਲੋਹਾ ਲੈਣ ਦੀ ਬਜਾਏ ਔਰਤਾਂ, ਬੱਚਿਆਂ ਤੇ ਬਜ਼ੁਰਗਾਂ ਦੀ ਨਿਹੱਥੀ ਵਹੀਰ ਦੇ ਕਤਲੇਆਮ ਦੀਆਂ ਕੋਸ਼ਿਸ਼ਾਂ ਵਿੱਚ ਰੁੱਝੀ ਰਹੀ। ਸ. ਜੱਸਾ ਸਿੰਘ ਆਹਲੂਵਾਲੀਆ, ਸ. ਚੜ੍ਹਤ ਸਿੰਘ ਸ਼ੁਕਰਚੱਕੀਆ ਆਦਿ ਜਰਨੈਲਾਂ ਦੀ ਅਗਵਾਈ ਵਿਚ ਸਿੱਖਾਂ ਦਾ ਕਾਫਲਾ ਦੁਸ਼ਮਣ ਦਾ ਟਾਕਰਾ ਕਰਦਾ ਰਿਹਾ। ਸਿੱਖਾਂ ਨੇ ਅਬਦਾਲੀ ਦੀਆਂ ਫੌਜਾਂ ਨੂੰ ਭਾਜੜ ਪਾਈ ਰੱਖੀ। ਸ਼ਾਮ ਸਮੇਂ ਅਬਦਾਲੀ ਨੂੰ ਸਥਾਨਕ ਲੋਕਾਂ ਅਤੇ ਸੂਹੀਆਂ ਤੋਂ ਜਾਣਕਾਰੀ ਮਿਲੀ ਕਿ ਮਾਲਵੇ ਵੱਲੋਂ ਸਿੰਘਾਂ ਦੇ ਜਥੇ ਵਹੀਰ ਦੀ ਮਦਦ ਲਈ ਆ ਰਹੇ ਹਨ ਤੇ ਇਸ ਤੋਂ ਅੱਗੇ ਜ਼ਿਆਦਾਤਰ ਪਿੰਡ ਵੀ ਸਿੱਖ ਵੱਸੋਂ ਵਾਲੇ ਹੀ ਹਨ। ਅਜਿਹੀਆਂ ਖਬਰਾਂ ਤੇ ਆਪਣੀ ਫੌਜ ਦੇ ਹੋਏ ਭਾਰੀ ਨੁਕਸਾਨ ਵੱਲ ਵੇਖਦਿਆਂ ਅਬਦਾਲੀ ਨੇ ਵਾਪਸ ਮੁੜਨ ਵਿੱਚ ਹੀ ਭਲਾਈ ਸਮਝੀ।

ਇਸ ਘੱਲੂਘਾਰੇ ਵਿਚ ਬੱਚਿਆਂ, ਔਰਤਾਂ ਅਤੇ ਬਜ਼ੁਰਗਾਂ ਸਮੇਤ ਵੱਡੀ ਗਿਣਤੀ ਵਿਚ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ। ਦੂਸਰੇ ਪਾਸੇ ਸਿੱਖ ਕੌਮ ਵਿਰੁੱਧ ਵਾਪਰੇ ਇਸ ਘੱਲੂਘਾਰੇ ਦੌਰਾਨ ਸਿੱਖਾਂ ਦੀਆਂ ਇਨ੍ਹਾਂ ਬੇਮਿਸਾਲ ਸ਼ਹਾਦਤਾਂ ਨੇ ਕੌਮ ਅੰਦਰ ਸ਼ਹਾਦਤ ਦੇ ਜਜ਼ਬੇ ਨੂੰ ਹੋਰ ਵੀ ਪ੍ਰਚੰਡ ਕਰ ਦਿੱਤਾ। ਇਹ ਘੱਲੂਘਾਰਾ ਸਿੱਖ ਕੌਮ ਦੀ ਬਹਾਦਰੀ ਅਤੇ ਅਣਖ ਨਾਲ ਜੁੜਿਆ ਹੋਇਆ ਹੈ ਅਤੇ ਇਤਿਹਾਸ ਦੇ ਇਹ ਵਰਕੇ ਅਜੋਕੇ ਸਮੇਂ ਵਿਚ ਵੀ ਸਿੱਖ ਕੌਮ ਦੀ ਆਪਣੇ ਧਰਮ ਅਤੇ ਪਰੰਪਰਾਵਾਂ ਦੀ ਰਖਵਾਲੀ ਲਈ ਪ੍ਰੇਰਨਾ-ਸਰੋਤ ਵਜੋਂ ਅਗਵਾਈ ਕਰਦੇ ਹਨ।

■

# ਸਾਕਾ ਨਨਕਾਣਾ ਸਾਹਿਬ

*-ਪ੍ਰੋ. ਦਲਜੀਤ ਸਿੰਘ*

ਇਸ ਧਰਤੀ 'ਤੇ ਸਮੇਂ-ਸਮੇਂ ਕਈ ਨਵੀਆਂ ਵਿਚਾਰਧਾਰਾਵਾਂ, ਫ਼ਲਸਫੇ ਪਨਪੇ ਅਤੇ ਸਮੇਂ ਦੀ ਹਨੇਰੀ ਨਾਲ ਖੇਰੂੰ-ਖੇਰੂੰ ਹੋ ਗਏ। ਜਿਨ੍ਹਾਂ ਵਿਚਾਰਧਾਰਾਵਾਂ ਅਤੇ ਫ਼ਲਸਫ਼ਿਆਂ ਨੂੰ ਕੌਮਾਂ ਨੇ ਆਪਣੇ ਖ਼ੂਨ ਨਾਲ ਸਿੰਚਿਆ ਉਹ ਸਥਾਪਤ ਰਹੇ ਅਤੇ ਅਜੇ ਤਕ ਜਿਉਂ ਦੇ ਤਿਉਂ ਖੜ੍ਹੇ ਹਨ। ਜਿਨ੍ਹਾਂ ਕੌਮਾਂ ਵਿਚ ਮੌਤ ਪ੍ਰਤੀ ਲਾਪਰਵਾਹੀ ਅਤੇ ਨਿਡਰਤਾ, ਆਪਣੇ ਰਹਿਬਰ ਅਤੇ ਫ਼ਲਸਫੇ ਪ੍ਰਤੀ ਪੂਰਨ ਸਮਰਪਣ ਦੀ ਭਾਵਨਾ ਹੁੰਦੀ ਹੈ, ਉਨ੍ਹਾਂ ਦੇ ਵਜੂਦ ਨੂੰ ਕੋਈ ਤਾਕਤ ਅਤੇ ਜਬਰ ਖ਼ਤਮ ਨਹੀਂ ਕਰ ਸਕਦਾ। ਸੰਸਾਰ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜਿਨ੍ਹਾਂ ਸਿਰ ਦਿੱਤੇ, ਆਪਾ ਵਾਰਿਆ ਉਹ ਕੌਮਾਂ ਜਿਊਂਦੀਆਂ ਹਨ ਅਤੇ ਸੰਸਾਰੀਆਂ ਨੂੰ ਨਵੀਂ ਚੇਤਨਾ ਨਾਲ ਭਰਦੀਆਂ ਹਨ। ਸਿੱਖਾਂ ਦੀ ਖਾਲਸੇ ਦੇ ਰੂਪ ਵਿਚ ਇਸ ਧਰਤੀ 'ਤੇ ਸਥਾਪਤੀ ਅਕਾਲ ਪੁਰਖ ਦੀ ਉਸ ਮੌਜ ਦੀ ਗਵਾਹੀ ਹੈ ਜਿਹੜੀ ਦਸਵੇਂ ਪਾਤਸ਼ਾਹ ਦੇ ਰਾਹੀਂ ਆਪਣਾ ਮੁਕੰਮਲ ਰੂਪ ਧਾਰਨ ਕਰਦੀ ਹੈ। ਅਕਾਲ ਪੁਰਖ ਇਸ ਧਰਤੀ ਨੂੰ ਉਨ੍ਹਾਂ ਮਰਦ ਪੁਰਖਾਂ ਰਾਹੀਂ ਸੰਵਾਰਨਾ ਅਤੇ ਸਜਾਉਣਾ ਚਾਹੁੰਦਾ ਹੈ, ਜਿਨ੍ਹਾਂ ਨੇ ਸੱਚ ਦੀ ਗਵਾਹੀ ਭਰਨੀ ਹੈ ਅਤੇ ਉਸ ਦੀ ਸਥਾਪਤੀ ਲਈ ਆਪਾ ਕੁਰਬਾਨ ਕਰਨ ਲਈ ਤਤਪਰ ਰਹਿਣਾ ਹੈ। ਇਸ ਧਰਤੀ ਧਰਮਸਾਲ ਨੂੰ ਕਾਮਲ ਪੁਰਖਾਂ ਨਾਲ ਸੁਸ਼ੋਭਿਤ ਕਰਨ ਲਈ ਹੀ ਪੂਰਨ ਪੁਰਖ ਨੇ ਖਾਲਸੇ ਦੀ ਹੋਂਦ ਨੂੰ ਸਾਕਾਰ ਰੂਪ ਦਿੱਤਾ। ਮਹਾਨ ਕੌਮਾਂ ਯਕੀਨਨ ਪਰਮਾਤਮਾ ਵੱਲੋਂ ਸੱਚ ਦੀ ਗਵਾਹੀ ਭਰਨ ਲਈ ਸਮੇਂ-ਸਮੇਂ ਨਵੇਂ ਇਮਤਿਹਾਨਾਂ ਵਿੱਚੋਂ ਗੁਜ਼ਰ ਕੇ ਸੱਚ ਪ੍ਰਤੀ ਸੰਸਾਰ ਨੂੰ ਚੇਤਨਾ ਦਿੰਦੀਆਂ ਹਨ। ਵੱਡਾਪਨ ਵੱਡਿਆਂ ਕਾਰਨਾਮਿਆਂ ਕਰਕੇ ਹਾਸਲ ਹੁੰਦਾ ਹੈ। ਵੱਡੀ ਘਾਲਣਾ, ਵੱਡੇ ਆਦਰਸ਼ ਸਿਰਜ ਕੇ ਲੋਕਾਈ ਦੀ ਅਗਵਾਈ ਲਈ ਪ੍ਰੇਰਨਾ-ਸ੍ਰੋਤ ਬਣਦੀ ਹੈ। ਸਿੱਖ ਇਸ ਧਰਤੀ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਹੋਂਦ ਵਿਚ ਆ ਕੇ ਦਸਵੇਂ ਪਾਤਸ਼ਾਹ ਦੀ ਅੰਮ੍ਰਿਤ-ਅਸੀਸ ਸਦਕਾ ਸੰਤ-ਸਿਪਾਹੀ ਦੀ ਨਵੀਂ ਬੁਲੰਦੀ ਨੂੰ ਛੂੰਹਦਾ ਅਤੇ ਉਸ ਦੀ ਰਾਖੀ ਲਈ ਬੋਟੀ-ਬੋਟੀ ਹੋਣ ਦੇ ਹੌਸਲੇ ਨਾਲ ਪੂਰਨਤਾ ਨੂੰ ਹਾਸਲ ਕਰਦਾ ਹੈ। ਸਿੱਖ, ਪੰਜ-ਭੂਤਕ ਸਰੀਰ ਗੁਰੂ ਦੀ ਅਗਵਾਈ ਤੋਂ ਬਾਅਦ ਸ਼ਬਦ-ਗੁਰੂ ਦੀ ਸਰਪ੍ਰਸਤੀ ਹੇਠ ਲੋਕਾਈ ਸਨਮੁੱਖ ਹੋ ਕੇ ਨਵੀਆਂ ਪੈੜਾਂ ਪਾਉਂਦਾ ਆਪਣੇ ਸੱਚੇ ਪਾਤਸ਼ਾਹ ਨੂੰ ਸੱਚੀ ਨਮਸ਼ਕਾਰ ਕਰਦਾ ਹੈ। ਸਿੱਖ ਜਿੰਨੀ ਸ਼ਿੱਦਤ ਨਾਲ ਬਾਣੀ ਪੜ੍ਹਦਾ, ਸੇਵਾ ਕਰਦਾ ਅਤੇ ਆਪਣੇ ਗ੍ਰਿਹਸਤ ਜੀਵਨ ਨੂੰ ਨਿਭਾਉਂਦਾ ਹੈ, ਉਸ ਦੇ ਨਾਲ ਹੀ ਵਧੇਰੇ ਚਾਅ ਤੇ ਉਮਾਹ ਨਾਲ ਇਸ ਦੀ ਰਾਖੀ ਅਤੇ ਸਥਾਪਤੀ ਲਈ ਕੁਰਬਾਨ ਹੋਣ ਲਈ ਵੀ ਤਿਆਰ ਰਹਿੰਦਾ ਹੈ। ਇਤਿਹਾਸ ਇਨ੍ਹਾਂ ਦੀ ਇਸ ਦ੍ਰਿੜ੍ਹਤਾ ਦੀ ਗਵਾਹੀ ਸੀਨਾ ਠੋਕ ਕੇ ਦਿੰਦਾ ਹੈ। ਘਟਨਾਵਾਂ, ਤੱਥ, ਤਰੀਕਾਂ, ਚਰਿੱਤਰ ਇੰਨੇ ਜੀਵੰਤ ਅਤੇ ਪ੍ਰਮਾਣਿਕ ਹਨ ਕਿ ਇਵੇਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਉਹ ਸਭ ਸਾਡੇ ਸਾਹਮਣੇ ਹੀ ਵਾਪਰਿਆ ਹੋਵੇ। ਕੋਈ ਕਲਪਨਾ ਜਾਂ ਕਹਾਣੀ ਨਹੀਂ ਘੜੀ ਗਈ, ਯਥਾਰਥ-ਚਿਤਰਨ ਹੈ ਉਸ ਵਾਸਤਵਿਕਤਾ ਦਾ ਜੋ ਵਾਪਰੀ ਅਤੇ ਆਪਣੇ ਕਦੀ ਨਾ ਭੁੱਲਣ ਵਾਲੇ ਨਿਸ਼ਾਨ ਛੱਡ ਗਈ, ਤਾਂ ਕਿ ਆਉਣ ਵਾਲੀਆਂ ਨਸਲਾਂ ਆਪਣੇ ਬਜ਼ੁਰਗਾਂ ਤੋਂ ਪ੍ਰੇਰਨਾ ਲੈ ਕੇ ਸੱਚ ਦੀ ਸਥਾਪਤੀ ਲਈ ਹਰ ਪੱਖੋਂ ਤੱਤਪਰ ਰਹਿਣ।

ਨਨਕਾਣਾ ਸਾਹਿਬ ਦੀ ਉਹ ਪਾਵਨ ਧਰਤੀ ਜਿਥੇ ਦੁਨੀਆਂ ਦੇ ਸਭ ਤੋਂ ਮਹਾਨ ਆਧੁਨਿਕ, ਅਧਿਆਤਮਿਕ, ਰਾਜਨੀਤਿਕ, ਆਰਥਿਕ, ਸਮਾਜਿਕ ਚਿੰਤਕ ਨੇ ਕਦਮ ਰੱਖੇ; ਜਿਸ ਦੀ ਆਮਦ ਨਾਲ ਜ਼ਰ੍ਹਾ-ਜ਼ਰ੍ਹਾ ਖੁਸ਼, ਉਤਸ਼ਾਹਿਤ ਅਤੇ ਪ੍ਰਫੁੱਲਤ ਹੋਇਆ, ਮਨੁੱਖਤਾ ਨੇ ਸੁਖ, ਸਕੂਨ ਮਹਿਸੂਸਿਆ ਅਤੇ ਸੱਚ ਦੀ ਪਛਾਣ ਕੀਤੀ; ਉਸ ਮਹਾਨ ਪੁਰਖ ਨੂੰ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਪੁਕਾਰਿਆ ਅਤੇ ਸਤਿਕਾਰਿਆ ਜਾਂਦਾ ਹੈ। ਜਿਥੇ ਇਸ ਮਹਾਨ ਗੁਰੂ ਦੇ ਕਦਮ ਪਏ, ਉਹ ਧਰਤੀ ਧੰਨ ਹੋ ਗਈ, ਉਹ ਘਰ ਧਰਮਸਾਲ ਹੋ ਗਿਆ। ਜਿਸ ਹਿਰਦੇ ਨੇ ਇਸ ਦੀ ਅਵਾਜ਼ ਸੁਣੀ ਉਹ ਹਰਿ ਮੰਦਰ ਹੋ ਗਿਆ। ਸਮੇਂ ਦੇ ਗੁਜ਼ਰਨ ਨਾਲ ਧਰਮਸਾਲਾਵਾਂ 'ਤੇ ਕਾਬਜ਼ ਬੰਦੇ ਬਦਕਾਰ, ਖੂੰਖਾਰ ਅਤੇ ਵਿਭਚਾਰੀ ਹੋ ਗਏ। ਗੁਰਧਾਮਾਂ ਦੀ ਕਮਾਈ ਆਪਣੇ ਨਿੱਜੀ ਸਵਾਰਥਾਂ ਹਿਤ ਖਰਚਣ ਲੱਗੇ। ਬਾਬੇ ਦਾ ਅਦਬ,

ਸਤਿਕਾਰ ਭੁੱਲਦੇ ਗਏ। ਜਦੋਂ ਇਹ ਆਪਣੀ ਹਉਂ ਵਿਚ ਅੰਨ੍ਹੇ ਹੋ ਗਏ ਤਾਂ ਗੁਰੂ ਦੇ ਖਾਲਸੇ ਨੇ ਆਪਣੇ ਫ਼ਰਜ਼ ਨਿਭਾਉਣ ਲਈ ਸਿਰ ਤਲੀ 'ਤੇ ਰੱਖੇ। ਨਨਕਾਣਾ ਸਾਹਿਬ ਦਾ ਸਾਕਾ ਸਿੱਖਾਂ ਦੀ ਮਰਦਾਨਗੀ ਅਤੇ ਗੁਰੂ ਪ੍ਰਤੀ ਵਫ਼ਾਦਾਰੀ ਦਾ ਉਹ ਪੁਖਤਾ ਸਬੂਤ ਹੈ ਜਿਸ ਨੇ ਯੁੱਗਾਂ-ਯੁੱਗਾਂ ਤਕ ਖਾਲਸਈ ਕਾਰਗੁਜ਼ਾਰੀ ਨੂੰ ਜਿਊਂਦੀ ਰੱਖਣਾ ਹੈ। ਇਹ ਉਨ੍ਹਾਂ ਨਾਪਾਕ ਪੁਰਖਾਂ ਦੀ ਉਦਾਹਰਣ ਵੀ ਦਰਸਾਉਂਦਾ ਰਹੇਗਾ ਜਿਨ੍ਹਾਂ ਮਨੁੱਖਤਾ ਨੂੰ ਕਲੰਕਿਤ ਹੀ ਨਹੀਂ ਕੀਤਾ ਬਲਕਿ ਮਨੁੱਖ ਦੇ ਅੰਦਰ ਪਈ ਉਸ ਦਰਿੰਦਗੀ ਦਾ ਪਰਦਾਫਾਸ਼ ਵੀ ਕੀਤਾ ਹੈ ਜੋ ਧਾਰਮਿਕ ਲਿਬਾਸ ਦੇ ਅੰਦਰ ਆਪਾ ਲੁਕਾਈ ਰੱਖਦੀ ਹੈ। ਇਹ ਇਸ ਗੱਲ ਦੀ ਸਾਖੀ ਵੀ ਬਣਦੀ ਹੈ ਕਿ ਪਵਿੱਤਰ ਧਰਮ-ਸਥਾਨਾਂ 'ਤੇ ਭੇਖ ਧਾਰ ਕੇ ਕਾਬਜ਼ ਹੋਇਆਂ ਕੋਈ ਫਰਿਸ਼ਤਾ ਜਾਂ ਪੂਰਨ ਪੁਰਖ ਨਹੀਂ ਬਣਦਾ। ਸੱਚਾ ਗੁਰੂ ਆਪਣੇ ਸਾਤਵਿਕ ਰੂਪ ਖਾਲਸੇ ਰਾਹੀਂ ਪ੍ਰਗਟ ਹੋ ਕੇ ਅਜਿਹੀ ਭੇਖੀ ਅਤੇ ਮੈਲੀ ਵਿਵਸਥਾ ਨੂੰ ਨਾ ਸਿਰਫ਼ ਵੰਗਾਰਦਾ ਹੈ ਬਲਕਿ ਉਸ ਦੀਆਂ ਜੜ੍ਹਾਂ ਪੁੱਟ ਸੁੱਟਣ ਦੀ ਤਾਕਤ ਵੀ ਰੱਖਦਾ ਹੈ। ਜਿਸ ਧਰਤੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਆਪਣੇ ਵਜੂਦ ਨੂੰ ਖ਼ਲਕਤ ਦੇ ਸਾਹਮਣੇ ਪੂਜਨੀਕ ਪਵਿੱਤਰ ਧਾਮ ਰੂਪ ਵਿਚ ਪੇਸ਼ ਕੀਤਾ, ਜਿੱਥੋਂ ਸੰਸਾਰ ਨੂੰ ਸ਼ਾਂਤੀ, ਪ੍ਰੇਮ, ਭਾਈਚਾਰੇ ਅਤੇ ਅਧਿਆਤਮਕ ਉੱਨਤੀ ਦੀ ਲੋਅ ਲੱਗੀ, ਅੱਜ ਉਹੀ ਧਰਤੀ ਆਪਣੇ ਨਾਲ ਇਕ ਹੋਰ ਇਤਿਹਾਸਕ ਵਰਕਾ ਜੋੜਨ ਲਈ ਤਿਆਰ ਹੋਈ ਪ੍ਰਤੀਤ ਹੁੰਦੀ ਹੈ। ਅੱਯਾਸ਼ ਮਹੰਤ ਨਰੈਣ ਦਾਸ ਕੁਝ ਕੁ ਹਮਖ਼ਿਆਲੀ ਅਤੇ ਹਮਪਿਆਲੀ ਚਾਪਲੂਸਾਂ ਨਾਲ ਮਿਲ ਕੇ ਸਮੇਂ ਦੀ ਹਕੂਮਤ ਦੀ ਸ਼ਹਿ ਨਾਲ ਖਾਲਸਾਈ ਸ਼ਾਨ ਨੂੰ ਲਲਕਾਰ ਪਾਉਂਦਾ ਹੈ। ਮਹੰਤ ਦੀ ਹਉਂ ਨੂੰ ਠੱਲ੍ਹ ਪਾਉਣ ਲਈ ਅਤੇ ਨਨਕਾਣਾ ਸਾਹਿਬ ਨੂੰ ਅਜਿਹੇ ਹੰਕਾਰੀ ਤੋਂ ਅਜ਼ਾਦ ਕਰਵਾਉਣ ਲਈ ਪਿੰਡ ਧਾਰੋਵਾਲੀ ਵਿਖੇ ਇਕ ਦੀਵਾਨ ਸਜਾਇਆ ਗਿਆ ਅਤੇ ਮਹੰਤ ਨੂੰ ਆਪਣਾ ਪ੍ਰਬੰਧ ਅਤੇ ਕਰਮਾਚਾਰ ਸੁਧਾਰਨ ਲਈ ਮਤਾ ਪਾਸ ਕੀਤਾ ਗਿਆ। ਜਦੋਂ ਮਹੰਤ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਆਪਣੇ ਸੁਧਾਰ ਦੀ ਬਜਾਏ ਸਿੱਖਾਂ ਨੂੰ ਸਬਕ ਸਿਖਾਉਣ ਦੀ ਠਾਣ ਲਈ ਅਤੇ ਤਿਆਰੀ ਅਰੰਭੀ। ਨਨਕਾਣਾ ਸਾਹਿਬ ਦੀ ਪਾਵਨ ਜੂਹ ਅੰਦਰ ਹਥਿਆਰ, ਤੇਲ ਅਤੇ ਜ਼ਰਾਇਮਪੇਸ਼ਾ ਬੰਦੇ ਇਕੱਤਰ ਕੀਤੇ ਤੇ ਉਸ ਅਸਥਾਨ ਦੀ ਮੋਰਚਾਬੰਦੀ ਕਰ ਕੇ ਜੰਗੀ ਕਿਲ੍ਹੇ ਦਾ ਰੂਪ ਦੇ ਦਿੱਤਾ। ਆਪਣੇ ਪਿਛਲੱਗੂਆਂ ਨੂੰ ਇਹ ਖਾਸ ਹਦਾਇਤ ਕੀਤੀ ਕਿ ਕੋਈ ਬਚੇ ਨਾ। ੨੦ ਫਰਵਰੀ, ੧੯੨੧ ਈ. ਨੂੰ ਭਾਈ ਲਛਮਣ ਸਿੰਘ ਹੋਰੀਂ ਲੱਗਭਗ ੧੫੦ ਸਿੰਘਾਂ ਦਾ ਜਥਾ ਲੈ ਕੇ ਸ਼ਾਂਤੀਪੂਰਨ ਅਤੇ ਗੁਰੂ-ਅਦਬ ਨਾਲ ਦਰਸ਼ਨੀ ਡਿਉਢੀ ਤੋਂ ਅੰਦਰ ਦਾਖ਼ਲ ਹੋਏ। ਭਾਈ ਲਛਮਣ ਸਿੰਘ ਹੋਰੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਗਏ ਅਤੇ ਬਾਕੀ ਸਿੰਘ ਦਰਬਾਰ ਸਾਹਿਬ ਦੇ ਹਾਲ ਵਿਚ ਬੈਠ ਕੇ ਸ਼ਬਦ ਪੜ੍ਹਨ ਵਿਚ ਮਗਨ ਹੋ ਗਏ। ਉਥੋਂ ਡੇਰੇ ਦੇ ਮਹੰਤ ਅਤੇ ਹੋਰ ਬੰਦੇ ਖਿਸਕ ਗਏ। ਇੰਨੇ ਵਿਚ ਛੱਤਾਂ ਉੱਤੇ ਬਣੇ ਮੋਰਚਿਆਂ ਵਿੱਚੋਂ ਗੋਲੀਆਂ ਦੀ ਬੁਛਾੜ ਸ਼ੁਰੂ ਹੋ ਗਈ। ਗੋਲੀਆਂ ਨਾਲ ਕਈ ਸਿੰਘ ਸ਼ਹੀਦ ਹੋ ਗਏ। ਸਹਿਕਦੇ ਜ਼ਖ਼ਮੀ ਸਿੰਘਾਂ ਨੂੰ ਛੱਤ ਤੋਂ ਉਤਰ ਕੇ ਮਹੰਤ ਦੇ ਗੁੰਡਿਆਂ ਨੇ ਛਵੀਆਂ, ਤਲਵਾਰਾਂ, ਗੰਡਾਸਿਆਂ ਨਾਲ ਵੱਢਣਾ-ਟੁੱਕਣਾ ਸ਼ੁਰੂ ਕੀਤਾ। ਜਦੋਂ ਅੰਦਰ ਵਾਲੇ ਸਿੰਘ ਸ਼ਹੀਦ ਕਰ ਦਿੱਤੇ ਗਏ ਤਾਂ ਮਹੰਤ ਜੋ ਘੋੜੇ 'ਤੇ ਸਵਾਰ ਮੂੰਹ 'ਤੇ ਕੱਪੜਾ ਲਪੇਟੀ, ਉਨ੍ਹਾਂ ਦੀ ਅਗਵਾਈ ਕਰ ਰਿਹਾ ਸੀ, ਗੁਰਦੁਆਰੇ ਦੇ ਗੇਟ ਤੋਂ ਬਾਹਰ ਆ ਗਿਆ ਅਤੇ ਬਾਹਰੋਂ ਆਉਣ ਵਾਲੇ ਸਿੱਖਾਂ ਨੂੰ ਮਰਵਾਉਣ ਲੱਗ ਪਿਆ। ਭਾਈ ਦਲੀਪ ਸਿੰਘ ਦੇ ਉਥੇ ਪਹੁੰਚਣ 'ਤੇ ਆਪ ਨਰੈਣ ਦਾਸ ਨੇ ਉਸ ਨੂੰ ਗੋਲੀ ਮਾਰੀ ਅਤੇ ਉਨ੍ਹਾਂ ਦੇ ਨਾਲ ਦੇ ਸਾਥੀ ਸ. ਵਰਿਆਮ ਸਿੰਘ ਨੂੰ ਉਸ ਦੇ ਗੁੰਡਿਆਂ ਨੇ ਚੀਰ ਸੁੱਟਿਆ। ਸਾਰੀਆਂ ਲੋਥਾਂ ਨੂੰ ਤਿੰਨ ਢੇਰਾਂ ਵਿਚ ਇਕੱਠਾ ਕਰ ਕੇ ਮਿੱਟੀ ਦਾ ਤੇਲ ਪਾ ਕੇ ਅੱਗ ਲਾਈ ਗਈ। ਭਾਈ ਲਛਮਣ ਸਿੰਘ ਹੋਰਾਂ ਨੂੰ ਜੰਡ ਨਾਲ ਬੰਨ੍ਹ ਕੇ ਤੇਲ ਪਾ ਕੇ, ਲਾਂਬੂ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਇਤਿਹਾਸ ਦਾ ਇਹ ਲਹੂ ਨਾਲ ਸੁਰਖ ਵਰਕਾ ਬੀਤੇ ਸਮੇਂ ਦੀ ਉਸ ਸੱਜਰੀ ਦਾਸਤਾਨ ਨਾਲ ਰੂ-ਬ-ਰੂ ਕਰਵਾਉਂਦਾ ਹੈ ਜਿਹੜੀ ਸਿਦਕ ਅਤੇ ਅਹੰਕਾਰ ਦੀ ਆਪਸੀ ਟੱਕਰ ਵਿੱਚੋਂ ਸਿਦਕ ਦੀ ਜਿੱਤ ਦੀ ਗਵਾਹੀ ਭਰਦੀ ਅਹਿੰਸਾ ਦੀ ਉਹ ਬੇਮਿਸਾਲ ਪਰਿਭਾਸ਼ਾ ਸਿਰਜਦੀ ਹੈ ਜਿਸ ਦੀ ਬਰਾਬਰੀ ਕੋਈ ਹੋਰ ਅਹਿੰਸਾਤਮਕ ਕ੍ਰਾਂਤੀ ਨਹੀਂ ਕਰ ਸਕਦੀ। ਕੌਮ ਦੇ ਲਾਸਾਨੀ ਇਤਿਹਾਸ ਨੂੰ ਸੁਰਜੀਤ ਰੱਖਣ ਲਈ ਕੌਮੀ ਜਜ਼ਬੇ ਵਾਲੀ ਜਵਾਨੀ ਨੇ ਭਵਿੱਖ ਵਿਚ ਅਜੇ ਆਪਣੇ ਫਰਜ਼ ਨਿਭਾਉਣੇ ਹਨ। ਸ਼ਾਇਦ ਇਸ ਲਈ ਹੀ ਕੌਮ ਦੀ ਸ਼੍ਰੋਮਣੀ ਸੰਸਥਾ ਨੇ ਸ੍ਰੀ ਗੁਰੂ ਰਾਮਦਾਸ ਜੀ ਸੱਚੇ ਪਾਤਸ਼ਾਹ ਜੀ ਦੀ ਪਾਵਨ ਨਗਰੀ ਵਿਚ ਸ਼ਹੀਦ ਸਮਾਰਕ ਰੂਪ ਵਿਚ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਸਥਾਪਤ ਕੀਤਾ ਹੈ।

*ਗੁਰਮਤਿ ਪ੍ਰਕਾਸ਼ ਫਰਵਰੀ ੨੦੧੦*

# ਦਇਆ ਤੇ ਦ੍ਰਿੜ੍ਹਤਾ ਦੇ ਸਾਕਾਰ ਸਰੂਪ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

*-ਸ. ਜਸਵਿੰਦਰ ਸਿੰਘ**

ਗੁਰਮਤਿ ਵਿਚਾਰਧਾਰਾ ਸਮੁੱਚੀ ਮਨੁੱਖਤਾ ਲਈ ਕਲਿਆਣਕਾਰੀ ਹੈ। ਸਾਰੇ ਗੁਰੂ ਸਾਹਿਬਾਨ ਜੀ ਦੇ ਜੀਵਨ ਲੋਕਾਈ ਲਈ ਪ੍ਰੇਰਨਾ-ਸਰੋਤ ਹਨ। ਸਿੱਖੀ ਦਾ ਮੁੱਖ ਉਦੇਸ਼ ਹੀ ਸਮਾਜ ਦੀਆਂ ਸਮੱਸਿਆਵਾਂ ਨੂੰ ਸਾਵਾਂ-ਪੱਧਰਾ ਬਣਾ ਕੇ ਇਕ ਨਿਵੇਕਲੀ ਜੀਵਨ-ਜਾਚ ਸਿਖਾਉਣਾ ਹੈ। ਗੁਰੂ ਸਾਹਿਬਾਨ ਨੇ ਇਸ ਧਰਤੀ 'ਤੇ ਫੈਲੇ ਅਵਿੱਦਿਆ ਤੇ ਅਗਿਆਨਤਾ ਦੇ ਹਨ੍ਹੇਰੇ ਨੂੰ ਦੂਰ ਕਰਨ ਲਈ ਸਾਰੇ ਸੰਭਵ ਯਤਨ ਕੀਤੇ। ਸੱਤਵੇਂ ਪਾਤਸ਼ਾਹ ਸਤਿਗੁਰੂ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਜੀਵਨ, ਸੰਸਾਰ ਨੂੰ ਦਇਆ ਤੇ ਦ੍ਰਿੜ੍ਹਤਾ ਵਿੱਚੋਂ ਜੀਵਨ ਮੰਤਵ ਨੂੰ ਸਮਝਣ ਲਈ ਪ੍ਰੇਰਨਾ ਦਿੰਦਾ ਹੈ।

ਭਾਈ ਨੰਦ ਲਾਲ ਜੀ ਨੇ ਆਪਣੀ ਰਚਨਾ 'ਗੰਜ਼ਨਾਮਾ' ਅੰਦਰ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਬਾਬਤ ਲਿਖਿਆ ਹੈ ਕਿ ਗੁਰੂ ਹਰਿਰਾਇ ਸੱਚ ਦੇ ਪਾਲਣਹਾਰੇ ਵੀ ਹਨ ਤੇ ਸੱਚ ਦੇ ਧਾਰਨੀ ਵੀ। ਗੁਰੂ ਕਰਤਾ ਹਰਿਰਾਇ ਸੁਲਤਾਨ ਵੀ ਹੈ ਤੇ ਦਰਵੇਸ਼ ਵੀ। ਗੁਰੂ ਕਰਤਾ ਹਰਿਰਾਇ ਦੋਹਾਂ ਜਹਾਨਾਂ ਦੀ ਬਖਸ਼ਿਸ਼ ਕਰਨ ਵਾਲਾ ਹੈ। ਗੁਰੂ ਕਰਤਾ ਹਰਿਰਾਇ ਲੋਕ-ਪ੍ਰਲੋਕ ਦੋਹਾਂ ਜਹਾਨਾਂ ਦਾ ਸਰਦਾਰ ਹੈ:

**ਹਕ ਪਰਵਰ ਹਕ ਕੇਸ਼ ਗੁਰੂ ਕਰਤਾ ਹਰਿ ਰਾਇ॥**
**ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿ ਰਾਇ॥੮੭॥**
**ਫ਼ਯਾਜ਼ੁਲ ਦਾਰੈਨ ਗੁਰੂ ਕਰਤਾ ਹਰਿ ਰਾਇ॥**
**ਸਰਵਰਿ ਕੌਨਨ ਗੁਰੂ ਕਰਤਾ ਹਰਿ ਰਾਇ॥੮੮॥**

ਮਹਾਂਕਵੀ ਭਾਈ ਸੰਤੋਖ ਸਿੰਘ ਜੀ, ਸੱਤਵੇਂ ਪਾਤਸ਼ਾਹ ਜੀ ਬਾਰੇ ਇਸ ਤਰ੍ਹਾਂ ਬਿਆਨ ਕਰਦੇ ਹਨ ਕਿ ਸਤਿਗੁਰੂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਨਾਮ ਧਿਆਇਆਂ ਪਾਪ ਨੱਸ ਜਾਂਦੇ ਹਨ। ਹੇ ਮੇਰੇ ਮਨ! ਉਨ੍ਹਾਂ ਦੇ ਸ੍ਰੇਸ਼ਟ ਚਰਨਾਂ ਨੂੰ ਪ੍ਰਣਾਮ ਕਰ, ਜਿਸ ਤੋਂ ਤੂੰ ਰੂਹਾਨੀ ਭਗਤੀ ਪ੍ਰਾਪਤ ਕਰੇਂ-

**ਸ੍ਰੀ ਸਤਿਗੁਰ ਹਰਿਰਾਇ ਕੇ ਨਾਇ ਧਯਾਇ ਅਘ ਜਾਇ।**
**ਕਰਿ ਪਦ ਪਰ ਪਰਣਾਮ ਕੋ, ਜਿਹ ਤੇ ਨਿਧਿ ਸਿਧਿ ਆਇ॥੯੭॥**

*(ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੂਰਬਾਰਧ ਅਧਯਾਯ ੧)*

ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਦਇਆ, ਦਿੜ੍ਹਤਾ ਤੇ ਸਹਿਜ ਵਰਗੇ ਮਹਾਨ ਤੇ ਸ੍ਰੇਸ਼ਟ ਗੁਣਾਂ ਦੀ ਧਾਰਨੀ ਹੈ। ਅਸੀਂ ਆਪਣੇ ਜੀਵਨ ਵਿਚ ਵੇਖਦੇ ਹਾਂ ਕਿ ਜਿਸ ਮਨੁੱਖ ਵਿਚ ਵਧੇਰੇ ਗੁਣ ਹੁੰਦੇ ਹਨ, ਉਹ ਸੰਸਾਰ ਦੀਆਂ ਸੁੱਚੀਆਂ ਨਜ਼ਰਾਂ ਦਾ ਪਾਤਰ ਬਣਦਾ ਹੈ। ਉਹ ਸ਼ਖ਼ਸੀਅਤ ਕਿੰਨੀ ਲਾਸਾਨੀ ਤੇ ਅਨੂਪਮ ਹੋਵੇਗੀ, ਜਿਸ ਵਿਚ ਦਇਆ ਸੀ, ਸਹਿਜ ਵਿਚ ਵਿਚਰਨਾ ਜਿਸ ਦਾ ਸੁਭਾਅ ਸੀ ਅਤੇ ਦ੍ਰਿੜ੍ਹਤਾ ਵਰਗਾ ਗੁਣ ਜਿਸ ਨੂੰ ਵਿਰਸੇ ਵਿੱਚੋਂ ਪ੍ਰਾਪਤ ਹੋਇਆ ਸੀ।

ਐਸੀ ਮਹਾਨ ਸ਼ਖ਼ਸੀਅਤ ਦਾ ਪਾਵਨ ਪ੍ਰਕਾਸ਼ ਮਾਘ ਸੁਦੀ ੧੩ ਸੰਮਤ ੧੬੮੬ ਮੁਤਾਬਕ ੧੬ ਜਨਵਰੀ ੧੬੩੦ ਈ. ਨੂੰ ਬਾਬਾ ਗੁਰਦਿੱਤਾ ਜੀ ਦੇ ਗ੍ਰਹਿ ਵਿਖੇ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਕੀਰਤਪੁਰ ਸਾਹਿਬ ਦੇ ਅਸਥਾਨ

**੮੪, ਡਾਇਮੰਡ ਅਸਟੇਟ, ਨੇੜੇ ਸੁਲਤਾਨਵਿੰਡ ਨਹਿਰ, ਸ੍ਰੀ ਅੰਮ੍ਰਿਤਸਰ। (ਮੋ) ੯੮੭੬੧-੯੬੩੯੭*

'ਤੇ ਹੋਇਆ। ਬਾਬਾ ਗੁਰਦਿੱਤਾ ਜੀ, ਛੇਵੇਂ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ ਸਨ। (ਗੁਰੂ) ਹਰਿਰਾਇ ਸਾਹਿਬ ਜੀ ਦਾ ਬਚਪਨ ਆਪਣੇ ਦਾਦਾ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਨਿਗਰਾਨੀ ਵਿਚ ਬੀਤਿਆ। ਦਾਦਾ ਗੁਰੂ ਜੀ ਦੀ ਸਰਪ੍ਰਸਤੀ ਹੇਠ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਸਿੱਖਿਆ ਪ੍ਰਾਪਤ ਕੀਤੀ। ਬਾਲਕ ਹਰਿਰਾਇ ਜੀ ਹਮੇਸ਼ਾਂ ਸ਼ਾਂਤੀ ਸਰੂਪ ਰਹੇ। ਆਪ ਦੀ ਕੋਮਲਤਾ ਅਤੇ ਸ਼ਾਂਤੀ ਦੀਆਂ ਸਾਖੀਆਂ ਬਹੁਤ ਪ੍ਰਸਿੱਧ ਹਨ, ਜਿਨ੍ਹਾਂ 'ਚੋਂ ਇਕ ਦਾ ਬ੍ਰਿਤਾਂਤ ਇਉਂ ਲਿਖਿਆ ਮਿਲਦਾ ਹੈ:

ਇਕ ਵਾਰ ਬਾਲਕ (ਗੁਰੂ) ਹਰਿਰਾਇ ਜੀ ਬਾਗ਼ ਦੀ ਸੈਰ ਕਰ ਰਹੇ ਸਨ ਕਿ ਅਚਾਨਕ ਇਕ ਖਿੜਿਆ ਹੋਇਆ ਫੁੱਲ ਆਪ ਦੇ ਚੋਲੇ ਨਾਲ ਅੜ ਕੇ ਜ਼ਮੀਨ 'ਤੇ ਡਿੱਗ ਪਿਆ। ਆਪ ਇਸ ਟੁੱਟੇ ਹੋਏ ਫੁੱਲ ਨੂੰ ਦੇਖ ਕੇ ਵੈਰਾਗ ਵਿਚ ਆਏ ਅਤੇ ਉਸ ਫੁੱਲ ਨੂੰ ਚੁੱਕ ਕੇ ਦੁਬਾਰਾ ਟਾਹਣੀ ਉਪਰ ਰੱਖਣ ਲੱਗੇ ਪਰ ਟਾਹਣੀ ਅਤੇ ਫੁੱਲ ਦਾ ਟੁੱਟ ਚੁੱਕਾ ਸੰਬੰਧ ਨਾ ਜੁੜਦਾ ਤੱਕ ਕੇ ਬਹੁਤ ਰੋਸ ਪ੍ਰਗਟ ਕੀਤਾ। ਦਾਦਾ ਗੁਰੂ ਜੀ ਨੇ ਆਪ ਨੂੰ ਇਸ ਤਰ੍ਹਾਂ ਚਿੰਤਾਤੁਰ ਦੇਖ ਕੇ ਬਚਨ ਕੀਤਾ ਕਿ ਜਦੋਂ ਵਾਹਿਗੁਰੂ ਇਤਨਾ ਵੱਡਾ ਜਾਮਾ ਬਖਸ਼ੇ ਤਾਂ ਉਸ ਨੂੰ ਸੰਭਾਲ ਕੇ ਚੱਲਣਾ ਚਾਹੀਦਾ ਹੈ। ਇਸ ਗੁੱਝੀ ਰਮਜ਼ ਨੂੰ ਆਪ ਜੀ ਨੇ ਸਮਝ ਲਿਆ ਅਤੇ ਅੰਤ ਤੀਕ ਨਿਭਾਇਆ। ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਨੂੰ ਸੰਭਾਲਣ ਲਈ ਆਪਣੇ ਪੁੱਤਰਾਂ, ਸਿੱਖਾਂ ਤੇ ਪੋਤਰਿਆਂ ਵਿੱਚੋਂ (ਗੁਰੂ) ਹਰਿਰਾਇ ਜੀ ਨੂੰ ਯੋਗ ਸਮਝਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਮਾਰਚ, ੧੬੪੪ ਨੂੰ ਗੁਰਿਆਈ (ਗੁਰੂ) ਹਰਿਰਾਇ ਜੀ ਨੂੰ ਸੌਂਪ ਗਏ ਸਨ।

ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਆਪ ਜੀ ਨੇ ਅਨੁਭਵ ਕਰ ਲਿਆ ਕਿ ਗੁਰੂ ਨਾਨਕ ਸਾਹਿਬ ਦਾ ਸਰਬ-ਸਾਂਝੀਵਾਲਤਾ ਦਾ ਸੁਨੇਹਾ ਘਰ-ਘਰ ਪਹੁੰਚਾਉਣਾ ਹੈ।ਉਨ੍ਹਾਂ ਪੰਜਾਬ ਤੋਂ ਬਾਹਰ ਗੁਰਸਿੱਖੀ ਦੇ ਪ੍ਰਚਾਰ ਲਈ ਭਰਪੂਰ ਯਤਨ ਕੀਤੇ। ਸਿੱਖੀ ਦੇ ਪ੍ਰਚਾਰਕਾਂ ਨਾਲ ਆਪਣੇ ਸੰਬੰਧ ਵਧੇਰੇ ਪ੍ਰੇਮਮਈ ਬਣਾ ਕੇ ਦੁਆਬੇ ਤੇ ਮਾਲਵੇ ਵਿਚ ਸਿੱਖੀ ਹੋਰ ਪ੍ਰਫੁੱਲਤ ਕੀਤੀ। ਇਕ ਵੈਰਾਗੀ ਸਾਧੂ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਮਿਸ਼ਨ ਪ੍ਰਚਾਰਨ ਲਈ ਪ੍ਰੇਰਿਆ। ਉਸ ਸਾਧੂ ਦਾ ਨਾਂ 'ਭਗਤ ਭਗਵਾਨ' ਰੱਖਿਆ। ਇਹ ਸਾਧੂ ਸਿੱਖੀ ਦਾ ਬੜਾ ਵੱਡਾ ਪ੍ਰਚਾਰਕ ਬਣ ਕੇ ਵਿਚਰਿਆ। ਕੀਰਤਪੁਰ ਸਾਹਿਬ ਵਿਖੇ ਹੀ ਭਾਈ ਸੰਗਤੀਆ ਗੁਰੂ ਸਾਹਿਬ ਜੀ ਦੇ ਸੰਪਰਕ ਵਿਚ ਆਇਆ, ਜਿਸ ਦਾ ਨਵਾਂ ਨਾਂ ਭਾਈ ਫੇਰੂ ਜੀ ਰੱਖ ਕੇ ਦੁਆਬੇ ਵਿਚ ਪ੍ਰਚਾਰ ਲਈ ਭੇਜਿਆ। ਭਾਈ ਗੋਂਦੇ ਨੂੰ ਕਾਬਲ ਵਿਚ ਪ੍ਰਚਾਰ ਲਈ ਭੇਜਿਆ।

ਆਪ ਜੀ ਨੇ ਸਿੱਖ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਗਰੀਬਾਂ, ਅਨਾਥਾਂ ਤੇ ਲੋੜਵੰਦਾਂ ਲਈ ਲੰਗਰ ਚਲਾਏ ਜਾਣ ਤਾਂ ਕਿ ਗੁਰੂ ਨਾਨਕ ਪਾਤਸ਼ਾਹ ਜੀ ਦੇ ਆਦੇਸ਼ ਵੰਡ ਛਕਣ ਦੀ ਰੀਤ ਚੱਲਦੀ ਰਹੇ। ਆਪ ਜੀ ਬਚਨ ਕਰਦੇ ਸਨ ਕਿ ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ; ਭਾਵ ਜੋ ਸ਼ਰਧਾ ਸਹਿਤ ਲੋੜਵੰਦ ਪ੍ਰਾਣੀ ਦੀ ਸੇਵਾ ਕਰੇਗਾ, ਸੋ ਗੁਰੂ-ਘਰ ਵਿਚ ਪ੍ਰਵਾਨ ਹੋਵੇਗਾ। ਗੁਰੂ ਸਾਹਿਬ ਜੀ ਨੇ ਸਿੱਖੀ ਨੂੰ ਵਿਰਸੇ ਵਿਚ ਮਿਲੀ ਸੰਗਤ ਤੇ ਪੰਗਤ ਨੂੰ ਨਵਾਂ ਰੂਪ ਦਿੱਤਾ।

ਜਿੱਥੇ ਆਪ ਜੀ ਲੋੜਵੰਦਾਂ, ਗਰੀਬਾਂ ਤੇ ਅਨਾਥਾਂ ਨੂੰ ਗੁਰੂ ਕੇ ਲੰਗਰ ਅਤੇ ਨਾਮ-ਦਾਰੂ ਦੇ ਕੇ ਅਰੋਗ ਤੇ ਸੁਖੀ ਕਰਦੇ ਸਨ, ਉਥੇ ਆਪ ਜੀ ਨੇ ਇਨਸਾਨਾਂ ਦੇ ਰੋਗੀ ਸਰੀਰਾਂ ਦੇ ਰੋਗ ਮਿਟਾਉਣ ਲਈ ਬੜਾ ਵੱਡਾ ਦਵਾਖਾਨਾ ਖੋਲ੍ਹਿਆ, ਜਿਸ ਵਿਚ ਬੜੀਆਂ ਕੀਮਤੀ ਤੇ ਦੁਰਲੱਭ ਜੜ੍ਹੀਆਂ-ਬੂਟੀਆਂ ਮੰਗਵਾ ਕੇ ਰੱਖੀਆਂ। ਹਰ ਰੋਗੀ ਨੂੰ ਇਸ ਦਵਾਖਾਨੇ ਵਿੱਚੋਂ ਹਰ ਵੇਲੇ ਦਵਾਈ ਮੁਫਤ ਮਿਲਦੀ ਸੀ। ਦਿੱਲੀ ਦੇ ਬਾਦਸ਼ਾਹ ਸ਼ਾਹ ਜਹਾਨ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਨੂੰ ਵਿਰੋਧੀਆਂ ਵੱਲੋਂ ਧੋਖੇ ਨਾਲ ਰਾਜਗੱਦੀ ਦੀ ਲਾਲਸਾ ਅਧੀਨ ਖਾਣੇ ਵਿਚ ਸ਼ੇਰ ਦੀ ਮੁੱਛ ਦਾ ਇਕ ਵਾਲ ਖਵਾ ਦਿੱਤਾ ਗਿਆ ਸੀ, ਜਿਸ ਨਾਲ ਉਹ ਬੀਮਾਰ ਹੋ ਗਿਆ। ਵੈਦਾਂ, ਹਕੀਮਾਂ ਨੇ ਇਕ ਖਾਸ ਕਿਸਮ ਤੋਂ ਖਾਸ ਵਜ਼ਨ ਦੇ ਲੌਂਗ, ਹਰੜਾਂ ਤੇ ਜਗਮੋਤੀ ਦਵਾਈ ਲਈ ਤਜਵੀਜ਼ ਕੀਤੇ। ਮੁਗ਼ਲ ਬਾਦਸ਼ਾਹ ਨੇ ਸਾਰੇ ਦੇਸ਼ ਵਿੱਚੋਂ ਇਨ੍ਹਾਂ ਵਸਤਾਂ ਦਾ ਪਤਾ ਕਰਵਾਇਆ ਪਰ ਇਹ ਚੀਜ਼ਾਂ ਗੁਰੂ-ਘਰ ਦੇ ਸਫ਼ਾਖਾਨੇ ਤੋਂ ਬਿਨਾਂ ਹੋਰ ਕਿਤਿਓਂ ਵੀ ਨਾ ਮਿਲੀਆਂ। ਦਾਰਾ ਸ਼ਿਕੋਹ ਇਥੋਂ ਦੀ ਦਵਾਈ ਨਾਲ ਰਾਜ਼ੀ ਹੋ ਗਿਆ। ਉਸ ਨੇ ਕੀਰਤਪੁਰ ਸਾਹਿਬ ਪਹੁੰਚ ਕੇ ਗੁਰੂ ਜੀ ਦਾ ਧੰਨਵਾਦ ਕੀਤਾ। ਜਿਥੇ ਆਪ ਦਇਆ,

ਸ਼ਾਂਤੀ ਅਤੇ ਕੋਮਲਤਾ ਦੇ ਭੰਡਾਰ ਸਨ, ਉਥੇ ਦ੍ਰਿੜ੍ਹਤਾ ਅਤੇ ਵਿਸ਼ਵਾਸ ਦੇ ਭੀ ਪਹਿਰੇਦਾਰ ਰਹੇ।

ਜਦੋਂ ਸ਼ਾਹ ਜਹਾਨ ਦੇ ਪੁੱਤਰਾਂ ਵਿਚ ਦਿੱਲੀ ਦੇ ਤਖ਼ਤ ਲਈ ਆਪਸੀ ਲੜਾਈ ਹੋਈ ਤਾਂ ਦਾਰਾ ਸ਼ਿਕੋਹ ਔਰੰਗਜ਼ੇਬ ਤੋਂ ਹਾਰ ਖਾ ਕੇ ਲਾਹੌਰ ਵੱਲ ਨੂੰ ਦੌੜਿਆ। ਉਸ ਨੂੰ ਫੜਨ ਲਈ ਔਰੰਗਜ਼ੇਬ ਨੇ ਉਸ ਦੇ ਮਗਰ ਫੌਜ ਭੇਜੀ। ਦਾਰਾ ਸ਼ਿਕੋਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੋਇੰਦਵਾਲ ਸਾਹਿਬ ਵਿਚ ਮਿਲਿਆ ਤੇ ਸਹਾਇਤਾ ਲਈ ਬੇਨਤੀ ਕੀਤੀ। ਸ਼ਰਨ ਆਏ ਦਾਰਾ ਸ਼ਿਕੋਹ ਨੂੰ ਗੁਰੂ ਜੀ ਨੇ ਧੀਰਜ ਦਿੱਤਾ, ਪ੍ਰਸ਼ਾਦਾ ਛਕਾਇਆ ਤੇ ਵਿਦਾ ਕੀਤਾ। ਆਪ ੨੨੦੦ ਸੂਰਬੀਰ ਨਾਲ ਲੈ ਕੇ ਬਿਆਸ ਦਰਿਆ ਦੇ ਕੰਢੇ 'ਤੇ ਜਾ ਖਲੋਤੇ ਤੇ ਸਭ ਬੇੜੀਆਂ ਕਾਬੂ ਕਰ ਲਈਆਂ। ਇਸ ਤਰ੍ਹਾਂ ਉਨ੍ਹਾਂ ਨੇ ਫੌਜ ਨੂੰ ਇਕ ਦਿਨ ਦਰਿਆ ਪਾਰ ਕਰਨੋਂ ਰੋਕ ਲਿਆ। ਉਤਨੇ ਚਿਰ ਨੂੰ ਦਾਰਾ ਸ਼ਿਕੋਹ ਸੁਰੱਖਿਅਤ ਥਾਂ 'ਤੇ ਜਾ ਪੁੱਜਾ। ਇਸ ਗੱਲ ਦਾ ਪਤਾ ਬਾਅਦ ਵਿਚ ਔਰੰਗਜ਼ੇਬ ਨੂੰ ਵੀ ਲੱਗ ਗਿਆ।

ਇਧਰ ਧੀਰਮੱਲ ਦੇ ਅੰਦਰ ਗੁਰਗੱਦੀ ਪ੍ਰਾਪਤ ਕਰਨ ਦਾ ਲਾਲਚ ਹੋਰ ਵਧ ਗਿਆ। ਉਹ ਪਹਿਲਾਂ, ਪਹਿਲੇ ਬਾਦਸ਼ਾਹ ਸ਼ਾਹ ਜਹਾਨ ਨੂੰ ਵੀ ਚਿੱਠੀਆਂ ਲਿਖ ਕੇ ਭੇਜਦਾ ਰਿਹਾ ਸੀ ਕਿ ਛੇਵੇਂ ਗੁਰੂ ਜੀ ਨੇ ਉਸ ਦਾ ਗੁਰਤਾਗੱਦੀ ਦਾ ਹੱਕ ਮਾਰ ਕੇ ਗੱਦੀ ਉਸ ਦੇ ਛੋਟੇ ਭਰਾ ਨੂੰ ਦੇ ਦਿੱਤੀ ਹੈ। ਜਦੋਂ ੧੬੬੦ ਈ. ਵਿਚ ਔਰੰਗਜ਼ੇਬ ਦੇ ਬਾਦਸ਼ਾਹ ਹੋਣ ਦਾ ਐਲਾਨ ਹੋਇਆ ਤਾਂ ਧੀਰਮੱਲ ਨੇ ਫਿਰ ਨਵੇਂ ਸਿਰਿਓਂ ਬਾਦਸ਼ਾਹ ਕੋਲ ਦਰਖਾਸਤ ਲਿਖ ਭੇਜੀ ਕਿ ਕਾਨੂੰਨ ਦੀ ਸਹਾਇਤਾ ਨਾਲ ਉਸ ਨੂੰ ਉਸ ਦਾ ਹੱਕ ਦਿਵਾਇਆ ਜਾਵੇ। ਬਾਦਸ਼ਾਹ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਵਿਖੇ ਆਉਣ ਦਾ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ ਪਰ ਆਪਣੇ ਵੱਡੇ ਪੁੱਤਰ ਰਾਮਰਾਇ ਨੂੰ ਦਿੱਲੀ ਭੇਜਿਆ, ਨਾਲ ਹੀ ਉਸ ਨੂੰ ਸਿੱਖਿਆ ਦਿੱਤੀ ਕਿ ਹਰ ਕਾਰਜ ਸਮੇਂ ਗੁਰੂ 'ਤੇ ਭਰੋਸਾ ਰੱਖਣਾ ਤੇ ਅੰਗ-ਸੰਗ ਸਮਝਣਾ।

ਰਾਮਰਾਇ ਬੜਾ ਚੁਸਤ ਤੇ ਹਾਜ਼ਰ-ਜੁਆਬ ਸੀ। ਗੁਰਬਾਣੀ ਤੇ ਗੁਰੂ-ਘਰ ਦੀ ਮਰਯਾਦਾ ਦੀ ਵੀ ਸੂਝ ਰੱਖਦਾ ਸੀ ਪਰ ਸ਼ਾਹੀ ਦਰਬਾਰ ਦੀ ਆਉ-ਭਗਤ ਤੇ ਸ਼ਾਨੋਂ-ਸ਼ੌਂਕਤ ਨੇ ਉਸ ਨੂੰ ਭਰਮਾ ਲਿਆ। ਉਸ ਨੂੰ ਗੁਰੂ-ਪਿਤਾ ਵੱਲੋਂ ਮਿਲੀ 'ਨਿਰਭਉ ਤੇ ਨਿਰਵੈਰੁ' ਰਹਿਣ ਦੀ ਸਿੱਖਿਆ ਭੁੱਲ ਗਈ। ਹੰਕਾਰ ਵੱਸ ਉਸ ਨੇ ਔਰੰਗਜ਼ੇਬ ਦੇ ਦਰਬਾਰ ਵਿਚ ਕਰਾਮਾਤਾਂ ਵੀ ਵਿਖਾਈਆਂ। ਜਦੋਂ ਉਸ ਨੂੰ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ' ਦੇ ਅਰਥਾਂ ਬਾਰੇ ਪੁੱਛਿਆ ਤਾਂ ਉਸ ਨੇ ਸ਼ਾਹੀ ਡਰ ਤੇ ਲਾਲਚ ਵਿਚ ਆ ਕੇ 'ਮਿਟੀ ਬੇਈਮਾਨ ਕੀ...' ਆਖਿਆ। ਇੰਝ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਵੱਲੋਂ ਉਚਾਰੀ ਹੋਈ ਤੁਕ ਬਦਲ ਦਿੱਤੀ, ਜਿਸ ਨਾਲ ਬਾਦਸ਼ਾਹ ਤਾਂ ਖੁਸ਼ ਹੋ ਗਿਆ, ਪਰ ਜਦੋਂ ਸਤਿਗੁਰੂ ਜੀ ਨੂੰ ਇਸ ਗੱਲ ਦਾ ਪਤਾ ਲੱਗਿਆ ਫਿਰ ਦੁਬਾਰਾ ਰਾਮਰਾਇ ਨੂੰ ਮੂੰਹ ਵੀ ਨਹੀਂ ਲਗਾਇਆ ਅਤੇ ਗੁਰਬਾਣੀ ਦੇ ਸਤਿਕਾਰ ਤੇ ਗੁਰਮਤਿ ਦੇ ਆਦਰਸ਼ ਤੋਂ ਪੁੱਤਰ-ਪਿਆਰ ਨੂੰ ਕੁਰਬਾਨ ਕਰ ਦਿੱਤਾ। ਆਪ ਜੀ ਨੇ ਫੁਰਮਾਇਆ ਕਿ ਕਰਾਮਾਤਾਂ ਦਿਖਾਉਣ ਵਾਲੇ ਤੇ ਬਾਣੀ ਦਾ ਅਪਮਾਨ ਕਰਨ ਵਾਲੇ ਦਾ ਦਰਸ਼ਨ ਵੀ ਨਾ ਕੀਤਾ ਜਾਵੇ ਤੇ ਉਸ ਨਾਲ ਕਿਸੇ ਕਿਸਮ ਦਾ ਵਿਹਾਰ ਨਾ ਰੱਖਿਆ ਜਾਵੇ। ਅੱਜ ਵੀ ਗੁਰੂ ਕੇ ਸਿੱਖਾਂ ਨੂੰ ਰਾਮਰਾਈਆਂ ਨਾਲ ਰੋਟੀ-ਬੇਟੀ ਦੀ ਸਾਂਝ ਨਾ ਰੱਖਣ ਦਾ ਹੁਕਮ ਹੈ।

ਦਇਆ ਤੇ ਦ੍ਰਿੜ੍ਹਤਾ ਦੇ ਸਾਕਾਰ ਸਰੂਪ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕੇ ਗੁਰਗੱਦੀ ਦੀ ਮਹਾਨ ਜ਼ਿੰਮੇਂਵਾਰੀ ਯੋਗ ਅਧਿਕਾਰੀ ਨੂੰ ਸੌਂਪਣ ਦਾ ਫੈਸਲਾ ਕੀਤਾ। ਗੁਰੂ ਜੀ ਨੇ ਆਪਣੇ ਛੋਟੇ ਸਪੁੱਤਰ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ, ਜਿਨ੍ਹਾਂ ਵਿਚ ਗੁਰਤਾਗੱਦੀ ਨੂੰ ਸੰਭਾਲਣ ਦੀ ਯੋਗਤਾ ਮੌਜੂਦ ਸੀ, ਨੂੰ ਗੁਰਤਾਗੱਦੀ ਬਖਸ਼ਿਸ਼ ਕੀਤੀ। ਆਪ ਕੱਤਕ ਵਦੀ ੯ ਸੰਮਤ ੧੭੧੮ ਮੁਤਾਬਕ ਅਕਤੂਬਰ ੧੬੬੧ ਈ. ਨੂੰ ਜੋਤੀ-ਜੋਤਿ ਸਮਾ ਗਏ। ਗੁਰੂ ਜੀ ਦਾ ਅੰਤਮ ਸਸਕਾਰ ਸ੍ਰੀ ਪਤਾਲਪੁਰੀ ਸਾਹਿਬ (ਕੀਰਤਪੁਰ ਸਾਹਿਬ) ਵਿਖੇ ਕੀਤਾ ਗਿਆ।

ਸਤਿਗੁਰੂ ਜੀ ਦੇ ਬਖਸ਼ਿਸ਼ ਕੀਤੇ ਮਹਾਨ ਅਤੇ ਅਦੁੱਤੀ ਗੁਣਾਂ ਦਇਆ, ਸਹਿਜ-ਸ਼ਾਂਤੀ, ਦ੍ਰਿੜ੍ਹਤਾ ਤੇ ਪਰਉਪਕਾਰ ਨੂੰ ਆਪਣੀ ਜ਼ਿੰਦਗੀ ਦੇ ਅਮਲ ਵਿਚ ਲਿਆਉਣ ਨਾਲ ਇਹ ਮਨੁੱਖਾ ਜੀਵਨ ਸਫਲਾ ਕੀਤਾ ਜਾ ਸਕਦਾ ਹੈ।

■

# ਤੱਤ ਖਾਲਸੋ ਸੋ ਰਹਯੋ, ਗਯੋ ਸੁ ਖੋਟ ਗਵਾਇ

*-ਡਾ. ਜਸਬੀਰ ਸਿੰਘ ਸਰਨਾ**

ਘੱਲੂਘਾਰੇ ਦੇ ਕੋਸ਼ਗਤ ਅਰਥ ਹਨ; ਸਾਰਾ ਕੁਝ ਤਬਾਹ ਜਾਂ ਸਵਾਹ ਕਰ ਦੇਣਾ। ਇਹ ਅਸਲੋਂ ਯੂਨਾਨੀ ਭਾਸ਼ਾ ਦੇ ਸ਼ਬਦ 'ਹੋਲੋਕਾਸਟਰੰਮ' (Holocaustrum) ਤੋਂ ਨਿਕਲਿਆ ਹੈ। ਸੰਸਾਰ ਦੇ ਇਤਿਹਾਸ ਵਿਚ ਅਨੇਕਾਂ ਘੱਲੂਘਾਰੇ ਹੋਏ ਹਨ। ਸਿੱਖ ਤਵਾਰੀਖ਼ ਵਿਚ ਤਿੰਨ ਘੱਲੂਘਾਰੇ ਹੋਏ ਹਨ ਜਦੋਂ ਹਜ਼ਾਰਾਂ ਤੋਂ ਲੱਖਾਂ ਸਿੰਘਾਂ ਨੂੰ ਸ਼ਹੀਦੀ ਜਾਮ ਪੀਣੇ ਪਏ। ਅਹਿਮਦ ਸ਼ਾਹ ਨੇ ਮਈ ੧੭੬੧ ਵਿਚ ਖ਼ਵਾਜ਼ਾ ਮਿਰਜ਼ਾ ਜਾਨ ਨੂੰ ਪੰਜਾਬ ਵਾਸਤੇ ਨਿਯੁਕਤ ਕੀਤਾ। ਸਿੱਖਾਂ ਨੇ ਉਸ ਨੂੰ ਜੰਗ ਵਿਚ ਹਾਰ ਹੀ ਨਹੀਂ ਦਿੱਤੀ ਸਗੋਂ ਮੈਦਾਨ-ਏ-ਜੰਗ ਵਿਚ ਹੀ ਮਾਰ ਦਿੱਤਾ। ਅਹਿਮਦ ਸ਼ਾਹ ਨੇ ਤੁਰੰਤ ਨੂਰਦੀਨ ਬਾਮਜ਼ਈ ਨੂੰ ਰਵਾਨਾ ਕੀਤਾ। ਦਰਿਆ ਚਨਾਬ ਪਾਰ ਕਰਦੇ ਸਾਰ ਹੀ ਬਾਮਜ਼ਈ ਦਾ ਮੁਕਾਬਲਾ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਏ ਨਾਲ ਹੋਇਆ। ਬਾਮਜ਼ਈ ਨੇ ਮੁਸ਼ਕਲ ਨਾਲ ਜਾਨ ਬਚਾ ਕੇ ਸਿਆਲਕੋਟ ਕਿਲ੍ਹੇ ਵਿਚ ਪਨਾਹ ਲਈ। ਜਦੋਂ ਸਿੰਘਾਂ ਨੇ ਕਿਲ੍ਹੇ ਦਾ ਘੇਰਾ ਕਈ ਦਿਨ ਨਾ ਚੁੱਕਿਆ ਤਾਂ ਬਾਮਜ਼ਈ ਰਾਤ ਸਮੇਂ ਜੰਮੂ ਦੀਆਂ ਪਹਾੜੀਆਂ ਵੱਲ ਭੱਜ ਗਿਆ। ਅਫ਼ਗਾਨ ਫੌਜੀਆਂ ਨੇ ਸਿੱਖਾਂ ਸਾਹਮਣੇ ਆਪਣੇ ਹਥਿਆਰ ਸੁੱਟ ਦਿੱਤੇ। ਲਾਹੌਰ ਦੇ ਗਵਰਨਰ ਖ਼ਵਾਜ਼ਾ ਉਬੈਦ ਖਾਨ ਨੂੰ ਜਦੋਂ ਜਰਨੈਲ ਬਾਮਜ਼ਈ ਬਾਰੇ ਖ਼ਬਰ ਪੁੱਜੀ ਤਾਂ ਉਹ ਅੱਗ-ਬਬੋਲਾ ਹੋ ਗਿਆ। ਉਸ ਨੇ ਭਾਰੀ ਫੌਜ ਇਕੱਠੀ ਕਰ ਕੇ ਸਿੱਖਾਂ 'ਤੇ ਹਮਲਾ ਬੋਲਿਆ। ਪਰ ਉਬੈਦ ਖਾਨ ਦੀ ਫੌਜ ਵਿਚ ਭਰਤੀ ਸਿੱਖ ਫੌਜੀ ਜਦੋਂ ਆਪਣੇ ਗੁਰਭਾਈਆਂ ਨਾਲ ਜਾ ਮਿਲੇ ਤਾਂ ਉਬੈਦ ਖਾਨ ਇਹ ਵੇਖ ਭਾਰੀ ਤੋਪਖਾਨਾ ਅਤੇ ਹਥਿਆਰ ਸੁੱਟ ਕੇ ਲਾਹੌਰ ਵੱਲ ਭੱਜ ਗਿਆ। ਸਿੰਘਾਂ ਦੇ ਹੌਂਸਲੇ ਬੁਲੰਦ ਹੋਏ ਤਾਂ ਉਨ੍ਹਾਂ ਲਾਹੌਰ ਵੀ ਮੱਲ ਲਿਆ। ਲਾਹੌਰ ਦੇ ਤਖਤ 'ਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਲਾਹੌਰ ਦਾ ਬਾਦਸ਼ਾਹ ਬਣਾ ਕੇ 'ਸੁਲਤਾਨ-ਉਲ-ਕੌਮ' ਦੇ ਖ਼ਿਤਾਬ ਨਾਲ ਨਿਵਾਜਿਆ ਗਿਆ। ਇੰਝ ਸਾਰਾ ਪੰਜਾਬ ਸਿੰਧ ਤੋਂ ਸਤਲੁਜ ਤਕ ਕੇਸਰੀ ਝੰਡੇ ਹੇਠ ਆ ਗਿਆ।

ਸਿੱਖਾਂ ਨੇ ੨੭ ਅਕਤੂਬਰ ੧੭੬੧ ਨੂੰ ਦੀਵਾਲੀ ਵਾਲੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਚ ਗੁਰਮਤਾ ਕੀਤਾ ਕਿ ਸਿੱਖ ਕੌਮ ਦੇ ਦੁਸ਼ਮਣਾਂ ਖਾਸ ਕਰ ਅਫ਼ਗਾਨੀਆਂ ਦੇ ਪ੍ਰਤੀਨਿਧਾਂ, ਮੁਖ਼ਬਰਾਂ ਅਤੇ ਸਹਿਯੋਗੀਆਂ ਨੂੰ ਸਜ਼ਾਵਾਂ ਦੇਣਗੇ, ਜਿਨ੍ਹਾਂ ਮੁਖ਼ਬਰਾਂ ਵਿਚ ਪ੍ਰਮੁੱਖ ਜੰਡਿਆਲੇ ਦੇ ਨਿਰੰਜਨੀਏ ਸਨ। ਜੰਡਿਆਲੇ ਦੇ ਆਕਲ ਦਾਸ ਦੀ ਇਤਲਾਹ 'ਤੇ ਅਹਿਮਦ ਸ਼ਾਹ ਪੰਜਾਬ 'ਤੇ ਚੜ੍ਹਾਈ ਕਰਨ ਆ ਗਿਆ। ਅਹਿਮਦ ਸ਼ਾਹ ਦਾ ਇਹ ਹਮਲਾ ਸਿੱਖਾਂ ਨੂੰ ਨੇਸਤੋ-ਨਾਬੂਦ ਕਰਨ ਲਈ ਕੀਤਾ ਗਿਆ ਸੀ। ਜਨਵਰੀ ੧੭੬੨ ਨੂੰ ਸਿੰਘਾਂ ਨੇ ਆਕਲ ਦਾਸ ਦੇ ਸ਼ਹਿਰ ਨੂੰ ਘੇਰ ਲਿਆ ਸੀ। ਆਕਲ ਦਾਸ ਕੁਝ ਦਿਨ ਲੁਕਿਆ ਰਿਹਾ ਅਤੇ ਤੁਰੰਤ ਅਹਿਮਦ ਸ਼ਾਹ ਨੂੰ ਜ਼ਰੂਰੀ ਇਤਲਾਹ ਭੇਜੀ ਜਿਸ ਕਾਰਨ ਅਬਦਾਲੀ ਭਾਰੀ ਫੌਜ ਲੈ ਕੇ ੩ ਫਰਵਰੀ ੧੭੬੨ ਨੂੰ ਲਾਹੌਰ ਪੁੱਜ ਗਿਆ। ਸਿੰਘਾਂ ਨੂੰ ਜਦੋਂ ਇਹ ਖ਼ਬਰ ਮਿਲੀ ਤਾਂ ਉਨ੍ਹਾਂ ਘੇਰਾ ਚੁੱਕ ਲਿਆ ਅਤੇ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਮਾਲਵੇ ਵੱਲ ਹੋ ਤੁਰੇ। ਉਸ ਸਮੇਂ ਸਿੰਘਾਂ ਦੀ ਗਿਣਤੀ ਚਾਲੀ ਹਜ਼ਾਰ ਸੀ, ਜਿਸ ਵਿਚ ਦਸ ਹਜ਼ਾਰ ਬੀਬੀਆਂ, ਬੱਚੇ ਅਤੇ ਬਿਰਧ ਵਹੀਰ ਦੀ ਸ਼ਕਲ ਵਿਚ ਸਨ, ਜਿਨ੍ਹਾਂ ਨੂੰ ਸਿੰਘ ਬੀਕਾਨੇਰ ਵੱਲ ਸੁਰੱਖਿਅਤ ਲੈ ਜਾਣਾ ਚਾਹੁੰਦੇ ਸਨ। ਸਰਹਿੰਦ ਦੇ ਹਾਕਮ ਜ਼ੈਨ ਖਾਨ ਨੇ ਅਹਿਮਦ ਸ਼ਾਹ ਨੂੰ ਪੂਰੀ ਸਥਿਤੀ ਦੀ ਇਤਲਾਹ ਭੇਜੀ। ਜ਼ੈਨ ਖਾਨ ਦੇ ਨਾਲ ਮਲੇਰਕੋਟਲੇ ਦਾ ਭੀਖਨ ਖਾਨ ਵੀ ਸ਼ਾਮਲ ਹੋ ਗਿਆ। ਉਸ ਸਮੇਂ ਸਿੰਘਾਂ ਦੀ ਵਹੀਰ ਬਰਨਾਲੇ ਤੋਂ ਚਾਰ ਕੁ ਕਿਲੋਮੀਟਰ ਦੂਰ ਤੁਰ ਰਹੀ ਸੀ।

੫ ਫਰਵਰੀ ੧੭੬੨ ਦੀ ਸਵੇਰ ਜੰਗ ਦਾ ਮੈਦਾਨ ਗਰਮ ਹੋਇਆ। ਜ਼ੈਨ ਖਾਨ ਦੇ ਫੌਜੀਆਂ ਦੀ ਗਿਣਤੀ (ਤੋਪਖਾਨਾ) ੨੦,੦੦੦ ਸੀ, ਜਿਸ ਨੇ ਪਹਿਲਾ ਹੱਲਾ ਕੀਤਾ। ਜਦੋਂ ਅਬਦਾਲੀ ਵੀ ੩੦,੦੦੦ ਘੋੜ-ਸਵਾਰਾਂ ਨੂੰ

*Swarn Colony, Gole Gurjral, Jammu Tawi-180002 (M) 99065-66604*

ਨਾਲ ਲੈ ਕੇ ਮੈਦਾਨ ਵਿਚ ਆ ਗਿਆ ਤਾਂ ਜ਼ੈਨ ਖਾਨ ਦੇ ਫੌਜੀਆਂ ਦੇ ਹੌਂਸਲੇ ਬੁਲੰਦ ਹੋਣੇ ਕੁਦਰਤੀ ਸੀ। ਇਸ ਸਮੇਂ ਅਬਦਾਲੀ ਸਿੱਖਾਂ ਤੋਂ ਪੁਰਾਣੇ ਬਦਲੇ ਵੀ ਲੈਣੇ ਚਾਹੁੰਦਾ ਸੀ। ਸਿੱਖਾਂ ਨੇ ਕਈ ਪੁਰਾਣੇ ਮੌਕਿਆਂ 'ਤੇ ਉਸ ਉੱਤੇ ਹਮਲੇ ਕੀਤੇ ਸਨ। ਇਸ ਸਮੇਂ ਅਬਦਾਲੀ ਚੰਗੇ ਤੋਪਖਾਨੇ ਅਤੇ ਹਥਿਆਰਾਂ ਨਾਲ ਲੈਸ ਹੋ ਕੇ ਆਇਆ ਸੀ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਨੇ ਸਮੇਂ ਨੂੰ ਭਾਂਪਦੇ ਹੋਏ ਆਪਣੇ ਸਿੰਘਾਂ ਨੂੰ ਹੁਕਮ ਕੀਤਾ ਕਿ ਤੁਰੰਤ ਬੀਬੀਆਂ, ਬੱਚਿਆਂ ਅਤੇ ਬਿਰਧਾਂ ਦੇ ਚੁਗਿਰਦ ਘੇਰਾ ਉਸਾਰ ਦਿਉ ਅਤੇ ਬਰਨਾਲੇ ਵੱਲ ਕੂਚ ਕਰੋ। ਸਿੰਘਾਂ ਦਾ ਇੱਕੋ ਮਕਸਦ ਸੀ ਕਿ ਵਹੀਰ ਨੂੰ ਬਚਾਇਆ ਜਾਵੇ ਅਤੇ ਦੁਸ਼ਮਣ ਨੂੰ ਲੜਾਈ ਕਰ ਕੇ ਭਾਰੀ ਨੁਕਸਾਨ ਪਹੁੰਚਾਇਆ ਜਾਵੇ। ਪਰ ਦੁਸ਼ਮਣ ਦੀ ਗਿਣਤੀ ਲੱਖਾਂ ਵਿਚ ਸੀ ਅਤੇ ਸਿੰਘ ਤਾਂ ਆਟੇ ਵਿਚ ਲੂਣ ਦੇ ਬਰਾਬਰ ਸਨ।

ਜਦੋਂ ਵੱਡਾ ਘੱਲੂਘਾਰਾ ਹੋਇਆ, ਉਸ ਸਮੇਂ ਸਾਰੇ ਸਿੰਘ ਮਲੇਰਕੋਟਲੇ ਤੋਂ ੧੨ ਕਿਲੋਮੀਟਰ ਦੂਰ ਉੱਤਰ ਵੱਲ ਕੁੱਪ-ਰੋਹੀੜਾ ਵਿਚ ਇਕੱਠੇ ਸਨ। ਸਿੰਘ ਭਾਵੇਂ ਇਸ ਯੁੱਧ ਅਭਿਆਸ ਵਿਚ ਸਫ਼ਲ ਹੋਏ ਪਰ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਏ ਦੀ ਬਹਾਦਰੀ ਅਤੇ ਯੁੱਧਨੀਤੀ ਕਾਰਨ ਵਹੀਰ ਵਿਚ ਬਹੁਤ ਸਾਰਿਆਂ ਨੂੰ ਬਚਾਇਆ ਗਿਆ।

ਇਸ ਜੰਗ ਵਿਚ ਸਿੱਖਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ। ਸਿੱਖ ਤਵਾਰੀਖ਼ ਵਿਚ ਸ਼ਹੀਦ ਸਿੰਘਾਂ ਦੀ ਗਿਣਤੀ ੨੦,੦੦੦ ਤੋਂ ੫੦,੦੦੦ ਤਕ ਕੀਤੀ ਗਈ ਹੈ। ਅਬਦਾਲੀ ਦੀ ਫੌਜ ਵਿਚ ਥਮਸ ਖਾਨ ਨਾਮ ਦਾ ਫ਼ਾਰਸੀ ਲੇਖਕ ਵੀ ਸੀ ਜਿਸ ਨੇ ਆਪ ਇਸ ਲੜਾਈ ਵਿਚ ਹਿੱਸਾ ਲਿਆ ਸੀ। ਉਸ ਨੇ 'ਕਿਸ-ਏ-ਥਮਸ-ਏਮਸਕੀਨ' (ਥਮਸਨਾਮਾ) ਲਿਖਤ ਅਪ੍ਰੈਲ ੧੭੮੨ ਨੂੰ ਮੁਕੰਮਲ ਕੀਤਾ। ਇਸ ਲੜਾਈ ਵਿਚ ਥਮਸ ਖਾਨ ਨੇ ਸਿੱਖਾਂ ਦੀ ਯੁੱਧਨੀਤੀ ਅਤੇ ਬਹਾਦਰੀ ਦੇਖ ਕੇ ਭਵਿੱਖਬਾਣੀ ਕੀਤੀ ਸੀ, ਕਿ ਜਲਦੀ ਸਿੱਖ ਰਾਜ ਕਾਇਮ ਹੋ ਜਾਵੇਗਾ, ਜੋ ਬਾਅਦ ਵਿਚ ਸੱਚ ਨਿਕਲਿਆ। ਸਿੱਖ ਸ਼ਹੀਦਾਂ ਦੀ ਗਿਣਤੀ, ਉਸ ਨੇ ੨੫,੦੦੦ ਦਿੱਤੀ ਹੈ। ੧੮੪੧ ਈ: ਦੀ ਕ੍ਰਿਤ 'ਸ੍ਰੀ ਗੁਰ ਪੰਥ ਪ੍ਰਕਾਸ਼' ਹੈ ਜੋ ਭਾਈ ਰਤਨ ਸਿੰਘ ਦੇ ਪਿਤਾ ਅਤੇ ਚਾਚੇ ਨੇ ਇਸ ਲੜਾਈ ਵਿਚ ਆਪ ਹਿੱਸਾ ਸੀ। ਉਸ ਅਨੁਸਾਰ ਸਿੱਖ ਸ਼ਹੀਦਾਂ ਦੀ ਗਿਣਤੀ ੩੦,੦੦੦ ਦਿੱਤੀ ਹੈ। ਇਸ ਜੰਗ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਏ ਦੇ ਸਰੀਰ 'ਤੇ ਕ੍ਰਮਵਾਰ ੨੨ ਅਤੇ ੧੯ ਜ਼ਖ਼ਮ ਆਏ ਸਨ। ਇਨ੍ਹਾਂ ਜ਼ਖ਼ਮਾਂ ਤੋਂ ਪ੍ਰਤੱਖ ਹੈ ਕਿ ਸਾਰੇ ਸਿੱਖ ਜਰਨੈਲਾਂ ਨੇ ਲੜਾਈ ਆਪਣੇ ਮੋਢਿਆਂ 'ਤੇ ਹੰਢਾਈ ਸੀ। ਇਹ ਅਜਿਹੀ ਲੜਾਈ ਜਿਸ ਵਿਚ ਹਰ ਸਿੱਖ ਜੰਗਜੂ ਨੂੰ ਕੋਈ ਨਾ ਕੋਈ ਜ਼ਖ਼ਮ ਆਇਆ ਸੀ। ਭਾਵੇਂ ਇਸ ਲੜਾਈ ਵਿਚ ਬਹੁਤੇ ਸਿੰਘ ਸ਼ਹੀਦ ਹੋ ਚੁੱਕੇ ਸਨ ਪਰ ਫਿਰ ਵੀ ਸਿੰਘਾਂ ਵਿਚ ਚੜ੍ਹਦੀ ਕਲਾ ਵਾਲੀ ਸਪਿਰਟ ਠਾਠਾਂ ਮਾਰਦੀ ਸੀ। ਲੜਾਈ ਦੀ ਸ਼ਾਮ ਨੂੰ ਇਕ ਨਿਹੰਗ ਸਿੰਘ ਨੇ ਸਾਰਿਆਂ ਨੂੰ ਅਵਾਜ਼ਾਂ ਦਿੱਤੀਆਂ:

**'ਤੱਤ ਖਾਲਸੋ ਸੋ ਰਹਯੋ, ਗਯੋ ਸੁ ਖੋਟ ਗਵਾਇ'**

*(ਪ੍ਰਾਚੀਨ ਪੰਥ ਪ੍ਰਕਾਸ਼)*

ਇਸ ਘੱਲੂਘਾਰੇ ਵਿਚ ਦੁਸ਼ਮਣ ਜਾਨਾਂ ਬਚਾ ਕੇ ਲੜਦੇ ਸਨ ਜਦਕਿ ਸਿੰਘ ਜਾਨਾਂ ਤਲੀ 'ਤੇ ਰੱਖ ਕੇ ਮੈਦਾਨ-ਏ-ਜੰਗ ਵਿਚ ਜੂਝ ਰਹੇ ਸਨ। ਸਿੰਘ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਟਾਨ ਵਾਂਗ ਅਡੋਲ ਰਹੇ। ਸਿੰਘਾਂ ਦੇ ਜੋਸ਼ ਅਤੇ ਸਿਦਕ ਵਿਚ ਕੋਈ ਫਰਕ ਨਾ ਆਇਆ। ਅਣਖ ਅਤੇ ਗ਼ੈਰਤ ਦੀ ਆਭਾ ਚਮਕਦੀ ਰਹੀ। ਤਵਾਰੀਖ਼ ਵਿਚ ਆਮ ਤੌਰ 'ਤੇ ਜ਼ਿਕਰ ਆਉਂਦਾ ਹੈ ਕਿ ਇਸ ਘੱਲੂਘਾਰੇ ਵਿਚ ਦਮਦਮੇ ਸਾਹਿਬ ਵਾਲੀ ਬੀੜ ਜਾਂਦੀ ਰਹੀ। ਪਰ ਇਸ ਘੱਲੂਘਾਰੇ ਤੋਂ ਪਹਿਲਾਂ ਇਸ ਬੀੜ ਦੇ ਕਈ ਉਤਾਰੇ ਹੋ ਚੁੱਕੇ ਸਨ। ਚਾਰ ਮਹੀਨੇ ਅਜੇ ਲੰਘੇ ਹੀ ਸਨ ਕਿ ਸਿੰਘਾਂ ਇਕੱਠੇ ਹੋ ਕੇ ਸਰਹਿੰਦ 'ਤੇ ਹਮਲਾ ਕੀਤਾ ਅਤੇ ਜੁਲਾਈ ੧੭੬੨ ਵਿਚ ਲਾਹੌਰ ਦੇ ਆਸ-ਪਾਸ ਘੇਰਾ ਪਾ ਲਿਆ।

■

# ਜੈਤੋ ਦਾ ਮੋਰਚਾ

*-ਸ. ਜਗਤਾਰ ਸਿੰਘ 'ਖੋਦੇ ਬੇਟ'**

ਸਿੱਖਾਂ ਉਤੇ ਸਮੇਂ ਦੀਆਂ ਸਰਕਾਰਾਂ ਨੇ ਅਨੇਕਾਂ ਅਤਿਆਚਾਰ ਕੀਤੇ ਪਰ ਸਿੱਖ ਕੌਮ ਅਤਿਆਚਾਰਾਂ ਨੂੰ ਸਹਾਰਦੀ ਹੋਈ ਵੀ ਸਦਾ ਬੁਲੰਦੀਆਂ ਨੂੰ ਛੂੰਹਦੀ ਰਹੀ। ਸਿੱਖ ਯੋਧਿਆਂ ਨੇ ਜਬਰ ਦਾ ਟਾਕਰਾ ਹਮੇਸ਼ਾਂ ਸਬਰ ਨਾਲ ਕੀਤਾ। ਅੰਗਰੇਜ਼ ਰਾਜ ਸਮੇਂ ਗੁਰਦੁਆਰਿਆਂ ਦਾ ਪ੍ਰਬੰਧ ਮਹੰਤਾਂ ਕੋਲ ਸੀ, ਜੋ ਅੰਗਰੇਜ਼ ਸਰਕਾਰ ਦੇ ਪਿੱਠੂ ਸਨ। ਇਹ ਮਹੰਤ ਇਖਲਾਕ ਤੋਂ ਡਿੱਗੇ ਹੋਏ ਸਨ ਜਿਸ ਕਾਰਨ ਗੁਰਦੁਆਰਿਆਂ ਵਿਚ ਸਿੱਖੀ ਪ੍ਰਚਾਰ ਦੀ ਥਾਂ ਅਯਾਸ਼ੀਆਂ ਹੋ ਰਹੀਆਂ ਸਨ। ਜਦ ਇਨ੍ਹਾਂ ਦੁਰਾਚਾਰੀ ਮਹੰਤਾਂ ਨੇ ਅੱਤ ਕਰ ਦਿੱਤੀ ਤਾਂ ਸਿੱਖ ਪੰਥ ਵਿਚ ਇਸ ਦਾ ਜਬਰਦਸਤ ਵਿਰੋਧ ਉਠਿਆ। ਇਸੇ ਵਿਰੋਧ ਵਿਚੋਂ ਗੁਰਦੁਆਰਾ ਸੁਧਾਰ ਲਹਿਰ ਅਰੰਭ ਹੋਈ। ਗੁਰਦੁਆਰਾ ਸੁਧਾਰ ਲਹਿਰ ਵਿਚ ਲੱਗੇ ਮੋਰਚਿਆਂ ਵਿਚ ਜੈਤੋ ਦਾ ਮੋਰਚਾ ਅਹਿਮ ਸਥਾਨ ਰੱਖਦਾ ਹੈ। ਜੈਤੋ ਦਾ ਮੋਰਚਾ ਸ਼ੁਰੂ ਹੋਣ ਦਾ ਪਿਛੋਕੜ ਨਾਭੇ ਦੀ ਗੱਦੀ ਦਾ ਮਸਲਾ ਸੀ। ਪਰ ਇਸ ਦਾ ਤਤਕਾਲੀ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਖੰਡਿਤ ਹੋਣ ਦਾ ਬਣਿਆ। ਅੰਗਰੇਜ਼ ਸਰਕਾਰ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਆਪਣੀ ਤਾਜਪੋਸ਼ੀ ਸਮੇਂ ਸਿੱਖ ਰੀਤੀ-ਰਿਵਾਜ ਅਪਨਾਉਣ ਕਰਕੇ ਬਾਗ਼ੀ ਸਮਝਣ ਲੱਗ ਪਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੫ ਅਪ੍ਰੈਲ ੧੯੨੧ ਦੇ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸਿੱਖ ਸੰਗਤਾਂ ਨੂੰ ਸਿਰ 'ਤੇ ਕਾਲੀਆਂ ਦਸਤਾਰਾਂ ਅਤੇ ਦੁਪੱਟੇ ਸਜਾ ਕੇ ਥਾਂ-ਥਾਂ ਦੀਵਾਨ ਕਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਪਾਏ ਜਾਣ ਦੀ ਅਪੀਲ ਕੀਤੀ। ਸਿੱਖ ਮਹਾਰਾਜਿਆਂ ਵਿੱਚੋਂ ਮਹਾਰਾਜਾ ਰਿਪੁਦਮਨ ਸਿੰਘ ਨੇ ਹੀ ਇਸ ਅਪੀਲ 'ਤੇ ਅਮਲ ਕੀਤਾ। ਅੰਗਰੇਜ਼ ਸਰਕਾਰ ਤਾਂ ਪਹਿਲਾਂ ਹੀ ਮਹਾਰਾਜੇ ਦੇ ਵਿਰੁੱਧ ਸੀ। ਨਾਭਾ ਅਤੇ ਪਟਿਆਲਾ ਦੇ ਮਹਾਰਾਜੇ ਦੇ ਅਕਸਰ ਘਰੋਗੀ ਝਗੜੇ ਚੱਲਦੇ ਰਹਿੰਦੇ ਸਨ। ਅੰਗਰੇਜ਼ ਸਰਕਾਰ ਨੇ ਨਾਭਾ ਅਤੇ ਪਟਿਆਲਾ ਦੇ ਰਾਜਿਆਂ ਕੋਲੋਂ ਫੈਸਲਾ ਕਰਨ ਦੇ ਹੱਕ ਪ੍ਰਾਪਤ ਕਰ ਲਏ। ੧੯੨੨ ਈ. ਦੇ ਅੰਤ ਵਿਚ ਇਲਾਹਾਬਾਦ ਹਾਈਕੋਰਟ ਦੇ ਇਕ ਜੱਜ ਨੇ ਪੜਤਾਲ ਕਰ ਕੇ ਮਹਾਰਾਜਾ ਨਾਭਾ ਦੇ ਵਿਰੁੱਧ ਫੈਸਲਾ ਦੇ ਦਿੱਤਾ।੮ ਜੂਨ, ੧੯੨੩ ਈ. ਨੂੰ ਅੰਗਰੇਜ਼ ਸਰਕਾਰ ਨੇ ਮਹਾਰਾਜਾ ਨਾਭਾ ਨੂੰ ਗੱਦੀ ਤੋਂ ਲਾਹ ਦਿੱਤਾ। ਸਿੱਖ ਪੰਥ ਅੰਦਰ ਸਰਕਾਰ ਦੀ ਇਸ ਕਾਰਵਾਈ ਨਾਲ ਭਾਰੀ ਰੋਸ ਫੈਲ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ੫ ਅਗਸਤ ਨੂੰ ਇਕੱਤਰਤਾ ਹੋਈ ਜਿਸ ਵਿਚ ੯ ਸਤੰਬਰ ਨੂੰ ਸਭ ਥਾਵਾਂ 'ਤੇ 'ਨਾਭਾ ਦਿਵਸ' ਮਨਾਉਣ ਦਾ ਫੈਸਲਾ ਹੋਇਆ। ੨੫, ੨੬ ਅਤੇ ੨੭ ਅਗਸਤ ੧੯੨੩ ਨੂੰ ਇਲਾਕੇ ਦੀਆਂ ਸੰਗਤਾਂ ਵੱਲੋਂ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਦੀਵਾਨ ਸਜਾ ਮਹਾਰਾਜੇ ਦੀ ਬਹਾਲੀ ਲਈ ਮਤੇ ਪਾਸ ਕੀਤੇ ਗਏ। ੨੭ ਅਗਸਤ ਨੂੰ ਭਰੇ ਦੀਵਾਨ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਗਿਆਨੀ ਇੰਦਰ ਸਿੰਘ ਨੂੰ ਸਰਕਾਰ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ।

ਇਸ ਸਮੇਂ ਨਾਭਾ ਰਿਆਸਤ ਦਾ ਪ੍ਰਬੰਧ ਅੰਗਰੇਜ਼ ਸਰਕਾਰ ਵੱਲੋਂ ਨਿਯੁਕਤ ਮਿਸਟਰ ਵਿਲੀਅਮ ਜਾਨਸਟਨ ਦੇ ਹੱਥਾਂ ਵਿਚ ਸੀ। ੯ ਸਤੰਬਰ ਨੂੰ ਹੋਰਨਾਂ ਥਾਵਾਂ ਵਾਂਗ ਜੈਤੋ ਮੰਡੀ ਵਿਚ ਵੀ ਜਲੂਸ ਕੱਢਿਆ ਗਿਆ ਅਤੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦੀਵਾਨ ਸਜਾਇਆ ਗਿਆ। ੯ ਸਤੰਬਰ ਦੇ ਜਲੂਸ ਵਿਚ ਸ਼ਾਮਲ ਅਕਾਲੀ ਗ੍ਰਿਫ਼ਤਾਰ ਕਰ ਲਏ ਗਏ। ੧੪ ਸਤੰਬਰ ਨੂੰ ਸਿੰਘਾਂ ਵੱਲੋਂ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਵਿਖੇ ਆਰੰਭ ਕੀਤੇ ਸ੍ਰੀ ਅਖੰਡ ਪਾਠ ਸਾਹਿਬ ਦਾ ਪਾਠ ਕਰ ਰਹੇ ਸਿੰਘ ਨੂੰ ਸਰਕਾਰ ਦੇ ਸਿਪਾਹੀਆਂ ਵੱਲੋਂ ਜ਼ਬਰੀ ਚੁੱਕ ਲਿਆ ਗਿਆ ਜਿਸ ਕਾਰਨ ਸ੍ਰੀ ਅਖੰਡ ਪਾਠ ਸਾਹਿਬ ਖੰਡਤ ਹੋ ਗਏ। ੧੪ ਸਤੰਬਰ ੧੯੨੩ ਤੋਂ ਜੈਤੋ ਵਿਚ ਬਾਕਾਇਦਾ ਮੋਰਚਾ ਲੱਗ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰੋਜ਼ਾਨਾ ੨੫-੨੫ ਸਿੰਘਾਂ ਦਾ ਜਥਾ ਜੈਤੋ ਭੇਜਣ ਦਾ ਫੈਸਲਾ ਕਰ ਲਿਆ। ਪਹਿਲਾ ਜਥਾ ੧੫ ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੈਦਲ ਰਵਾਨਾ ਹੋਇਆ। ਇਸ ਜਥੇ ਨੇ ਤੁਰਨ ਤੋਂ ਪਹਿਲਾਂ ਹੀ ਸ਼ਾਂਤਮਈ ਰਹਿਣ ਦਾ ਪ੍ਰਣ ਲਿਆ ਹੋਇਆ ਸੀ। ਇਹ ਜਥਾ ਵੱਖ-ਵੱਖ ਥਾਈਂ ਪੜਾਅ ਕਰਦਾ ਹੋਇਆ ਜੈਤੋ ਪਹੁੰਚਿਆ, ਪਰ

**ਪਿੰਡ ਖੋਦੇਬੇਟ, ਤਹਿ: ਡੇਰਾ ਬਾਬਾ ਨਾਨਕ (ਗੁਰਦਾਸਪੁਰ)।*

ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋਣ ਤੋਂ ਪਹਿਲਾਂ ਹੀ ਜਥੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਤਰ੍ਹਾਂ ੨੫-੨੫ ਸਿੰਘਾਂ ਦੇ ਜਥੇ ਰੋਜ਼ਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਾਂਤਮਈ ਰਵਾਨਾ ਹੁੰਦੇ ਜੈਤੋ ਪਹੁੰਚ ਕੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਨਾਭੇ ਦੀ ਬੀੜ ਵਿਚ ਭੇਜ ਦਿੱਤਾ ਜਾਂਦਾ ਅਤੇ ਕਈਆਂ ਨੂੰ ਰਿਵਾੜੀ ਆਦਿ ਦੂਰ-ਦੁਰਾਡੇ ਲਿਜਾ ਕੇ ਛੱਡ ਦਿੱਤਾ ਜਾਂਦਾ। ੧੩ ਅਕਤੂਬਰ ੧੯੨੩ ਨੂੰ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਾਨੂੰਨ ਵਿਰੁੱਧ ਕਰਾਰ ਦਿੱਤਾ ਅਤੇ ਮੁੱਖੀ ਸਿੱਖਾਂ ਦੇ ਗ੍ਰਿਫਤਾਰੀ ਵਰੰਟ ਜਾਰੀ ਕੀਤੇ ਗਏ। ੧੩-੧੪ ਅਕਤੂਬਰ ਦੀ ਵਿਚਕਾਰਲੀ ਰਾਤ ਨੂੰ ਸ. ਮਹਿਤਾਬ ਸਿੰਘ ਪ੍ਰਧਾਨ ਸ੍ਰੋਮਣੀ ਕਮੇਟੀ, ਸ. ਸਰਮੁੱਖ ਸਿੰਘ ਝਬਾਲ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਸਮੇਤ ਮੁੱਖੀ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਨ੍ਹਾਂ ਗ੍ਰਿਫ਼ਤਾਰੀਆਂ ਦੀ ਚਰਚਾ ਸਮੁੱਚੇ ਦੇਸ਼ ਅੰਦਰ ਫੈਲ ਗਈ ਅਤੇ ਜੈਤੋ ਦਾ ਮੋਰਚਾ ਸਮੁੱਚੇ ਭਾਰਤ ਦੀ ਨਜ਼ਰੇ ਚੜ੍ਹ ਗਿਆ। ਇਸ ਕਾਰਵਾਈ ਨਾਲ ਅੰਗਰੇਜ਼ ਸਰਕਾਰ ਵਿਰੁੱਧ ਰੋਸ ਹੋਰ ਤਿੱਖਾ ਹੋਇਆ। ਇਸ ਲਈ ਹੁਣ ਫੈਸਲਾ ਹੋਇਆ ਕਿ ੫੦੦-੫੦੦ ਸਿੰਘਾਂ ਦੇ ਜਥੇ ਭੇਜੇ ਜਾਣ।

ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ ਊਧਮ ਸਿੰਘ ਨਾਗੋਕੇ ਦੀ ਅਗਵਾਈ ਵਿਚ ਪੰਜ ਸੌ ਸਿੰਘਾਂ ਦਾ ਜਥਾ ਜੈਤੋ ਵਿਚ ਖੰਡਤ ਹੋਏ ਸ੍ਰੀ ਅਖੰਡ ਪਾਠ ਨੂੰ ਮੁੜ ਤੋਂ ਅਰੰਭ ਕਰਨ ਲਈ ਭੇਜਣ ਦਾ ਫੈਸਲਾ ਕੀਤਾ। ੮ ਫਰਵਰੀ ਨੂੰ ਜਥੇਦਾਰ ਉਧਮ ਸਿੰਘ ਨਾਗੋਕੇ ਨੂੰ ਅੰਮ੍ਰਿਤਸਰ ਤੋਂ ਗ੍ਰਿਫਤਾਰ ਕਰ ਲਿਆ ਗਿਆ। ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਦੀ ਜਗ੍ਹਾ ਸ. ਊਧਮ ਸਿੰਘ ਵਰਪਾਲ ਨੂੰ ਜਥੇਦਾਰ ਅਤੇ ਸ. ਜਗਤ ਸਿੰਘ ਤੁੱੜ ਨੂੰ ਮੀਤ ਜਥੇਦਾਰ ਬਣਾਇਆ। ੯ ਫ਼ਰਵਰੀ ੧੯੨੪ ਨੂੰ ੫੦੦ ਸਿੰਘਾਂ ਦਾ ਪਹਿਲਾ ਜਥਾ ਸ਼ਾਂਤਮਈ ਰਹਿਣ ਦਾ ਪ੍ਰਣ ਲੈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸਾ ਸੋਧ ਕੇ ਤੁਰਿਆ। ਰਸਤੇ ਵਿਚ ਵੱਖ-ਵੱਖ ਥਾਈਂ ਪੜਾਅ ਕਰਦਾ ਹੋਇਆ ਇਹ ਜਥਾ ੨੦ ਫਰਵਰੀ ਨੂੰ ਫ਼ਰੀਦਕੋਟ ਦੇ ਪਿੰਡ ਬਰਗਾੜੀ ਪੁੱਜਾ। ੨੧ ਫਰਵਰੀ ਨੂੰ ਜਥਾ ਜੈਤੋ ਵੱਲ ਰਵਾਨਾ ਹੋਇਆ। ਜਥੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਸੀ ਜਿਸ ਵਿਚ ਨੌਜਵਾਨ, ਬਜ਼ੁਰਗ, ਬੀਬੀਆਂ ਅਤੇ ਬੱਚੇ ਸ਼ਾਮਲ ਸਨ। ਨਾਭਾ ਰਾਜ ਦੀ ਹੱਦ ਅੰਦਰ ਦਾਖਲ ਹੋਣ ’ਤੇ ਜਥੇ ਨੂੰ ਰੋਕ ਲਿਆ ਗਿਆ। ਜਥੇ ਦੇ ਅੱਗੇ-ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਉਠਾ ਕੇ ਚੱਲ ਰਹੇ ਸਨ ਅਤੇ ਵਿਚਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸੀ। ਗੁਰਦੁਆਰਾ ਗੰਗਸਰ ਸਾਹਿਬ ਨੂੰ ਜਾਣ ਵਾਲੇ ਰਸਤੇ ’ਤੇ ਤਾਰਾਂ ਲੱਗੀਆਂ ਹੋਈਆਂ ਸਨ ਅਤੇ ਮਸ਼ੀਨਗੰਨਾਂ ਬੀੜੀਆਂ ਹੋਈਆਂ ਸਨ। ਇਵੇਂ ਲੱਗ ਰਿਹਾ ਸੀ ਜਿਵੇਂ ਜੰਗੀ ਤਿਆਰੀ ਕੀਤੀ ਹੋਵੇ। ਜਥਾ ਜਦ ਟਿੱਬੀ ਸਾਹਿਬ ਵੱਲ ਵਧ ਰਿਹਾ ਸੀ ਤਾਂ ਅੰਗਰੇਜ਼ੀ ਅਫਸਰ ਵਿਲਸਨ ਜਾਨਸਟਨ ਨੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਗਿਆ। ਤਿੰਨਾ ਪਾਸਿਆਂ ਤੋਂ ਸੰਗਤ ਉਤੇ ਗੋਲੀ ਚਲ ਪਈ। ਜਥਾ ਗੋਲੀਆਂ ਖਾਂਦਾ ਹੋਇਆ ਗੁਰਦੁਆਰਾ ਟਿੱਬੀ ਸਾਹਿਬ ਪੁੱਜ ਗਿਆ। ਜਥੇ ਦੇ ਸੈਂਕੜੇ ਸਿੰਘ ਅਤੇ ਨਾਲ ਜਾ ਰਹੀ ਸੰਗਤ ਵੱਡੀ ਗਿਣਤੀ ਵਿਚ ਸ਼ਹੀਦ ਜਾਂ ਜ਼ਖਮੀ ਹੋ ਚੁੱਕੀ ਸੀ। ਜਥੇ ਦੇ ਬਚੇ ਹੋਏ ਸਿੰਘ ਗੁਰਦੁਆਰਾ ਟਿੱਬੀ ਸਾਹਿਬ ਤੋਂ ਗੁਰਦੁਆਰਾ ਗੰਗਸਰ ਸਾਹਿਬ ਵੱਲ ਨੂੰ ਵਧਣ ਲਗੇ, ਪਰ ਘੋੜ-ਸਵਾਰ ਫੌਜੀ ਦਸਤਿਆਂ ਨੇ ਉਨ੍ਹਾਂ ਦਾ ਰਾਹ ਰੋਕ ਲਿਆ। ਬਚੀ ਹੋਈ ਸੰਗਤ ਅਤੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜੈਤੋ ਵਿਚ ਵਾਪਰੇ ਇਸ ਦੁੱਖਦਾਈ ਕਾਂਡ ਦੀ ਖ਼ਬਰ ਚਾਰੇ ਪਾਸੇ ਜੰਗਲ ਦੀ ਅੱਗ ਵਾਂਗ ਫੈਲ ਗਈ। ਜੈਤੋ ਦੇ ਮੋਰਚੇ ਦੌਰਾਨ ਵਾਪਰੀ ਇਸ ਭਿਆਨਕ ਘਟਨਾ ਨੇ ਸਿੱਖਾਂ ਦੇ ਮਨਾਂ ਵਿਚ ਜੋਸ਼ ਨੂੰ ਹੋਰ ਪ੍ਰਚੰਡ ਕੀਤਾ।

੨੧ ਫ਼ਰਵਰੀ ਦੇ ਸਾਕੇ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੂਸਰਾ ੫੦੦ ਸਿੰਘਾਂ ਦਾ ਜਥਾ ਭੇਜਣ ਦਾ ਐਲਾਨ ਕੀਤਾ। ਦੂਸਰਾ ਜਥਾ ੨੫ ਫ਼ਰਵਰੀ ੧੯੨੪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੈਦਲ ਰਵਾਨਾ ਹੋਇਆ ਅਤੇ ੧੩ ਮਾਰਚ ਨੂੰ ਜੈਤੋ ਦੇ ਨੇੜੇ ਪੁੱਜ ਗਿਆ। ਇਸ ਜਥੇ ਨੇ ੧੪ ਮਾਰਚ ਨੂੰ ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋਣਾ ਸੀ। ਇਸ ਜਥੇ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ ਗਿਆ। ਸਾਰੇ ਸਿੰਘਾਂ ਨੇ ਸ਼ਾਂਤਮਈ ਢੰਗ ਨਾਲ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕੀਤਾ। ਤੀਸਰਾ ੫੦੦ ਸਿੰਘਾਂ ਦਾ ਜਥਾ ੨੨ ਮਾਰਚ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰਵਾਨਾ ਹੋਇਆ ਅਤੇ 7 ਅਪ੍ਰੈਲ, ੧੯੨੪ ਨੂੰ ਜੈਤੋ ਪਹੁੰਚਿਆ। ਇਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਕਿਲ੍ਹੇ ਅੰਦਰ ਡੱਕ ਦਿੱਤਾ ਗਿਆ। ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ੫੦੦-੫੦੦ ਸਿੰਘਾਂ ਦੇ ਜਥੇ ਉਦੋਂ ਤਕ ਜੈਤੋ ਵੱਲ ਰਵਾਨਾ ਹੁੰਦੇ ਰਹੇ, ਜਦ ਤਕ ਅੰਗਰਜ਼ ਸਰਕਾਰ ਨੇ ਸਿੰਘਾਂ ਨੂੰ ਸ੍ਰੀ ਅਖੰਡ ਪਾਠ ਸਾਹਿਬ ਸ਼ੁਰੂ ਕਰਨ ਦੀ ਇਜਾਜ਼ਤ ਨਾ ਦੇ ਦਿੱਤੀ। ਅਖੀਰ ਸਰਕਾਰ ਨੂੰ ਸਿੰਘਾਂ ਦੇ ਜਜ਼ਬੇ ਅੱਗੇ ਝੁਕਣਾ ਪਿਆ ਤੇ ਖਾਲਸੇ ਦੀ ਜਿੱਤ ਹੋਈ। ■

ਕਵਿਤਾਵਾਂ

# ਸ਼ਹੀਦਾਂ ਦੀ ਕੌਮ

-ਸ. ਦਾਨ ਸਿੰਘ 'ਕੋਮਲ'*

ਕਿਸੇ ਕੌਮ ਦੀ ਸ਼ਕਤੀ ਜੇ ਵੇਖਣੀ ਏਂ
ਕਦੇ ਗਿਣੋਂ ਨਾ ਉਹਦੇ ਮੁਰੀਦ ਕਿੰਨੇ?
ਬੰਦੇ ਗਿਣੋਂ ਨਾ, ਸਗੋਂ ਇਹ ਕਰੋ ਗਿਣਤੀ,
ਓਸ ਕੌਮ ਵਿਚ ਹੋਏ ਸ਼ਹੀਦ ਕਿੰਨੇ?

ਗਿਣ ਕੇ ਵੇਖੋ ਸੰਸਾਰ ਦੀਆਂ ਕੁੱਲ ਕੌਮਾਂ,
ਵੇਖੋ ਕੌਣ ਨੀਵੀਂ, ਵੇਖੋ ਕੌਣ ਉੱਚੀ।
ਜਿਸ ਕੌਮ ਦੇ ਹੋਣ ਸ਼ਹੀਦ ਬਹੁਤੇ,
ਓਸ ਕੌਮ ਦੀ ਰਹਿੰਦੀ ਏ ਧੌਣ ਉੱਚੀ।

ਸੇਵਾ, ਸਿਮਰਨ, ਸੱਚਾਈ ਤੇ ਸਿਦਕ ਸੰਜਮ,
ਜਿਸ ਕੌਮ ਦੇ ਮਹਿਲ ਦੀਆਂ ਥੰਮ੍ਹੀਆਂ ਨੇ।
ਓਸ ਕੌਮ ਦਾ ਹੁੰਦਾ ਏ ਸਿਰ ਉੱਚਾ,
ਓਸ ਕੌਮ ਦੀਆਂ ਬਾਹਵਾਂ ਲੰਮੀਆਂ ਨੇ।

ਭਗਤੀ, ਸ਼ਾਂਤੀ, ਕੁਰਬਾਨੀ ਤੇ ਅਣਖ ਸ਼ਕਤੀ,
ਜਿਸ ਕੌਮ ਦੇ ਪਾਸ ਇਹ ਰਾਸ ਹੋਵੇ।
ਓਹ ਕੌਮ ਨਹੀਂ ਕਦੇ ਅਧੀਨ ਹੁੰਦੀ,
ਜਿਹਦਾ ਆਪਣੇ ਉਤੇ ਵਿਸ਼ਵਾਸ ਹੋਵੇ।

ਜਿਸ ਕੌਮ ਦਾ ਜ਼ਿੰਦਾ ਇਤਿਹਾਸ ਹੋਵੇ,
ਉਹ ਕੌਮ ਨਹੀਂ ਕਿਸੇ ਤੋਂ ਡਰ ਸਕਦੀ।
ਜਿਹੜੀ ਕੌਮ ਨੂੰ ਮਰਨ ਦਾ ਚਾਅ ਹੋਵੇ,
ਉਹ ਕੌਮ ਨਹੀਂ ਕਿਸੇ ਤੋਂ ਮਰ ਸਕਦੀ।

ਜਿਹੜੀ ਕੌਮ ਦੁਹਰਾਉਂਦੀ ਇਤਿਹਾਸ ਆਪਣਾ,
ਉਹ ਗ਼ੁਲਾਮ ਨਹੀਂ ਕਦੇ ਵੀ ਰਹਿ ਸਕਦੀ।
ਉਹਦੀ ਸ਼ਾਨ ਦਾ ਸੂਰਜ ਹੈ ਸਿਖਰ ਉੱਤੇ,
ਉਸ 'ਤੇ ਕਦੇ ਵੀ ਸ਼ਾਮ ਨਹੀਂ ਪੈ ਸਕਦੀ।

*ਵਿਰਸਾ ਖ਼ਾਲਸੇ ਦਾ ਪੁਸਤਕ ਵਿੱਚੋਂ ਸਤਿਕਾਰ ਸਹਿਤ।

ਜਿਹੜੀ ਕੌਮ ਨੇ ਦੇਸ਼ ਤੇ ਧਰਮ ਖਾਤਰ,
ਆਪਣੇ ਧੜ 'ਤੇ ਸਮਝਿਆ ਸੀਸ ਹੀ ਨਹੀਂ।
ਓਸ ਕੌਮ ਦੀ ਨਹੀਂ ਮਿਸਾਲ ਮਿਲਦੀ,
ਓਹਦੀ ਜੱਗ ਉਤੇ ਕੋਈ ਰੀਸ ਹੀ ਨਹੀਂ।

ਦੇਸ਼ ਧਰਮ ਲਈ ਲੜਨਾ ਤੇ ਜੂਝ ਮਰਨਾ,
ਜਿਹੜੀ ਕੌਮ ਦੀਆਂ ਮੁੱਢੋਂ ਆਦਤਾਂ ਨੇ।
ਉਹੋ ਕੌਮ ਮਰ-ਜੀਵੜੇ ਕਰੇ ਪੈਦਾ,
ਰੰਗ ਲਾਉਂਦੀਆਂ ਉਹਨੂੰ ਸ਼ਹਾਦਤਾਂ ਨੇ।

ਜਿਹੜੀ ਕੌਮ ਵਿਚ ਹੋਣ ਸਿਰਲੱਥ ਸੂਰੇ,
ਉਹਦਾ ਲਹੂ ਨਾ ਨਾੜਾਂ ਵਿਚ ਜੰਮਦਾ ਏ।
ਫਲ ਚੱਖਦੀ ਉਹੋ ਕੁਰਬਾਨੀਆਂ ਦੇ,
ਮਜ਼ਾ ਓਸੇ ਨੂੰ ਆਉਂਦਾ ਅਗੰਮ ਦਾ ਏ।

ਜਿਸ ਕੌਮ ਦੇ ਬੱਚੇ ਵੀ ਖੁਸ਼ ਹੋ ਕੇ,
ਆਪੇ ਹੋਣਾ ਸ਼ਹੀਦ ਕਬੂਲਦੇ ਨੇ।
ਓਸ ਕੌਮ ਦੇ ਹੁੰਦੇ ਨੇ ਬੁਰਜ ਉਚੇ,
ਸੌ ਸੌ ਫੁੱਟ ਉਚੇ ਝੰਡੇ ਝੂਲਦੇ ਨੇ।

ਜਿਹੜੀ ਕੌਮ ਹੈ ਸਮਝਦੀ ਜ਼ਿੰਦਗੀ ਨੂੰ,
ਜਿਸ ਕੌਮ ਨੂੰ ਮਰਨ ਦਾ ਵਲ ਹੋਵੇ।
ਓਸ ਕੌਮ ਦੀ ਹੀ, ਜੈ ਜੈ ਕਾਰ ਹੁੰਦੀ,
ਭਾਵੇਂ ਅੱਜ ਹੋਵੇ, ਭਾਵੇਂ ਕੱਲ੍ਹ ਹੋਵੇ।

ਜਿਹੜੀ ਕੌਮ ਸ਼ਹੀਦਾਂ ਤੇ ਗੁਰੂਆਂ ਦੇ,
ਦਿਵਸ ਵਰ੍ਹੇ ਦੇ ਵਰ੍ਹੇ ਮਨਾਂਵਦੀ ਏ।
ਉਹਦਾ ਹੁੰਦਾ ਹੈ 'ਕੋਮਲ' ਭਵਿੱਖ ਉਜਲ,
ਓਹੋ ਅਮਰ ਹੁੰਦੀ, ਪੂਜੀ ਜਾਂਵਦੀ ਹੈ।

■

# ਸਾਕਾ ਸ੍ਰੀ ਨਨਕਾਣਾ ਸਾਹਿਬ

*-ਸ. ਨਿਰਵੈਰ ਸਿੰਘ 'ਅਰਸ਼ੀ'**

ਆਓ, ਵੀਰਨੋ ਚੱਲੀਏ ਨਨਕਾਣੇ, ਪਾਵਨ ਜਨਮ-ਅਸਥਾਨ ਦੀ ਗੱਲ ਕਰੀਏ।
ਨਾਨਕ ਸਤਿਗੁਰੂ ਜਿੱਥੇ ਅਵਤਾਰ ਲੀਤਾ, ਉਸ ਧਰਤ ਮਹਾਨ ਦੀ ਗੱਲ ਕਰੀਏ।
ਗੁਰੂ ਘਰ ਦੇ ਅਦਬ-ਸਤਿਕਾਰ ਖ਼ਾਤਰ, ਲਹੂ ਡੋਲ੍ਹਿਆ ਸਿੰਘਾਂ ਨੇ ਹੱਸ ਕੇ ਜਿਉਂ,
ਉਸ ਜੱਗ ਤੋਂ ਵੱਖਰੀ ਦਾਸਤਾਂ ਦੀ, ਸਿੱਖੀ ਆਨ ਤੇ ਸ਼ਾਨ ਦੀ ਗੱਲ ਕਰੀਏ।

ਲੰਬੇ ਸਮੇਂ ਤੋਂ ਸੇਵਾ ਗੁਰੂ-ਘਰਾਂ ਦੀ, ਸੰਤ-ਮਹੰਤ ਹੀ ਨਿਭਾਉਂਦੇ ਆ ਰਹੇ ਸੀ।
ਨੇਮ-ਪ੍ਰੇਮ ਨਾਲ ਕਰਦੇ ਸੀ ਪਾਠ-ਪੂਜਾ, ਦੀਵਾ-ਬੱਤੀ ਜਗਾਉਂਦੇ ਆ ਰਹੇ ਸੀ।
ਆਮਦ ਸੰਗਤ ਦੀ ਭਾਵੇਂ ਸੀ ਨਾਮ-ਮਾਤਰ, ਫਿਰ ਵੀ ਸ਼ੁਕਰ ਮਨਾਉਂਦੇ ਆ ਰਹੇ ਸੀ।
ਨਾ ਕੋਈ ਲੋਭ-ਲਾਲਚ, ਨਾ ਹੀ ਫ਼ਿਕਰ-ਫਾਕਾ, ਏਵੇਂ ਸੇਵਾ ਕਮਾਉਂਦੇ ਆ ਰਹੇ ਸੀ।

ਫੇਰ ਸ਼ੇਰੇ-ਪੰਜਾਬ ਦਾ ਸਮਾਂ ਆਇਆ, ਪਰਚਮ ਕੇਸਰੀ ਜਦੋਂ ਲਹਿਰਾਉਣ ਲੱਗਾ।
ਮਹਾਰਾਜਾ ਰਣਜੀਤ ਸਿੰਘ ਮਹਾਂ-ਦਾਨੀ, ਧਰਮ-ਕਰਮ ਲਈ ਮਾਇਆ ਲਗਾਉਣ ਲੱਗਾ।
ਹਰਿਮੰਦਰ ਲਈ ਜਿੱਥੇ ਅਪਾਰ ਸ਼ਰਧਾ, ਗੱਡੇ ਭਰ-ਭਰ ਕੇ ਸੋਨਾ ਭਿਜਵਾਉਣ ਲੱਗਾ।
ਗੁਰੁਧਾਮਾਂ, ਮਸੀਤਾਂ ਤੇ ਮੰਦਰਾਂ ਨੂੰ, ਵੱਡੀਆਂ-ਵੱਡੀਆਂ ਜਗੀਰਾਂ ਵੀ ਲਾਉਣ ਲੱਗਾ।

ਮਾਇਆ-ਮੋਹਣੀ ਨੂੰ ਸਾਰੇ ਹੀ ਜਾਣਦੇ ਨੇ, ਚੰਗੇ-ਚੰਗਿਆਂ ਦੇ ਮੂੰਹ ਫੇਰ ਦੇਵੇ।
ਉਚੀ ਟੀਸੀ ਉੱਤੇ ਬੈਠੇ ਹੋਇਆਂ ਨੂੰ, ਮਿੰਟੋ-ਮਿੰਟੀ ਰਸਾਤਲ ਵਿਚ ਗੇਰ ਦੇਵੇ।
ਰੁਸਤਮ ਅਤੇ ਸਿਕੰਦਰ ਜਿਹੇ ਮਹਾਂ-ਯੋਧੇ, ਵਿਸ਼ਵਾਮਿੱਤਰ ਜੇਹੇ ਜਪੀ-ਤਪੀ ਭਾਰੇ,
ਮਾਇਆ-ਠਗਣੀ ਦੇ ਸਾਹਵੇਂ ਨਾ ਖੜ੍ਹ ਸੱਕਣ, ਇਕੋ ਚੁਟਕੀ 'ਚ ਕਰ ਢੇਰ ਦੇਵੇ।

ਇਹੋ ਹੋਣੀ ਮਹੰਤਾਂ ਦੇ ਨਾਲ ਵਰਤੀ, ਕੰਜਰਾਂ ਵਾਂਗ ਕੁਕਰਮ ਸੀ ਕਰਨ ਲੱਗੇ।
ਸ਼ਰਾਬ ਅਤੇ ਕਬਾਬ ਦੇ ਹੋਏ ਆਦੀ, ਹੀਰਾ ਮੰਡੀ ਵਿਚ ਚੌਂਕੀਆਂ ਭਰਨ ਲੱਗੇ।
ਨਰੈਣ ਦਾਸ ਮਹੰਤ ਨਨਕਾਣੇ ਦਾ ਜੋ, ਵੈਲੀ ਟੋਲੇ ਦਾ ਮੁਖੀ ਸਰਦਾਰ ਬਣਿਆਂ,
ਜਿਸ ਦਾ ਨਾਮ ਹੀ ਸੁਣਦਿਆਂ ਦਸ ਨੰਬਰੀ, ਵੱਡੇ-ਵੱਡੇ ਬਦਮਾਸ਼ ਵੀ ਡਰਨ ਲੱਗੇ।

ਗੁਰੂ-ਘਰ ਦਾ ਅਦਬ-ਅਦਾਬ ਭੁੱਲ ਕੇ, ਮਨਮਾਨੀਆਂ ਦੁਸ਼ਟ ਸੀ ਕਰਨ ਲੱਗਾ।
ਦਰਸ਼ਨ ਕਰਨ ਆਈਆਂ ਧੀ-ਧਿਆਣੀਆਂ ਦੀ, ਇੱਜ਼ਤ-ਪੱਤ ਨੂੰ ਛਿੱਕੇ 'ਤੇ ਧਰਨ ਲੱਗਾ।
ਪਾਵਨ ਧਰਤੀ 'ਤੇ ਕੀਤੇ ਸਨ ਜਾਣ ਲੱਗੇ, ਮੱਸੇ ਰੰਘੜ ਦੇ ਵਾਂਗ ਹੀ ਨਾਚ-ਮੁਜਰੇ,
ਬਹੁਤ ਰੋਕਿਆ ਪੰਥ ਦੇ ਆਗੂਆਂ ਨੇ, ਇਹ ਪਰ ਹੋਰ ਹੀ ਘਾੜਤਾਂ ਘੜਨ ਲੱਗਾ।

*ਸ੍ਰੀ ਅਨੰਦਪੁਰ ਸਾਹਿਬ। (ਮੋ) ੦੯੮੮੮੬੩੬੪੧੩

ਸ਼ਾਤਰ ਦਿਮਾਗ਼ ਨੇ ਗੁੰਦੀਆਂ ਕਈ ਚਾਲਾਂ, ਇਕੱਠੇ ਜ਼ਾਇਜ਼-ਨਾਜ਼ਾਇਜ਼ ਹਥਿਆਰ ਕੀਤੇ।
ਭੱਠੀ ਲੱਗ ਗਈ ਜਨਮ ਅਸਥਾਨ ਅੰਦਰ, ਥੋਕ ਵਿਚ ਛੱਵੀਆਂ-ਟਕੂਏ ਤਿਆਰ ਕੀਤੇ।
ਪੀਪੇ ਮਿੱਟੀ ਦੇ ਤੇਲ ਦੇ ਆਣ ਪਹੁੰਚੇ, ਸੁੱਕੀ ਲੱਕੜ ਦੇ ਇਕੱਤਰ ਅੰਬਾਰ ਕੀਤੇ।
ਛਟੇ ਹੋਏ ਬਦਮਾਸ਼, ਪਠਾਣ ਬੁਰਛੇ, ਭਾਰੀ ਲਾਲਚ ਦੇ ਕੇ ਤਿਆਰ-ਬਰ-ਤਿਆਰ ਕੀਤੇ।

ਸਾਲ ਉਨੀਂ ਸੌ ਇੱਕੀ ਦੀ ਫਰਵਰੀ ਵੀਹ, ਸਾਕਾ ਵਰਤਿਆ ਗੁਰੂ ਦਰਬਾਰ ਅੰਦਰ।
ਬਾਣੀ ਪੜ੍ਹਦਿਆਂ, ਕੀਰਤਨ ਕਰਦਿਆਂ 'ਤੇ, ਵਰ੍ਹੀਆਂ ਗੋਲੀਆਂ ਸੀ ਤਾੜ-ਤਾੜ ਅੰਦਰ।
ਸਿੰਘਾਂ ਸ਼ਾਂਤਮਈ ਰਹਿਣ ਦੀ ਕਸਮ ਖਾਧੀ, ਹੋਏ ਪਾਪੀਆਂ ਹੱਥੋਂ ਸ਼ਿਕਾਰ ਅੰਦਰ।
ਖ਼ੂਨ ਨਾਲ ਚੁਬੱਚੇ ਵੀ ਭਰ ਗਏ ਸਨ, ਕਟ-ਵੱਢ ਹੋਈ ਜਦ ਬੇਸ਼ੁਮਾਰ ਅੰਦਰ।

ਸਾਕਾ ਕਹਿਰ ਦਾ ਏਥੇ ਜੋ ਵਰਤਿਆ ਸੀ, ਸਿੰਘ ਸੈਂਕੜਿਆਂ ਵਿਚ ਨਿਸਾਰ ਹੋਏ।
ਨਰੈਣ ਦਾਸ ਮਹੰਤ ਦੀ ਵਹਿਸ਼ੀਅਤ, ਜ਼ੁਲਮ-ਸਿਤਮ ਦਾ ਘੋਰ ਸ਼ਿਕਾਰ ਹੋਏ।
ਛਲਨੀ ਕੀਤਾ ਜਾਂ ਪਾਪੀ ਦੀਆਂ ਗੋਲੀਆਂ ਨੇ, ਦਸ ਗੁਰੂਆਂ ਦੀ ਜੋਤਿ 'ਗ੍ਰੰਥ' ਤਾਈਂ,
ਰੋਏ ਜੰਡ, ਕਰੀਰ; ਦਰਿਆ, ਬੇਲੇ, ਧਰਤੀ, ਆਸਮਾਂ ਵੀ ਸਨ ਜ਼ਾਰੋ-ਜ਼ਾਰ ਰੋਏ।

ਲਛਮਣ ਸਿੰਘ ਜਥੇਦਾਰ, ਜੰਡ ਨਾਲ ਬੰਨ੍ਹ ਕੇ, ਹੈ ਸੀ ਜਿੰਦਾ ਹੀ ਸਾੜਿਆ ਪਾਪੀਆਂ ਨੇ।
ਬਲਦੀ ਆਵੀ ਵਿਚ ਦਲੀਪ ਸਿੰਘ ਸੁੱਟਿਆ, ਭਾਰੀ ਕਹਿਰ ਗੁਜ਼ਾਰਿਆ ਪਾਪੀਆਂ ਨੇ।
ਸਿੰਘ ਧਰਮ ਖ਼ਾਤਰ ਜਾਨਾਂ ਵਾਰ 'ਅਰਸ਼ੀ', ਨਿੱਘੀ ਗੁਰਾਂ ਦੀ ਗੋਦਿ ਵਿਚ ਜਾ ਪਹੁੰਚੇ,
ਏਧਰ ਜ਼ੁਲਮ-ਤਸ਼ੱਦਦ ਦੀ ਹੱਦ ਕਰਕੇ, ਦੋਜ਼ਕ ਰਾਹ ਸੰਵਾਰਿਆ ਪਾਪੀਆਂ ਨੇ।

■

## ਗੁਰਪੁਰਬਾਂ ਸਮੇਂ ਸਜਾਏ ਜਾਂਦੇ ਜਲੌਂ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਹੇਠ ਲਿਖੇ ਗੁਰਪੁਰਬਾਂ 'ਤੇ ਜਲੌਂ ਸਜਾਏ ਜਾਂਦੇ ਹਨ, ਦੀਪਮਾਲਾ ਤੇ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ:

* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ
* ਗੁਰਗੱਦੀ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
* ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

***ਜਲੌਂ ਦਾ ਸਮਾਂ: ਸਵੇਰੇ ੯ ਤੋਂ ੧੨ ਵਜੇ ਦੁਪਹਿਰ ਤੀਕ।***

# ਖ਼ਬਰਨਾਮਾ

## ਸਿੱਖ ਨੌਜਵਾਨ ਗੁਰਮਤਿ ਚੇਤਨਾ ਸਮਾਗਮ:

### ਸਿੱਖ ਨੌਜਵਾਨ ਗੁਰਮਤਿ ਚੇਤਨਾ ਸਮਾਗਮ ਇਤਿਹਾਸਿਕ ਹੋ ਨਿਬੜਿਆ

### ੨੦ ਹਜ਼ਾਰ ਤੋਂ ਜ਼ਿਆਦਾ ਨੌਜਾਵਨ ਵਿਦਿਆਰਥੀਆਂ ਨੇ ਕੀਤੀ ਸ਼ਮੂਲੀਅਤ

ਸ੍ਰੀ ਅਨੰਦਪੁਰ ਸਾਹਿਬ- ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਇਆ ਗਿਆ 'ਸਿੱਖ ਨੌਜਵਾਨ ਗੁਰਮਤਿ ਚੇਤਨਾ ਸਮਾਗਮ' ਇਤਿਹਾਸਿਕ ਹੋ ਨਿਬੜਿਆ। ਇਸ ਸਮਾਗਮ ਵਿਚ ਪੰਜਾਬ ਭਰ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਦੇ ੨੦ ਹਜ਼ਾਰ ਤੋਂ ਜ਼ਿਆਦਾ ਗਿਣਤੀ ਵਿਚ ਸਿੱਖ ਨੌਜਵਾਨ ਸ਼ਾਮਲ ਹੋਏ। ਅੱਜ ਸਵੇਰ ਤੋਂ ਹੀ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਖ-ਵੱਖ ਥਾਵਾਂ ਤੋਂ ਪਹੁੰਚੇ ਨੌਜਵਾਨ ਵਿਦਿਆਰਥੀ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਸਾਰੇ ਵਾਤਾਵਾਰਨ ਨੂੰ ਖਾਲਸਾਈ ਰੰਗ ਵਿਚ ਰੰਗ ਰਹੇ ਸਨ। ਇਸ ਦੇ ਨਾਲ ਹੀ ਖਾਲਸਾਈ ਬਾਣੇ ਵਿਚ ਤਿਆਰ ਨੌਜਾਵਨ ਤੇ ਬੈਂਡ ਦੀਆਂ ਟੀਮਾਂ ਸੰਗਤਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਸਨ। ਸਮਾਗਮ ਦੀ ਆਰੰਭਤਾ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਦੇ ਪੰਜਾਂ ਕਿਲ੍ਹਿਆਂ ਤੋਂ ਚੇਤਨਾ ਮਾਰਚ ਸਜਾਏ ਗਏ ਜੋ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪਹੁੰਚ ਕੇ ਨਿਸ਼ਾਨ ਸਾਹਿਬ ਨੂੰ ਸਲਾਮੀ ਨਾਲ ਸੰਪੰਨ ਹੋਏ। ਸਲਾਮੀ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀਆਂ ਵੱਲੋਂ 'ਦੇਹ ਸਿਵਾ ਬਰ ਮੋਹਿ ਇਹੈ' ਸ਼ਬਦ ਦਾ ਗਾਇਨ ਭਾਵਪੂਰਤ ਢੰਗ ਨਾਲ ਕੀਤਾ ਗਿਆ।

ਸਿੱਖ ਨੌਜਵਾਨ ਚੇਤਨਾ ਸਮਾਗਮ ਸਮੇਂ ਸ੍ਰੀ ਦਸਮੇਸ਼ ਦੀਵਾਨ ਹਾਲ ਵਿਖੇ ਹੋਏ ਮੁੱਖ ਸਮਾਗਮ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਜਨਰਲ ਸਕੱਤਰ ਸ. ਅਮਰਜੀਤ ਸਿੰਘ ਚਾਵਲਾ ਵੱਲੋਂ ਸਿੱਖ ਨੌਜਵਾਨੀ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਇਹ ਉਪਰਾਲਾ ਨਿਰਸੰਦੇਹ ਸਾਰਥਿਕ ਨਤੀਜੇ ਦੇਵੇਗਾ। ਉਨ੍ਹਾਂ ਵਿਦਿਆਰਥੀਆਂ ਨੂੰ ਬਾਣੀ ਤੇ ਬਾਣੇ ਨਾਲ ਜੁੜਨ ਦੀ ਪ੍ਰੇਰਨਾ ਵੀ ਕੀਤੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਵਿਚਾਰਾਂ ਸਾਂਝੀਆਂ ਕਰਦਿਆ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਗਏ ਇਸ ਸਮਾਗਮ ਦਾ ਮੰਤਵ ਮੌਜੂਦਾ ਸਮੇਂ ਦੀ ਸਿੱਖ ਨੌਜਵਾਨ ਪੀੜ੍ਹੀ ਨੂੰ ਗੁਰਮਤਿ ਸਿਧਾਂਤਾਂ ਅਤੇ ਸਿੱਖ ਵਿਰਸੇ ਨਾਲ ਜੋੜਨਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਇਤਿਹਾਸ ਤੇ ਫਲਸਫੇ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਦਸਮੇਸ਼ ਪਿਤਾ ਜੀ ਦਾ ਸਮੁੱਚਾ ਜੀਵਨ ਹੀ ਕ੍ਰਾਂਤੀਕਾਰੀ ਅਤੇ ਮਨੁੱਖਤਾ ਨੂੰ ਅਗਵਾਈ ਦੇਣ ਵਾਲਾ ਹੈ। ਉਨ੍ਹਾਂ ਕਿਹਾ ਕਿ ਦਸਮ ਪਾਤਸ਼ਾਹ ਵੱਲੋਂ ਕੌਮ ਖਾਤਰ ਸਮੁੱਚਾ ਪਰਿਵਾਰ ਕੁਰਬਾਨ ਕਰਨਾ ਆਪਣੇ ਆਪ ਵਿਚ ਮਿਸਾਲੀ ਹੈ, ਜਿਸ ਦੀ ਮਿਸਾਲ ਦੁਨੀਆਂ ਦੇ ਧਾਰਮਿਕ ਇਤਿਹਾਸ

ਵਿਚ ਹੋਰ ਕਿਧਰੇ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਇਹ ਪਵਿਤਰ ਧਰਤੀ ਗੁਰੂ ਪਾਤਸ਼ਾਹ ਜੀ ਅਤੇ ਮਹਾਨ ਸਿੱਖਾਂ ਦੀ ਚਰਨ ਛੋਹ ਉਹ ਧਰਤੀ ਹੈ, ਜਿਸ ਨੇ ਦੁਨੀਆਂ ਦੇ ਇਤਿਹਾਸ ਦੀ ਧਾਰਾ ਹੀ ਬਦਲ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਇਥੇ ਸਾਜਿਆ ਗਿਆ ਖਾਲਸਾ ਮਨੁੱਖਤਾ ਦੀ ਰਖਵਾਲੀ ਲਈ ਅੱਗੇ ਹੋ ਕੇ ਜੂਝ ਮਰਨ ਦਾ ਚਾਅ ਆਪਣੇ ਸੀਨੇ ਵਿਚ ਰੱਖਦਾ ਆਇਆ ਹੈ। ਅੱਜ ਵੀ ਪਾਤਸ਼ਾਹ ਵੱਲੋਂ ਸਾਜੇ ਗਏ ਖਾਲਸਾ ਪੰਥ ਦੀ ਚੜ੍ਹਦੀ ਕਲਾ ਪੂਰੇ ਵਿਸ਼ਵ ਅੰਦਰ ਨਿਰਾਲੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅੱਜ ਇਸ ਗੱਲ ਦੀ ਵੱਡੀ ਲੋੜ ਹੈ ਕਿ ਅਸੀਂ ਪਾਤਸ਼ਾਹ ਜੀ ਦੇ ਅੰਮ੍ਰਿਤਮਈ ਬਚਨਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਈਏ ਅਤੇ ਖਾਲਸਾਈ ਰਹਿਣੀ ਅਨੁਸਾਰ ਜੀਵਨ ਬਤੀਤ ਕਰੀਏ। ਉਨ੍ਹਾਂ ਸਿੱਖ ਨੌਜਵਾਨੀ ਨੂੰ ਕੌਮ ਦਾ ਭਵਿੱਖ ਦੱਸਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਕੌਮੀ ਜ਼ਿੰਮੇਵਰੀਆਂ ਦੇ ਵਾਰਸ ਇਨ੍ਹਾਂ ਨੇ ਬਣਨਾ ਹੈ। ਇਸ ਲਈ ਜ਼ਰੂਰੀ ਹੈ ਕਿ ਕੌਮੀ ਜਜ਼ਬੇ ਨੂੰ ਆਪਣੇ ਜੀਵਨ ਦਾ ਆਧਾਰ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਦਸਮ ਪਾਤਸ਼ਾਹ ਜੀ ਦੇ ੩੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਦੇ ਸਮੁੱਚੇ ਕਾਲਜਾਂ ਅੰਦਰ ਸੈਮੀਨਾਰ ਕਰਵਾ ਕੇ ਨੌਜਵਾਨੀ ਨੂੰ ਸਿੱਖ ਵਿਰਸੇ ਤੇ ਦਸਮ ਗੁਰੂ ਜੀ ਦੇ ਇਤਿਹਾਸ ਨਾਲ ਜੋੜਿਆ ਜਾਵੇਗਾ। ਉਨ੍ਹਾਂ ਸਮਾਗਮ ਵਿਚ ਭਾਗ ਲੈਣ ਵਾਲੇ ਕਾਲਜਾਂ ਦੇ ਮੁਖੀਆਂ ਅਤੇ ਵਿਦਿਆਰਥੀਆਂ ਦਾ ਵਿਸ਼ੇਸ਼ ਰੂਪ ਵਿਚ ਧੰਨਵਾਦ ਵੀ ਕੀਤਾ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ. ਅਮਰਜੀਤ ਸਿੰਘ ਚਾਵਲਾ ਨੇ ਸਮਾਗਮ ਦੇ ਮਨੋਰਥ ਸਬੰਧੀ ਭਾਵਪੂਰਤ ਸ਼ਬਦਾਂ ਵਿਚ ਜਾਣਕਾਰੀ ਦਿੰਦਿਆਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ੩੫੦ ਸਾਲਾ ਪ੍ਰਕਾਸ਼ ਪੁਰਬ ਸਮੁੱਚੀ ਗੁਰੂ ਨਾਨਕ ਨਾਮ-ਲੇਵਾ ਸੰਗਤ ਵੱਲੋਂ ਉਤਸ਼ਾਹ ਪੂਰਵਕ ਮਨਾਇਆ ਗਿਆ ਹੈ। ਇਸ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਸਮਾਗਮ ਉਲੀਕੇ ਗਏ, ਜਿਸ ਦਾ ਹਿੱਸਾ ਹੀ ਅੱਜ ਦਾ ਸਮਾਗਮ ਹੈ। ਉਨ੍ਹਾਂ ਨੌਜਵਾਨ ਵਿਦਿਆਰਥੀਆਂ ਨੂੰ ਕਿਹਾ ਕਿ ਜਿਸ ਕੌਮ ਦੀ ਨੌਜਵਾਨੀ ਆਪਣੇ ਧਰਮ ਦੀਆਂ ਕਦਰਾਂ-ਕੀਮਤਾਂ ਸਬੰਧੀ ਜਾਗਰੂਕ ਹੈ, ਉਸ ਦਾ ਆਉਣ ਵਾਲਾ ਕੱਲ੍ਹ ਉਜਵਲ ਤੇ ਬੁਲੰਦ ਹੋਣਾ ਸੁਭਾਵਿਕ ਹੈ।

ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਸ੍ਰੀ ਫਤਿਹਗੜ੍ਹ ਸਾਹਿਬ ਦੇ ਉੱਪ-ਕੁਲਪਤੀ ਡਾ. ਗੁਰਮੋਹਨ ਸਿੰਘ ਵਾਲੀਆ ਨੇ ਸਵਾਗਤੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਡਾ. ਧਰਮਿੰਦਰ ਸਿੰਘ ਉੱਭਾ ਡਾਇਰੈਕਟਰ ਵਿੱਦਿਆ ਵੱਲੋਂ ਕੀਤਾ ਗਿਆ। ਗੁਰਮਤਿ ਚੇਤਨਾ ਸਮਾਗਮ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਦੇ ਜਥੇ ਨੇ ਸ਼ਬਦ ਕੀਰਤਨ ਕੀਤਾ ਅਤੇ ਵੱਖ-ਵੱਖ ਕਾਲਜਾਂ/ਸਕੂਲਾਂ ਦੇ ਵਿਦਿਆਰਥੀਆਂ ਨੇ ਦਸਮੇਸ਼ ਪਿਤਾ ਦੇ ਜੀਵਨ ਤੇ ਆਧਾਰਤ ਢਾਡੀ ਵਾਰਾਂ, ਕਵੀਸ਼ਰੀ, ਕਵਿਤਾਵਾਂ, ਵਾਰ ਗਾਇਨ ਅਤੇ ਭਾਸ਼ਣ ਦੀ ਪੇਸ਼ਕਾਰੀ ਕੀਤੀ। ਇਸੇ ਦੌਰਾਨ ਸੁੰਦਰ ਦਸਤਾਰ, ਦੁਮਾਲਾ ਅਤੇ ਸਿੱਖੀ ਬਾਣੇ ਦੇ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਵਿੱਚੋਂ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਵਿਸ਼ੇਸ਼ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਵਿਚ ਡਾ. ਗੁਰਵੀਰ ਸਿੰਘ ਤੇ ਪ੍ਰੋ. ਬਲਵਿੰਦਰ ਸਿੰਘ ਬਲਿੰਗ ਨੇ ਜੱਜ ਦੀ ਭੂਮਿਕਾ ਨਿਭਾਈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬੀਬੀ ਜੋਗਿੰਦਰ ਕੌਰ ਤੇ ਭਾਈ ਰਾਮ ਸਿੰਘ, ਮੈਂਬਰ ਪ੍ਰਿੰ. ਸੁਰਿੰਦਰ ਸਿੰਘ, ਬੀਬੀ ਰਣਜੀਤ ਕੌਰ ਮਾਹਿਲਪੁਰ, ਡਾ. ਜੰਗ ਬਹਾਦਰ ਸਿੰਘ, ਸ. ਦਲਜੀਤ ਸਿੰਘ ਭਿੰਡਰ, ਸ. ਹਰਚਰਨ ਸਿੰਘ ਮੁੱਖ ਸਕੱਤਰ, ਸ. ਅਵਤਾਰ ਸਿੰਘ ਸਕੱਤਰ, ਸ. ਕੇਵਲ ਸਿੰਘ, ਡਾ. ਪਰਮਜੀਤ ਸਿੰਘ ਸਰੋਆ ਤੇ ਸ. ਰਣਜੀਤ ਸਿੰਘ ਵਧੀਕ ਸਕੱਤਰ, ਡਾ. ਪਰਮਵੀਰ ਸਿੰਘ ਮੈਂਬਰ ਸਿੱਖ ਇਤਿਹਾਸ ਰੀਸਰਚ ਬੋਰਡ, ਡਾ. ਗੁਰਮੋਹਨ ਸਿੰਘ ਵਾਲੀਆ ਵੀ.ਸੀ., ਡਾ. ਧਰਮਿੰਦਰ ਸਿੰਘ ਉੱਭਾ ਡਾਇਰੈਕਟਰ, ਬੀਬੀ ਸਤਵੰਤ ਕੌਰ ਤੇ ਬੀਬੀ ਵੰਦਨਾ ਡਿਪਟੀ ਡਾਇਰੈਕਟਰ, ਪ੍ਰਿੰ. (ਡਾ.) ਜਤਿੰਦਰ ਸਿੰਘ ਸਿੱਧੂ ਅਤੇ ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲ, ਅਧਿਆਪਕ ਆਦਿ ਹਾਜ਼ਰ ਸਨ।

*੧੦ ਜਨਵਰੀ*

*(ਬਾਕੀ ਪੰਨਾ ੪੭ 'ਤੇ)*



ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਮਾਰਤੀ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਉਨ੍ਹਾਂ ਦੇ ਕੰਮ-ਕਾਜ ਸਬੰਧੀ ਨਵੀਨਤਾ ਅਪਨਾਉਣ ਲਈ ਹਦਾਇਤਾਂ ਦਿੰਦੇ ਹੋਏ।



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਸੁਪਰੀਮ ਕੋਰਟ ਦੇ ਚੀਫ ਜਸਟਿਸ ਸ. ਜਗਦੀਸ਼ ਸਿੰਘ ਖੇਰ ਨੂੰ ਸਨਮਾਨਤ ਕਰਦੇ ਹੋਏ ਸ. ਹਰਚਰਨ ਸਿੰਘ ਮੁੱਖ ਸਕੱਤਰ ਤੇ ਹੋਰ। (28 ਜਨਵਰੀ 2017)



ਪਾਕਿਸਤਾਨ ਤੋਂ ਪਹੁੰਚੇ ਸਿੱਖ ਵਫਦ ਦੇ ਮੈਂਬਰਾਂ ਜਥੇਦਾਰ ਪ੍ਰੀਤਮ ਸਿੰਘ, ਸ. ਜਸਬੀਰ ਸਿੰਘ ਤੇ ਸ. ਮਨਮੋਹਨ ਸਿੰਘ ਨੂੰ ਸਨਮਾਨਤ ਕਰਦੇ ਹੋਏ ਪ੍ਰੋ: ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਕਮੇਟੀ। ਉਨ੍ਹਾਂ ਨਾਲ ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਸ. ਹਰਚਰਨ ਸਿੰਘ ਮੁੱਖ ਸਕੱਤਰ, ਡਾ. ਰੂਪ ਸਿੰਘ ਸਕੱਤਰ ਤੇ ਹੋਰ। (14 ਜਨਵਰੀ 2017)



ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਸਨਮਾਨਤ ਕਰਦੇ ਹੋਏ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੇ ਪ੍ਰਬੰਧਕ ਬਾਬਾ ਨਾਗਰ ਸਿੰਘ ਅਤੇ ਹੋਰ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਵਿਖੇ ਸਨਮਾਨਿਤ ਕਰਦੇ ਹੋਏ ਸ਼੍ਰੋਮਣੀ ਕਮੇਟੀ ਮੈਂਬਰ ਸ. ਦਿਆਲ ਸਿੰਘ ਕੋਲਿਆਂਵਾਲੀ, ਸ. ਨਵਤੇਜ ਸਿੰਘ ਕੌਣੀ, ਭਾਈ ਹਰਪ੍ਰੀਤ ਸਿੰਘ ਮੁੱਖ ਗ੍ਰੰਥੀ ਤੇ ਹੋਰ। (14 ਜਨਵਰੀ 2017)



ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰੂ ਨਾਨਕ ਕਾਲਜ ਫਾਰ ਗਰਲਜ਼ ਵਿਖੇ ਸਨਮਾਨਤ ਕਰਦੇ ਹੋਏ ਸ਼੍ਰੋਮਣੀ ਕਮੇਟੀ ਮੈਂਬਰ ਸ. ਦਿਆਲ ਸਿੰਘ ਕੋਲਿਆਂਵਾਲੀ, ਸ. ਨਵਤੇਜ ਸਿੰਘ ਕੌਣੀ, ਡਾ. ਤੇਜਿੰਦਰ ਕੌਰ ਧਾਲੀਵਾਲ, ਪ੍ਰਿੰਸੀਪਲ ਨਵਜੋਤ ਕੌਰ ਬਰਾੜ, ਸ. ਸੰਤੋਖ ਸਿੰਘ ਭੰਡਾਰੀ ਤੇ ਹੋਰ। (15 ਜਨਵਰੀ 2017)



ਸ. ਸੁਖਚੈਨ ਸਿੰਘ ਸੁਪਰਵਾਈਜ਼ਰ ਖਰੀਦਾਂ ਨੂੰ ਸੇਵਾ ਮੁਕਤ ਹੋਣ ਸਮੇਂ ਸਨਮਾਨਿਤ ਕਰਦੇ ਹੋਏ ਸ. ਰਣਜੀਤ ਸਿੰਘ, ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸ. ਮਹਿੰਦਰ ਸਿੰਘ ਆਹਲੀ ਤੇ ਸ. ਪ੍ਰਤਾਪ ਸਿੰਘ ਵਧੀਕ ਸਕੱਤਰ ਅਤੇ ਹੋਰ।

(31 ਦਸੰਬਰ 2016)



ਗੁਰਦੁਆਰਾ ਇੰਸਪੈਕਟਰ ਸ. ਰੇਸ਼ਮ ਸਿੰਘ, ਸ. ਸਵਰਨ ਸਿੰਘ ਤੇ ਸ. ਬਲਵਿੰਦਰ ਸਿੰਘ ਨੂੰ ਸੇਵਾ ਮੁਕਤ ਹੋਣ ਸਮੇਂ ਸਨਮਾਨਤ ਕਰਦੇ ਹੋਏ ਸ. ਹਰਚਰਨ ਸਿੰਘ ਮੁੱਖ ਸਕੱਤਰ, ਡਾ. ਰੂਪ ਸਿੰਘ ਸਕੱਤਰ, ਵਧੀਕ ਸਕੱਤਰ ਸ. ਹਰਭਜਨ ਸਿੰਘ ਮਨਾਵਾਂ, ਸ. ਮਹਿੰਦਰ ਸਿੰਘ ਆਹਲੀ, ਸ. ਕੇਵਲ ਸਿੰਘ ਤੇ ਸ. ਰਣਜੀਤ ਸਿੰਘ ਤੇ ਸ. ਸੁਲੱਖਣ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਤੇ ਹੋਰ।

(31 ਜਨਵਰੀ 2017)

(ਪੰਨਾ ੪੨ ਦਾ ਬਾਕੀ)

# ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਜਨਮ ਦਿਹਾੜੇ ਨੂੰ ਸਮਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ

ਅੰਮ੍ਰਿਤਸਰ- ਸਿੱਖ ਇਤਿਹਾਸ ਲਾਸਾਨੀ ਸ਼ਹਾਦਤਾਂ ਦੀਆਂ ਗਾਥਾਵਾਂ ਨਾਲ ਭਰਿਆ ਪਿਆ ਹੈ। ਅਨਿਆਂ ਦੇ ਵਿਰੁੱਧ ਲੜਦਿਆਂ ਅਤੇ ਦੇਸ਼ ਕੌਮ ਦੀ ਰਾਖੀ ਕਰਦਿਆਂ ਸਾਡੇ ਗੁਰੂ ਸਾਹਿਬਾਨ ਅਤੇ ਸਿੱਖਾਂ ਨੇ ਆਪਣੀ ਜਾਨ ਕੁਰਬਾਨ ਕਰ ਦਿੱਤੀ। ਇਸੇ ਕੜੀ ਵਿੱਚ ਬਾਬਾ ਦੀਪ ਸਿੰਘ ਜੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਬੇ-ਅਦਬੀ ਨੂੰ ਨਾ ਸਹਾਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ। ਉਸ ਮਹਾਨ ਸੂਰਬੀਰ ਤੇ ਨਿਧੜਕ ਯੋਧੇ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਜਨਮ ਦਿਹਾੜੇ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਉਪਰੰਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਫੁੱਲਾਂ ਨਾਲ ਸਜੀ ਸੁਨਹਿਰੀ ਪਾਲਕੀ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਚੌਰ ਸਾਹਿਬ ਦੀ ਸੇਵਾ ਕਰ ਰਹੇ ਸਨ। ਇਹ ਨਗਰ ਕੀਰਤਨ ਚੌਕ ਘੰਟਾ ਘਰ, ਜਲ੍ਹਿਆਂ ਵਾਲਾ ਬਾਗ, ਲੱਕੜ ਮੰਡੀ ਬਾਜ਼ਾਰ, ਸੁਲਤਾਨਵਿੰਡ ਗੇਟ, ਪਾਣੀ ਵਾਲੀ ਟੈਂਕੀ, ਸਵਰਨ ਹਾਊਸ, ਗੋਲਡਨ ਕਲਾਥ ਮਾਰਕੀਟ, ਸੁਲਤਾਨਵਿੰਡ ਰੋਡ, ਤੇਜ਼ ਨਗਰ ਚੌਂਕ, ਬਾਜ਼ਾਰ ਸ਼ਹੀਦ ਊਧਮ ਸਿੰਘ ਨਗਰ, ਬਾਜ਼ਾਰ ਕੋਟ ਮਾਹਣਾ ਸਿੰਘ ਤੇ ਤਰਨਤਾਰਨ ਰੋਡ ਤੋਂ ਹੁੰਦਾ ਹੋਇਆ ਚਾਟੀਵਿੰਡ ਗੇਟ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ ਸੰਪੰਨ ਹੋਇਆ। ਨਗਰ ਕੀਰਤਨ ਵਿੱਚ ਸ. ਹਰਚਰਨ ਸਿੰਘ ਮੁੱਖ ਸਕੱਤਰ, ਡਾ. ਰੂਪ ਸਿੰਘ ਸਕੱਤਰ, ਸ. ਸੁਖਦੇਵ ਸਿੰਘ ਭੂਰਾਕੋਹਨਾ ਵਧੀਕ ਸਕੱਤਰ (ਨਿਜੀ ਸਹਾਇਕ), ਸ. ਹਰਭਜਨ ਸਿੰਘ ਮਨਾਵਾਂ ਵਧੀਕ ਸਕੱਤਰ ਧਰਮ ਪ੍ਰਚਾਰ ਕਮੇਟੀ, ਸ. ਸੁਲੱਖਣ ਸਿੰਘ ਤੇ ਸ. ਗੁਰਿੰਦਰ ਸਿੰਘ ਮੈਨੇਜਰ, ਸ. ਗੁਰਨਾਮ ਸਿੰਘ ਸੁਪ੍ਰਿੰਟੈਂਡੈਂਟ, ਸ. ਮਲਕੀਤ ਸਿੰਘ ਬਹਿੜਵਾਲ ਸ/ਸੁਪ੍ਰਿੰਟੈਂਡੈਂਟ, ਸ. ਬਘੇਲ ਸਿੰਘ, ਸ. ਸੁਖਬੀਰ ਸਿੰਘ ਤੇ ਸ. ਸਤਨਾਮ ਸਿੰਘ ਐਡੀਸ਼ਨਲ ਮੈਨੇਜਰ, ਸ. ਸਤਬੀਰ ਸਿੰਘ ਸਾਬਕਾ ਸਕੱਤਰ ਤੋਂ ਇਲਾਵਾ ਸਮੂਹ ਧਾਰਮਿਕ ਸਭਾ-ਸੁਸਾਇਟੀਆਂ, ਟਕਸਾਲਾਂ, ਨਿਹੰਗ ਸਿੰਘ ਜਥੇਬੰਦੀਆਂ, ਵੱਖ-ਵੱਖ ਸਕੂਲਾਂ/ਕਾਲਜਾਂ ਦੇ ਵਿਦਿਆਰਥੀ ਤੇ ਅਧਿਆਪਕ, ਵੱਖ-ਵੱਖ ਗੱਤਕਾ ਪਾਰਟੀਆਂ, ਧਾਰਮਿਕ ਜਥੇਬੰਦੀਆਂ ਤੇ ਵੱਡੀ ਗਿਣਤੀ ਵਿੱਚ 'ਸਤਿਨਾਮੁ-ਵਾਹਿਗੁਰੂ' ਦਾ ਜਾਪ ਕਰਦੀਆਂ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ।

ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੋਂ ਆਏ ਮੁਖਵਾਕ ਦੀ ਕਥਾ ਹੋਈ। ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ ਸਵੇਰੇ ੯:੦੦ ਵਜੇ ਅੰਮ੍ਰਿਤ ਸੰਚਾਰ ਹੋਇਆ। ਬਾਬਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸ਼ਾਮ ੪:੦੦ ਵਜੇ ਤੱਕ ਢਾਡੀ ਤੇ ਕਵੀ ਦਰਬਾਰ ਹੋਵੇਗਾ। ਉਪਰੰਤ ਧਾਰਮਿਕ ਸਮਾਗਮ 'ਚ ਭਾਈ ਹਰਚਰਨ ਸਿੰਘ ਖਾਲਸਾ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਭਾਈ ਗੁਰਇਕਬਾਲ ਸਿੰਘ ਬੀਬੀ ਕੌਲਾਂ ਜੀ ਭਲਾਈ ਕੇਂਦਰ, ਭਾਈ ਜਸਬੀਰ ਸਿੰਘ ਪਾਉਂਟਾ ਸਾਹਿਬ ਵਾਲੇ, ਭਾਈ ਅਮਰਜੀਤ ਸਿੰਘ ਪਟਿਆਲਾ, ਭਾਈ ਗਗਨਦੀਪ ਸਿੰਘ ਗੰਗਾਨਗਰ, ਭਾਈ ਮਹਿਤਾਬ ਸਿੰਘ ਜਲੰਧਰ ਵਾਲੇ, ਭਾਈ ਸਤਿੰਦਰਪਾਲ ਸਿੰਘ ਜਗਾਧਰੀ, ਭਾਈ ਹਰਵਿੰਦਰ ਸਿੰਘ, ਭਾਈ ਸੁਰਿੰਦਰ ਸਿੰਘ ਮਿੱਠਾ ਟਿਵਾਣਾ, ਭਾਈ ਤਰਜਿੰਦਰ ਸਿੰਘ ਅੰਮ੍ਰਿਤਸਰ ਸੰਗੀਤ ਸਭਾ, ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਕਥਾਵਾਚਕ ਤੇ ਭਾਈ ਤਰਸੇਮ ਸਿੰਘ ਮੋਰਾਂਵਾਲੀ ਦੇ ਢਾਡੀ ਜਥ ਨੇ ਬੀਰ-ਰਸੀ ਵਾਰਾਂ, ਕਥਾ ਵਿਖਿਆਨ ਤੇ ਇਲਾਹੀ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਰਾਤ ਨੂੰ ਦੀਪਮਾਲਾ ਕੀਤੀ ਗਈ ਤੇ ਰਹਰਾਸਿ ਸਾਹਿਬ ਜੀ ਦੇ ਪਾਠ ਉਪਰੰਤ ਆਤਿਸ਼ਬਾਜੀ ਵੀ ਚਲਾਈ ਗਈ।

*੨੭ ਜਨਵਰੀ*

# ਜੋੜ ਮੇਲੇ:

## ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ ਅਦੁੱਤੀ, ਲਾਸਾਨੀ ਤੇ ਬੇਮਿਸਾਲ ਕੁਰਬਾਨੀਆਂ ਦੀ ਗਾਥਾ ਹੈ

ਸ੍ਰੀ ਮੁਕਤਸਰ ਸਾਹਿਬ- ਸਥਾਨਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਲਾਨਾ ਜੋੜ-ਮੇਲਾ ਮਾਘੀ ਦੇ ਦੂਸਰੇ ਦਿਨ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿਚ ਰਾਗੀ, ਢਾਡੀ, ਕਵੀਸ਼ਰ, ਕਥਾਕਾਰਾਂ ਤੇ ਪ੍ਰਚਾਰਕਾਂ ਨੇ ਗੁਰਬਾਣੀ ਕੀਰਤਨ ਅਤੇ ਸਿੱਖ ਕੌਮ ਦੇ ਸ਼ਾਨਾਂਮੱਤੇ ਇਤਿਹਾਸ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਬੀਤੇ ਕੱਲ੍ਹ ਤੋਂ ਹੀ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਨੇ ਗੁਰਦੁਆਰਾ ਸਾਹਿਬਾਨ ਵਿਖੇ ਹਾਜ਼ਰੀ ਭਰੀ ਅਤੇ ਸਜੇ ਦੀਵਾਨਾਂ ਵਿੱਚੋਂ ਗੁਰੂ ਜਸ ਸਰਵਣ ਕੀਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੀ ਅੱਜ ਉਚੇਚੇ ਤੌਰ 'ਤੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਪਹੁੰਚੇ ਅਤੇ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ, ਜਿਥੇ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਦਿਆਲ ਸਿੰਘ ਕੋਲਿਆਂਵਾਲੀ, ਸ. ਨਵਤੇਜ ਸਿੰਘ ਕੌਣੀ, ਸ. ਅਵਤਾਰ ਸਿੰਘ ਵਣਵਾਲਾ ਮੈਂਬਰ ਧਰਮ ਪ੍ਰਚਾਰ ਕਮੇਟੀ ਤੇ ਭਾਈ ਹਰਪ੍ਰੀਤ ਸਿੰਘ ਮੁੱਖ ਗ੍ਰੰਥੀ ਨੇ ਸਨਮਾਨਿਤ ਕੀਤਾ। ਇਸ ਉਪਰੰਤ ਉਨ੍ਹਾਂ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਖਿਦਰਾਣੇ ਦੀ ਢਾਬ ਤੋਂ ਸ੍ਰੀ ਮੁਕਤਸਰ ਸਾਹਿਬ ਤਕ ਦਾ ਸਫਰ ਗੁਰੂ ਦੇ ਪਿਆਰੇ ਸਿੰਘਾਂ ਦੀਆਂ ਅਦੁੱਤੀ, ਲਾਸਾਨੀ ਤੇ ਬੇਮਿਸਾਲ ਕੁਰਬਾਨੀਆਂ ਦੀ ਗਾਥਾ ਹੈ। ਉਨ੍ਹਾਂ ਕਿਹਾ ਕਿ ਇਹ ਪਾਵਨ ਇਤਿਹਾਸ ਟੁੱਟੀ ਗੰਢੀ ਦੀ ਉਹ ਇਬਾਰਤ ਹੈ, ਜਿਹੜੀ ਸਿੰਘਾਂ ਨੇ ਗੁਰੂ ਸਾਹਿਬ ਤੋਂ ਖਿਮਾਂ ਮੰਗਣ ਲਈ ਆਪਣੇ ਲਹੂ ਨਾਲ ਲਿਖੀ ਹੈ। ਪ੍ਰੋ. ਬਡੂੰਗਰ ਨੇ ਕਿਹਾ ਕਿ ਬੇਦਾਵਾ ਦੇ ਕੇ ਗਏ ਸਿੰਘਾਂ ਨੂੰ ਗੁਰੂ ਦੀ ਸ਼ਰਨ ਆ ਕੇ ਸ਼ਹਾਦਤਾਂ ਦੇਣ 'ਤੇ ਸਾਹਿਬ-ਏ-ਕਮਾਲ, ਦਸਮ ਪਾਤਸ਼ਾਹ ਜੀ ਨੇ ਵੱਡੇ ਖਿਤਾਬ ਦੇ ਕੇ ਸਿੱਖ ਇਤਿਹਾਸ ਵਿਚ ਸਦਾ ਲਈ ਅਮਰ ਕਰ ਦਿੱਤਾ। ਅੱਜ ਅਸੀਂ ਉਨ੍ਹਾਂ ਮਹਾਨ ਸ਼ਹੀਦਾਂ ਨੂੰ ੪੦ ਮੁਕਤਿਆਂ ਵਜੋਂ ਸਤਿਕਾਰ ਨਾਲ ਯਾਦ ਕਰਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਭੁੱਲ ਦਾ ਅਹਿਸਾਸ ਕਿਸ ਤਰ੍ਹਾਂ ਕਰਨਾ ਹੈ ਇਹ ਸ੍ਰੀ ਮੁਕਤਸਰ ਸਾਹਿਬ ਦਾ ਇਤਿਹਾਸ ਪੜ੍ਹੇ ਬਗੈਰ ਸਮਝਣਾ ਅਧੂਰਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਾਡੀ ਇਤਿਹਾਸਿਕ ਅਤੇ ਵਿਰਾਸਤੀ ਅਮੀਰੀ ਸਾਨੂੰ ਦੁਨੀਆਂ ਤੋਂ ਵੱਖਰਾ ਕਰਦੀ ਹੈ ਪਰ ਨੌਜਵਾਨੀ ਵੱਲੋਂ ਪੱਛਮੀਂ ਪ੍ਰਭਾਵ ਤਹਿਤ ਰਹੁਰੀਤਾਂ ਤੋਂ ਕਿਨਾਰਾ ਕਰਨਾ ਚਿੰਤਾ ਜ਼ਰੂਰ ਪੈਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਸਿੱਖ ਵਿਰਸੇ, ਕਦਰਾਂ-ਕੀਮਤਾਂ ਅਤੇ ਗੁਰਮਤਿ ਦੀ ਰਹਿਣੀ ਨਾਲ ਜੋੜ ਕੇ ਰੱਖਣ ਲਈ ਸੁਹਿਰਦ ਯਤਨ ਕਰਨੇ ਪੈਣਗੇ। ਇਸ ਲਈ ਸਿੱਖ ਸੰਸਥਾਵਾਂ, ਵਿਦਿਅਕ ਅਦਾਰਿਆਂ ਅਤੇ ਮਾਪਿਆਂ ਸਭਨਾਂ ਨੂੰ ਚੇਤੰਨ ਹੋਣਾ ਪਵੇਗਾ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਆਪਣੇ ਸਮੁੱਚੇ ਮੁਲਾਜਮਾਂ ਨੂੰ ਗੁਰਮਤਿ ਟ੍ਰੇਨਿੰਗ ਕੈਂਪ ਰਾਹੀਂ ਸਿੱਖ ਰਹਿਤ ਮਰਯਾਦਾ ਅਤੇ ਗੁਰਮਤਿ ਸਿਧਾਂਤਾਂ ਨਾਲ ਜੋੜਨ ਦਾ ਯਤਨ ਕਰੇਗੀ ਅਤੇ ਇਹ ਟ੍ਰੇਨਿੰਗ ਕੈਂਪ ਪਟਿਆਲਾ ਨੇੜੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਗੁਰਮਤਿ ਇੰਸਟੀਚਿਊਟ, ਬਹਾਦਰਗੜ੍ਹ ਵਿਖੇ ਲਗਾਏ ਜਾਣਗੇ। ਇਸ ਸੰਸਥਾ ਵਿਚ ਪੰਜਾਬ ਦੇ ਪਿੰਡਾਂ ਦੇ ਗੁਰੂ ਘਰਾਂ ਦੇ ਗ੍ਰੰਥੀਆਂ-ਰਾਗੀਆਂ ਨੂੰ ਗੁਰਮਤਿ ਦੀ ਸਿਖਲਾਈ ਵੀ ਦਿੱਤੀ ਜਾਵੇਗੀ। ਇੱਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ, ਪ੍ਰਚਾਰਕ, ਢਾਡੀ-ਕਵੀਸ਼ਰ ਤੇ ਕਥਾਵਾਚਕ ਪਿੰਡਾਂ ਅੰਦਰ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਤੇ ਗ੍ਰੰਥੀ ਸਿੰਘਾਂ ਨੂੰ ਗੁਰੂ ਘਰਾਂ ਦੀ ਸਾਂਭ ਸੰਭਾਲ ਲਈ ਚੇਤੰਨ ਕਰਨ ਹਿਤ ਉਪਰਾਲੇ ਕਰ ਰਹੀ ਹੈ ਤਾਂ ਜੋ ਗੁਰੂ ਘਰਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਣ ਮਰਯਾਦਾ ਬਰਕਰਾਰ ਰਹਿ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਵਾਤਾਵਰਣ ਦੀ ਸ਼ੁੱਧਤਾ ਲਈ ਵੱਡੀ ਮੁਹਿੰਮ ਆਰੰਭ ਕਰ ਰਹੀ ਹੈ। ਇਸ ਤਹਿਤ ਵੱਖ-ਵੱਖ ਵਾਤਾਵਰਣ

ਪ੍ਰੇਮੀਆਂ ਨਾਲ ਇੱਕ ਇਕੱਤਰਤਾ ਕੀਤੀ ਜਾ ਚੁੱਕੀ ਹੈ। ਪ੍ਰੋ. ਬਡੂੰਗਰ ਨੇ ਕਿਹਾ ਸਿੱਖ ਬੱਚਿਆਂ ਅਤੇ ਨੌਜਵਾਨਾਂ ਨੂੰ ਗਰਬਾਣੀ ਅਤੇ ਸਿੱਖ ਰਹਿਤ ਮਰਯਾਦਾ ਨਾਲ ਜੋੜਨ ਲਈ ਸ਼੍ਰੋਮਣੀ ਕਮੇਟੀ ਨੇ ਪਿਛਲੇ ਦਿਨੀ ਦੋ ਵੱਡੇ ਸਮਾਗਮ ਕੀਤੇ ਹਨ। ਪਹਿਲੇ ਸਮਾਗਮ ਵਿਚ ਦਸਮ ਪਾਤਸ਼ਾਹ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਕੂਲੀ ਬੱਚਿਆਂ ਨੂੰ ਇੱਕੋ ਸਮੇਂ ਜਪੁਜੀ ਸਾਹਿਬ ਅਤੇ ਚੌਪਈ ਸਾਹਿਬ ਦੇ ਪਾਠ ਕਰਵਾਏ ਗਏ, ਜਿਸ ਵਿਚ ੨ ਲੱਖ ਤੋਂ ਜ਼ਿਆਦਾ ਬੱਚਿਆਂ ਨੇ ਭਾਗ ਲਿਆ। ਇਸੇ ਤਰ੍ਹਾਂ ਹਾਲ ਹੀ ਵਿਚ ਦਸਮ ਗੁਰੂ ਜੀ ਦੇ ੩੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੂਸਰਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਇਆ ਗਿਆ ਹੈ ਜਿਸ ਵਿਚ ਕਾਲਜਾਂ ਤੇ ਯੂਨੀਵਰਸਿਟੀ ਪੱਧਰ ਦੇ ਵਿਦਿਆਰਥੀਆਂ ਨੇ ੨੦ ਹਜ਼ਾਰ ਦੀ ਗਿਣਤੀ ਵਿਚ ਜੁੜ ਕੇ ਖਾਲਸਾਈ ਜਾਹੋ ਜਲਾਲ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਦਸਵੇਂ ਪਾਤਸ਼ਾਹ ਜੀ ਦੇ ੩੫੦ ਸਾਲਾ ਪ੍ਰਕਾਸ਼ ਪੁਰਬ ਸਮੇਂ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨਿਤੀਸ਼ ਕੁਮਾਰ ਵੱਲੋਂ ਕੀਤੇ ਗਏ ਯਾਦਗਾਰੀ ਪ੍ਰਬੰਧਾਂ ਲਈ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕੀਤਾ ਜਾਵੇਗਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸ. ਦਿਆਲ ਸਿੰਘ ਕੋਲਿਆਂਵਾਲੀ, ਸ. ਨਵਤੇਜ ਸਿੰਘ ਕੌਣੀ, ਸ. ਅਵਤਾਰ ਸਿੰਘ ਵਣਵਾਲਾ ਮੈਂਬਰ ਧਰਮ ਪ੍ਰਚਾਰ ਕਮੇਟੀ, ਸਾਬਕਾ ਮੈਂਬਰ ਸ. ਸਰੂਪ ਸਿੰਘ, ਬੀਬੀ ਦਵਿੰਦਰ ਕੌਰ, ਸ. ਹੀਰਾ ਸਿੰਘ ਚੜੇਵਾਣ, ਸ. ਹਰਤੇਜ ਸਿੰਘ ਭੁੱਲਰਵਾਲਾ, ਸ਼੍ਰੋਮਣੀ ਕਮੇਟੀ ਦੇ ਐਡੀ. ਸਕੱਤਰ ਸ. ਕੇਵਲ ਸਿੰਘ ਤੇ ਡਾ. ਪਰਮਜੀਤ ਸਿੰਘ ਸਰੋਆ ਤੇ ਹੋਰ ਹਾਜ਼ਰ ਸਨ।

*੧੪ ਜਨਵਰੀ*

# ਸੈਮੀਨਾਰ:

## ਦਸਮ ਪਾਤਸ਼ਾਹ ਜੀ ਦੇ ੩੫੦ ਸਾਲਾ ਪ੍ਰਕਾਸ਼ ਪਰਬ ਨੂੰ ਸਮਰਪਿਤ ਕਾਲਜਾਂ ਅੰਦਰ ਕਰਵਾਏ ਜਾਣਗੇ ਸੈਮੀਨਾਰ

ਸ੍ਰੀ ਮੁਕਤਸਰ ਸਾਹਿਬ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਪ੍ਰਧਾਨਗੀ ਸੇਵਾ ਸੰਭਾਲਣ ਉਪਰੰਤ ਪਹਿਲੀ ਵਾਰ ਸਥਾਨਕ ਗੁਰੂ ਨਾਨਕ ਕਾਲਜ ਫਾਰ ਗਰਲਜ਼ ਵਿਖੇ ਪਹੁੰਚਣ 'ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਸ. ਦਿਆਲ ਸਿੰਘ ਕੋਲਿਆਂਵਾਲੀ ਤੇ ਸ. ਨਵਤੇਜ ਸਿੰਘ ਕੌਣੀ, ਡਾ. ਤੇਜਿੰਦਰ ਕੌਰ ਧਾਲੀਵਾਲ ਮੈਂਬਰ ਪੀ.ਪੀ.ਐਸ.ਸੀ., ਪ੍ਰਿੰਸੀਪਲ ਨਵਜੋਤ ਕੌਰ ਬਰਾੜ ਅਤੇ ਸ. ਸੰਤੋਖ ਸਿੰਘ ਭੰਡਾਰੀ ਨੇ ਸ਼ਾਨਦਾਰ ਸਵਾਗਤ ਕੀਤਾ।

ਇਸ ਮੌਕੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਿਆਰੀ ਵਿੱਦਿਆ ਦੇਣ ਲਈ ਵਚਨਬੱਧ ਹੈ ਅਤੇ ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚੱਲਦੇ ਸਮੁੱਚੇ ਵਿੱਦਿਅਕ ਅਦਾਰਿਆਂ ਅੰਦਰ ਲੋੜੀਂਦੀਆਂ ਸੇਧਾਂ ਅਨੁਸਾਰ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਮਨਾਏ ਗਏ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਲਜਾਂ ਵਿਚ ਵਿਸ਼ੇਸ਼ ਸੈਮੀਨਾਰ ਕਰਵਾਏ ਜਾਣਗੇ, ਜਿਨ੍ਹਾਂ ਦਾ ਮੰਤਵ ਨੌਜਵਾਨੀ ਨੂੰ ਸਿੱਖ ਵਿਰਸੇ, ਇਤਿਹਾਸ, ਸਿਧਾਂਤਾਂ ਅਤੇ ਗੁਰਮਤਿ ਦੀ ਰਹਿਣੀ ਸਬੰਧੀ ਜਾਗਰੂਕ ਕਰਨਾ ਹੈ। ਉਨ੍ਹਾਂ ਦੱਸਿਆ ਕਿ ਲੰਘੀ ੧੦ ਜਨਵਰੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਗਏ 'ਸਿੱਖ ਨੌਜਵਾਨ ਚੇਤਨਾ ਸਮਾਗਮ' ਵਿਚ ਵੱਖ-ਵੱਖ ਕਾਲਜਾਂ ਤੇ ਯੂਨੀਵਰਸਿਟੀਆਂ ਦੇ ੨੦ ਹਜ਼ਾਰ ਦੇ ਕਰੀਬ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਸੀ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਨਿਰੰਤਰ ਜਾਰੀ ਰੱਖੇ ਜਾਣਗੇ ਤਾਂ ਜੋ ਸਿੱਖੀ ਦੀਆਂ ਅਮੀਰ ਪਰੰਪਰਾਵਾਂ ਅਤੇ ਕਦਰਾਂ-ਕੀਮਤਾਂ ਦਾ ਸੰਚਾਰ ਨਵੀਂ ਪੀੜ੍ਹੀ ਅੰਦਰ ਕੀਤਾ ਜਾ ਸਕੇ। ਇਸ ਮੌਕੇ ਕਾਲਜ ਕਮੇਟੀ ਵੱਲੋਂ ਸ. ਦਿਆਲ ਸਿੰਘ ਕੋਲਿਆਂਵਾਲੀ, ਸ. ਨਵਤੇਜ ਸਿੰਘ ਕੌਣੀ, ਡਾ. ਤੇਜਿੰਦਰ ਕੌਰ ਧਾਲੀਵਾਲ, ਪ੍ਰਿੰ. ਨਵਜੋਤ ਕੌਰ ਬਰਾੜ ਅਤੇ ਸ. ਸੰਤੋਖ ਸਿੰਘ ਭੰਡਾਰੀ ਨੇ

ਸਾਂਝੇ ਤੌਰ 'ਤੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਸਨਮਾਨਤ ਕੀਤਾ। ਇਸ ਮੌਕੇ ਕਾਲਜ ਕਮੇਟੀ ਦੇ ਮੈਂਬਰ ਸ. ਹੀਰਾ ਸਿੰਘ ਚੜ੍ਹੇਵਾਣ, ਸ. ਸਰੂਪ ਸਿੰਘ ਨੰਦਗੜ੍ਹ, ਬੀਬੀ ਦਵਿੰਦਰ ਕੌਰ, ਸ਼੍ਰੋਮਣੀ ਕਮੇਟੀ ਦੇ ਐਡੀ. ਸਕੱਤਰ ਡਾ. ਪਰਮਜੀਤ ਸਿੰਘ ਸਰੋਆ, ਪ੍ਰੋ. ਮਹਿਲ ਸਿੰਘ ਤੇ ਕਾਲਜ ਦੇ ਸਟਾਫ ਮੈਂਬਰ ਹਾਜ਼ਰ ਸਨ। *੧੫ ਜਨਵਰੀ*

## ਵਿਦੇਸੀ ਮਾਮਲੇ:

## ਸਿੱਖ ਮਸਲਿਆਂ ਸਬੰਧੀ ਗੱਲਬਾਤ ਕਰਨ ਲਈ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਗ੍ਰਹਿ ਮੰਤਰੀ ਭਾਰਤ ਸਰਕਾਰ ਤੋਂ ਮੰਗਿਆ ਸਮਾਂ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਰਾਜਨਾਥ ਸਿੰਘ ਨੂੰ ਇੱਕ ਪੱਤਰ ਲਿਖ ਕੇ ਉਨ੍ਹਾਂ ਪਾਸੋਂ ਸਿੱਖ ਮਸਲਿਆਂ ਸਬੰਧੀ ਗੱਲਬਾਤ ਕਰਨ ਲਈ ਸਮਾਂ ਮੰਗਿਆ ਹੈ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅੱਜ ਸਿੱਖ ਕੌਮ ਅੰਤਰਰਾਸ਼ਟਰੀ ਪੱਧਰ 'ਤੇ ਫੈਲੀ ਹੋਈ ਹੈ ਅਤੇ ਵੱਖ-ਵੱਖ ਦੇਸ਼ਾਂ ਦੀ ਤਰੱਕੀ ਲਈ ਵਿਸ਼ੇਸ਼ ਯੋਗਦਾਨ ਰੱਖਦੀ ਹੈ ਪਰ ਸਿੱਖ ਕੌਮ ਨੂੰ ਦੇਸ਼-ਵਿਦੇਸ਼ ਅੰਦਰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਵੱਖ-ਵੱਖ ਸੂਬਿਆਂ ਅੰਦਰ ਸਿੱਖਾਂ ਦੀਆਂ ਸਮੱਸਿਆਵਾਂ ਵੀ ਵੱਖ-ਵੱਖ ਹਨ, ਜਿਨਾਂ ਤੋਂ ਨਿਜਾਤ ਲਈ ਸਿੱਖਾਂ ਵੱਲੋਂ ਸਮੇਂ-ਸਮੇਂ 'ਤੇ ਮੰਗ ਕੀਤੀ ਜਾਂਦੀ ਰਹੀ ਹੈ। ਉਨ੍ਹਾਂ ਦੁਹਰਾਇਆ ਕਿ ਸ਼੍ਰੋਮਣੀ ਗੁ:ਪ੍ਰ: ਕਮੇਟੀ ਸਿੱਖਾਂ ਦੀ ਨੁਮਾਇੰਦਾ ਧਾਰਮਿਕ ਜਥੇਬੰਦੀ ਹੈ ਅਤੇ ਇਹ ਸਿੱਖ ਮਸਲਿਆਂ ਦੀ ਪੈਰਵਾਈ ਲਈ ਹਮੇਸ਼ਾ ਮੋਹਰੀ ਰਹਿੰਦੀ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ, ਮੁੱਖ ਸਕੱਤਰ ਸ. ਹਰਚਰਨ ਸਿੰਘ, ਸਕੱਤਰ ਡਾ. ਰੂਪ ਸਿੰਘ, ਵਧੀਕ ਸਕੱਤਰ ਡਾ. ਪਰਮਜੀਤ ਸਿੰਘ ਸਰੋਆ ਤੇ ਸ. ਰਣਜੀਤ ਸਿੰਘ, ਮੀਤ ਸਕੱਤਰ ਸ. ਸਿਮਰਜੀਤ ਸਿੰਘ ਕੰਗ ਤੇ ਹੋਰ ਹਾਜ਼ਰ ਸਨ। *੨੧ ਜਨਵਰੀ*

## ਅਮਰੀਕੀ ਫੌਜ 'ਚ ਸਾਬਤ ਸੂਰਤ ਸਿੱਖ ਨੌਜਵਾਨਾਂ ਨੂੰ ਭਰਤੀ ਕਰਨਾ ਪ੍ਰਸੰਸਾਯੋਗ

ਅੰਮ੍ਰਿਤਸਰ- ਅਮਰੀਕਾ ਵੱਲੋਂ ਆਪਣੀ ਹਥਿਆਰਬੰਦ ਫੌਜ਼ ਵਿੱਚ ੫ ਸਾਬਤ ਸੂਰਤ ਸਿੱਖ ਨੌਜਵਾਨਾਂ ਨੂੰ ਭਰਤੀ ਕਰਨ ਤੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੁਰਜ਼ੋਰ ਸ਼ਬਦਾਂ ਵਿੱਚ ਪ੍ਰਸੰਸਾ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਦੁਨੀਆਂ ਭਰ ਦੇ ਦੇਸ਼ਾਂ ਨੂੰ ਇਸ ਤੋਂ ਸੇਧ ਲੈ ਕੇ ਵੱਧ ਤੋਂ ਵੱਧ ਸਿੱਖ ਨੌਜਵਾਨਾਂ ਨੂੰ ਧਾਰਮਿਕ ਚਿੰਨ੍ਹ ਧਾਰਨ ਕਰਨ ਦੀ ਆਜ਼ਾਦੀ ਦੇਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਸਿੱਖਾਂ ਨੇ ਦੁਨੀਆਂ ਭਰ ਵਿੱਚ ਪਹੁੰਚ ਕੇ ਹਰ ਇਕ ਦੇਸ਼ ਦੀ ਤਰੱਕੀ ਵਿੱਚ ਭਰਪੂਰ ਯੋਗਦਾਨ ਪਾਇਆ ਹੈ।ਅਮਰੀਕਾ ਵਿੱਚ ੧੯੮੧ ਈ: ਤੋਂ ਬਾਅਦ ਹਥਿਆਰਬੰਦ ਸੈਨਾਵਾਂ ਵਿੱਚ ਸਾਬਤ ਸੂਰਤ ਸਿੱਖਾਂ ਦੀ ਇਹ ਸਭ ਤੋਂ ਵੱਡੀ ਭਰਤੀ ਹੋਈ ਹੈ ਜੋ ਦੁਨੀਆਂ ਭਰ ਵਿੱਚ ਆਪਣੀ ਮਿਸਾਲ ਆਪ ਹੈ।ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਭਰਤੀ ਹੋਏ ਇਨ੍ਹਾਂ ੫ ਸਾਬਤ ਸੂਰਤ ਸਿੱਖ ਨੌਜਵਾਨਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦੀ ਇਸ ਵੱਡੀ ਪ੍ਰਾਪਤੀ ਸਦਕਾ ਦੁਨੀਆਂ ਭਰ ਵਿੱਚ ਸਿੱਖੀ ਦਾ ਝੰਡਾ ਹੋਰ ਬੁਲੰਦ ਹੋਵੇਗਾ।ਉਨ੍ਹਾਂ ਕਿਹਾ ਕਿ ਸੰਸਾਰ ਭਰ ਦੇ ਵੱਖ-ਵੱਖ ਮੁਲਕਾਂ ਦੀ ਤਰੱਕੀ ਵਿੱਚ ਸਿੱਖਾਂ ਨੇ ਆਪਣਾ ਅਹਿਮ ਯੋਗਦਾਨ ਪਾਉਂਦਿਆਂ ਹੋਇਆ ਸਫਲ ਬਿਜਨੈਸਮੈਨਾਂ, ਉਦਯੋਗਪਤੀਆਂ ਤੇ ਹੋਰ ਉੱਚ ਅਹੁਦਿਆਂ ਤੇ ਬਿਰਾਜਮਾਨ ਹੋ ਕੇ ਆਪਣੀ ਅੱਡਰੀ ਪਹਿਚਾਣ ਕਾਇਮ ਕਰਦੇ ਹੋਏ ਉਨ੍ਹਾਂ ਦੇਸ਼ਾਂ ਦੇ ਮੂਲ ਨਿਵਾਸੀਆਂ ਨੂੰ ਆਰਥਿਕ ਖੁਸ਼ਹਾਲੀ ਪ੍ਰਦਾਨ ਕਰਨ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ ਹੈ।ਜੋ ਕਿ ਪ੍ਰਤੱਖ ਰੂਪ ਵਿੱਚ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਸਿੱਖ ਭਾਈਚਾਰਾ ਹਮੇਸ਼ਾ ਹੀ ਸਰਬੱਤ ਦੇ ਭਲੇ ਨੂੰ ਲੋਚਦਾ ਹੈ। *੨੪ ਜਨਵਰੀ*

# ਅੰਮ੍ਰਿਤਧਾਰੀ ਨੌਜਵਾਨ ਨਵਦੀਪ ਸਿੰਘ ਦਾ ਆਸਟ੍ਰੇਲੀਆ ਫੌਜ ਵਿਚ ਆਈ.ਟੀ. ਅਫ਼ਸਰ ਭਰਤੀ ਹੋਣਾ ਸਿੱਖ ਕੌਮ ਲਈ ਮਾਣ ਵਾਲੀ ਗੱਲ

ਅੰਮ੍ਰਿਤਸਰ- ਪ੍ਰੋ: ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਅੰਮ੍ਰਿਤਧਾਰੀ ਗੁਰਸਿੱਖ ਨੌਜੁਆਨ ਸ. ਨਵਦੀਪ ਸਿੰਘ ਦਾ ਆਸਟ੍ਰੇਲੀਆ ਫੌਜ 'ਚ ਬਤੌਰ 'ਇਨਫਰਮੇਸ਼ਨ ਐਂਡ ਟੈਕਨਾਲੋਜੀ' ਅਫਸਰ ਭਰਤੀ ਹੋਣਾ ਸਿੱਖ ਕੌਮ ਦੇ ਲਈ ਮਾਣ ਵਾਲੀ ਗੱਲ ਹੈ। ਜਿਸ ਸਦਕਾ ਆਸਟ੍ਰੇਲੀਆ ਵਿਚ ਵੱਸਦੇ ਹੋਰ ਸਾਬਤ ਸੂਰਤ ਸਿੱਖ ਨੌਜੁਆਨਾਂ ਦੇ ਮਨਾਂ ਅੰਦਰ ਆਸਟ੍ਰੇਲੀਅਨ ਫੌਜ ਵਿਚ ਭਰਤੀ ਹੋਣ ਲਈ ਉਤਸ਼ਾਹ ਵਧੇਗਾ। ਉਨ੍ਹਾਂ ਨੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਵਿਦਿਅਕ ਅਦਾਰੇ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਸ੍ਰੀ ਫਤਹਿਗੜ੍ਹ ਸਾਹਿਬ ਤੋਂ ਬੀ.ਟੈੱਕ. ਦੀ ਪੜ੍ਹਾਈ ਕਰ ਕੇ ਆਸਟ੍ਰੇਲੀਅਨ ਫੌਜ ਵਿਚ ਬਤੌਰ ਆਈ.ਟੀ. ਅਫਸਰ ਭਰਤੀ ਹੋਏ ਨਵਦੀਪ ਸਿੰਘ ਨੇ ਸਾਡੀ ਵਿਦਿਅਕ ਸੰਸਥਾ ਦਾ ਨਾਮ ਸੰਸਾਰ ਅੰਦਰ ਰੌਸ਼ਨ ਕੀਤਾ ਹੈ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਪਿਛਲੇ ਦਿਨੀਂ ਅਮਰੀਕੀ ਫੌਜ ਵੱਲੋਂ ਧਾਰਮਿਕ ਚਿੰਨ੍ਹਾਂ ਨੂੰ ਮਾਨਤਾ ਦੇਣ ਵਾਲੇ ਨਵੇਂ ਨੇਮਾਂ ਨਾਲ ਭਰਤੀ ਕੀਤੇ ਗਏ ਪੰਜ ਸਾਬਤ ਸੂਰਤ ਸਿੱਖ ਨੌਜੁਆਨਾਂ ਤੇ ਆਸਟ੍ਰੇਲੀਅਨ ਸੈਨਾਂ ਵਿਚ ਅੰਮ੍ਰਿਤਧਾਰੀ ਨੌਜੁਆਨ ਨਵਦੀਪ ਸਿੰਘ ਦਾ ਬਤੌਰ ਆਈ.ਟੀ. ਅਫਸਰ ਭਰਤੀ ਹੋਣਾ ਸਮੁੱਚੀ ਸਿੱਖ ਨੌਜੁਆਨ ਪੀੜ੍ਹੀ ਲਈ ਇਕ ਪ੍ਰੇਰਣਾ ਦਾ ਸਰੋਤ ਬਣੇਗਾ। ਉਨ੍ਹਾਂ ਕਿਹਾ ਕਿ ਸਿੱਖ ਜਿਸ ਵੀ ਦੇਸ਼ ਵਿਚ ਜਾ ਕੇ ਵਸੇ ਹਨ ਉਨ੍ਹਾਂ ਸਖਤ ਮਿਹਨਤ ਕਰ ਕੇ ਜਿਥੇ ਆਪਣਾ ਨਾਮ ਰੌਸ਼ਨ ਕੀਤਾ ਹੈ ਉਥੇ ਉਸ ਦੇਸ਼ ਦੀ ਤਰੱਕੀ ਵਿਚ ਵੀ ਆਪਣਾ ਅਹਿਮ ਯੋਗਦਾਨ ਪਾਇਆ ਹੈ। ਜਿਸ ਦੇ ਸਦਕਾ ਬਹੁਤ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਵਿਚ ਸਿੱਖਾਂ ਨੇ ਆਪਣੀ ਪਹਿਚਾਣ ਬਣਾਉਂਦਿਆਂ ਕਈ ਅਹਿਮ ਪਦ ਹਾਸਲ ਕੀਤੇ ਹਨ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਆਸਟ੍ਰੇਲੀਅਨ ਫੌਜ ਵਿਚ ਆਈ.ਟੀ. ਅਫਸਰ ਭਰਤੀ ਹੋਇਆ ਅੰਮ੍ਰਿਤਧਾਰੀ ਨੌਜਵਾਨ ਨਵਦੀਪ ਸਿੰਘ ਆਸਟ੍ਰੇਲੀਆ ਦੀ ਸੁਰੱਖਿਆ ਦੇ ਵਿਚ ਜਿਥੇ ਆਪਣਾ ਅਹਿਮ ਯੋਗਦਾਨ ਪਾਏਗਾ, ਉਥੇ ਆਸਟ੍ਰੇਲੀਆ ਵਰਗੇ ਦੇਸ਼ ਵਿਚ ਵੱਸਦੇ ਸਿੱਖਾਂ ਉਪਰ ਹੁੰਦੇ ਨਸਲੀ ਹਮਲਿਆਂ ਦੀ ਰੋਕਥਾਮ ਲਈ ਵੀ ਆਪਣਾ ਅਹਿਮ ਰੋਲ ਨਿਭਾਵੇਗਾ।

*੩੧ ਜਨਵਰੀ*

# ਮੈਲਬੌਰਨ ਦੇ ਸਕੂਲ ਵੱਲੋਂ ਸਿੱਖ ਵਿਦਿਆਰਥੀ ਨੂੰ ਪਟਕਾ ਬੰਨਣ ਕਰਕੇ ਦਾਖਲਾ ਨਾ ਦੇਣਾ ਨਿੰਦਣਯੋਗ

ਅੰਮ੍ਰਿਤਸਰ- ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੈਲਬੌਰਨ ਦੇ ਇਕ ਸਕੂਲ ਵੱਲੋਂ ਸਿੱਖ ਵਿਦਿਆਰਥੀ ਨੂੰ ਪਟਕਾ (ਪੱਗੜੀ) ਬੰਨਣ ਕਰਕੇ ਦਾਖਲਾ ਨਾ ਦੇਣ ਦੀ ਘਟਨਾ ਦੀ ਨਿੰਦਾ ਕੀਤੀ ਹੈ। ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਕੇਸਾਂ ਦੀ ਸੰਭਾਲ ਵਾਸਤੇ ਸਿੱਖ ਲਈ ਸਿਰ ਨੂੰ ਢੱਕਣਾ ਬਹੁਤ ਜ਼ਰੂਰੀ ਹੁੰਦਾ ਹੈ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਬਖਸ਼ੀ ਦਸਤਾਰ ਸਿੱਖਾਂ ਦੀ ਵੱਖਰੀ ਪਹਿਚਾਣ ਦੀ ਪ੍ਰਤੀਕ ਹੈ।ਉਨ੍ਹਾਂ ਕਿਹਾ ਕਿ ਆਸਟਰੇਲੀਆ ਤੇ ਵਿਸ਼ਵ ਦੇ ਹੋਰਨਾਂ ਮੁਲਕਾਂ 'ਚ ਸਿੱਖ ਧਰਮ ਵਿੱਚ ਕੇਸਾਂ ਤੇ ਪੱਗੜੀ ਦੀ ਮਹੱਤਤਾ ਨੂੰ ਸਮਝਦਿਆਂ ਹੋਇਆ ਪੱਗੜੀ ਨੂੰ ਵਰਦੀ ਦਾ ਹਿੱਸਾ ਮੰਨਿਆ ਗਿਆ ਹੈ।ਬਹੁਤ ਸਾਰੇ ਦੇਸ਼ਾਂ ਅੰਦਰ ਸਿੱਖਾਂ ਨੂੰ ਦਸਤਾਰ ਸਜਾ ਕੇ ਕੰਮ ਕਰਨ ਅਤੇ ਵੱਖ-ਵੱਖ ਮਹਿਕਮਿਆਂ ਵਿੱਚ ਵੀ ਦਸਤਾਰ ਸਜਾਉਣ ਦੀ ਛੋਟ ਮਿਲੀ ਹੋਈ ਹੈ ਇਸ ਲਈ ਸਬੰਧਤ ਸਕੂਲ ਪ੍ਰਬੰਧਕਾਂ ਨੂੰ ਵੀ ਆਪਣੀ ਵਰਦੀ ਨੀਤੀ ਵਿੱਚ ਤੁਰੰਤ ਤਬਦੀਲੀ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਸਿੱਖ ਵਿਦਿਆਰਥੀ ਨੂੰ ਸਕੂਲ ਵੱਲੋਂ ਧਾਰਮਿਕ ਚਿੰਨ੍ਹ ਧਾਰਨ ਕਰਨ ਦੀ ਇਜਾਜ਼ਤ ਨਾ ਦੇਣਾ ਅਨੈਤਿਕ ਫੈਸਲਾ ਹੈ।ਉਨ੍ਹਾਂ ਕਿਹਾ ਕਿ ਆਸਟਰੇਲੀਆ ਵਿੱਚ ਤਕਰੀਬਨ ੭੨ ਹਜ਼ਾਰ ਤੋਂ ਵੱਧ ਸਿੱਖ ਵੱਸ ਰਹੇ ਹਨ ਤੇ ਇਨ੍ਹਾਂ ਵੱਲੋਂ

ਸਬੰਧਤ ਦੇਸ਼ ਦੀ ਤਰੱਕੀ ਲਈ ਹਰ ਸੰਭਵ ਯੋਗਦਾਨ ਪਾਇਆ ਜਾ ਰਿਹਾ ਹੈ। ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਮਿਸਟਰ ਮੈਲਕਮ ਟਰਨਬੁੱਲ ਨੂੰ ਅਪੀਲ ਕੀਤੀ ਕਿ ਉਹ ਸਕੂਲ ਪ੍ਰਬੰਧਕਾਂ ਖਿਲਾਫ ਸਖ਼ਤ ਕਾਰਵਾਈ ਕਰਦਿਆਂ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਲਾਗੂ ਕਰਵਾਉਣ ਤਾਂ ਕਿ ਧਾਰਮਿਕ ਪਹਿਚਾਣ ਕਰਕੇ ਸਿੱਖ ਵਿਦਿਆਰਥੀਆਂ ਨੂੰ ਨਮੋਸ਼ੀ ਦਾ ਸਾਹਮਣਾ ਨਾ ਕਰਨਾ ਪਵੇ। *੧੮ ਜਨਵਰੀ*

## ਅਮਰੀਕਾ ਸਰਕਾਰ ਸਿੱਖਾਂ ਦੀ ਸੁਰੱਖਿਆ ਲਈ ਸਖ਼ਤ ਕਦਮ ਚੁੱਕੇ

ਅੰਮ੍ਰਿਤਸਰ– ਅਮਰੀਕਾ ਵਰਗੇ ਸੱਭਿਅਕ ਦੇਸ਼ ਅੰਦਰ ਲਗਾਤਾਰ ਸਿੱਖਾਂ ਉਪਰ ਵਧ ਰਹੇ ਨਸਲੀ ਹਮਲੇ ਤੇ ਨਫਰਤ ਭਰੇ ਸ਼ਬਦਾਂ ਦੀ ਵਰਤੋਂ ਸਮੁੱਚੇ ਸਿੱਖ ਭਾਈਚਾਰੇ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸਨੂੰ ਰੋਕਣ ਲਈ ਅਮਰੀਕਾ ਦੀ ਸਰਕਾਰ ਨੂੰ ਆਪਣੇ ਤੌਰ 'ਤੇ ਸਖਤ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਅਮਰੀਕਾ ਵਿਚ ਵੱਸਣ ਵਾਲੇ ਸਿੱਖਾਂ ਦੇ ਮਨਾਂ ਅੰਦਰੋਂ ਡਰ ਤੇ ਸਹਿਮ ਦਾ ਮਾਹੌਲ ਖਤਮ ਹੋ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰੋ: ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤਾ। ਜ਼ਿਕਰਯੋਗ ਹੈ ਕਿ ਅਮਰੀਕਾ ਦੇ ਰਾਜ ਕੈਲੇਫੋਰਨੀਆਂ ਦੇ ਸ਼ਹਿਰ ਵੁਡਲੈਂਡ ਵਿਚ ਕੁਇਜ਼ਨੋਜ ਨਾਮਕ ਰੈਸਟੋਰੈਂਟ ਚਲਾਉਣ ਵਾਲੇ ਸੀ.ਜੇ. ਸਿੰਘ ਦੇ ਰੈਸਟੋਰੈਂਟ ਦੀ ਕੰਧ ਉਪਰ ਸ਼ਰਾਰਤੀ ਅਨਸਰਾਂ ਵੱਲੋਂ ਅੱਤਵਾਦੀ ਸ਼ਬਦ ਲਿਖਣ ਅਤੇ ਉਨ੍ਹਾਂ ਵੱਲੋਂ ਪਰਉਪਕਾਰੀ ਕਾਰਜਾਂ ਲਈ ਰੱਖੇ ਗਏ ਰੁਪਿਆ ਨੂੰ ਚੁਰਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਅਮਰੀਕੀ ਸਿੱਖ ਨਿਵਾਸੀ ਸੀ.ਜੇ. ਸਿੰਘ ਦੇ ਰੈਸਟੋਰੈਂਟ ਦੀ ਕੰਧ ਉਪਰ ਸ਼ਰਾਰਤੀ ਅਨਸਰਾਂ ਵੱਲੋਂ ਅੱਤਵਾਦੀ ਸ਼ਬਦ ਲਿਖਣਾ ਇਕ ਕਾਇਰਤਾਪੂਰਨ ਕਾਰਵਾਈ ਹੈ। ਸਿੱਖ ਗੁਰੂ ਸਾਹਿਬਾਨ ਨੇ ਹਮੇਸ਼ਾਂ ਹੀ ਸੰਸਾਰ ਭਰ ਵਿਚ ਵੱਸਦੀ ਲੋਕਾਈ ਨੂੰ ਸਰਬ ਸਾਂਝੀਵਾਲਤਾ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਦਾ ਸੰਦੇਸ਼ ਦਿੱਤਾ ਹੈ। ਇਸੇ ਉਦੇਸ਼ ਦੀ ਪੂਰਤੀ ਹਿਤ ਸਿੱਖ ਧਰਮ ਵਿਚ ਕਿਸੇ ਨਾਲ ਵਿਤਕਰਾ ਤੇ ਨਾ ਹੀ ਧਰਮ ਜਾਤ ਅਤੇ ਨਸਲ ਦਾ ਭਿੰਨ ਭੇਦ ਕੀਤਾ ਜਾਂਦਾ ਹੈ। ਸੰਸਾਰ ਭਰ 'ਚ ਸਿੱਖ ਧਰਮ ਨੂੰ ਸਮੁੱਚੀ ਮਨੁੱਖਤਾ ਨਾਲ ਪਿਆਰ ਕਰਨ ਵਾਲੇ ਤੇ ਲੋੜਵੰਦ ਵਿਅਕਤੀਆਂ ਦੀ ਨਿਸ਼ਕਾਮ ਸੇਵਾ ਕਰਨ ਵਾਲੇ ਪਰਉਪਕਾਰੀ ਧਰਮ ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਪ੍ਰਧਾਨ ਸਾਹਿਬ ਨੇ ਕਿਹਾ ਕਿ ਸੰਸਾਰ ਦੇ ਵੱਖ ਵੱਖ ਦੇਸ਼ਾਂ ਖਾਸ ਕਰਕੇ ਅਮਰੀਕਾ ਅੰਦਰ ਵੱਸਣ ਵਾਲੇ ਸਿੱਖਾਂ ਨੇ ਜਿਥੇ ਉਥੋਂ ਦੀ ਆਰਥਿਕ ਖੁਸ਼ਹਾਲੀ ਤੇ ਤਰੱਕੀ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਉਥੇ ਨਾਲ ਕਈ ਉਚ ਅਹੁਦਿਆਂ ਨੂੰ ਪ੍ਰਾਪਤ ਕਰਕੇ ਅਤੇ ਅਮਰੀਕਾ ਦੀ ਹਥਿਆਰਬੰਦ ਸੈਨਾ ਅੰਦਰ ਆਪਣੀਆਂ ਸ਼ਾਨਦਾਰ ਸੇਵਾਵਾਂ ਦੇ ਕੇ ਸੱਚੀ ਨਿਸ਼ਠਾ ਤੇ ਵਿਸ਼ਵਾਸ ਦਾ ਪ੍ਰਗਟਾਵਾ ਕੀਤਾ ਹੈ। ਪਰ ਬਹੁਤ ਅਫਸੋਸ ਦੀ ਗੱਲ ਹੈ ਕਿ ਅੱਜ ਅਮਰੀਕਾ ਅੰਦਰ ਵੱਸਣ ਵਾਲੇ ਸਿੱਖ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਅਮਰੀਕਾ ਅੰਦਰ ਵੱਸਣ ਵਾਲੇ ਸਿੱਖਾਂ ਦੀ ਸੁਰੱਖਿਆ ਲਈ ਠੋਸ ਪ੍ਰਬੰਧ ਕੀਤੇ ਜਾਣ ਅਤੇ ਨਸਲੀ ਹਿੰਸਾ ਦੀਆਂ ਕਾਰਵਾਈਆਂ ਨੂੰ ਰੋਕਣ ਦੇ ਲਈ ਸ਼ਰਾਰਤੀ ਅਨਸਰਾਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਉਨ੍ਹਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ। ਨਸਲੀ ਹਿੰਸਾ ਦੇ ਰੁਝਾਨ ਨੂੰ ਰੋਕਣ ਦੇ ਲਈ ਉਥੋਂ ਦੇ ਵਸਨੀਕਾਂ ਨੂੰ ਸਿੱਖ ਧਰਮ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦੇਣ ਹਿਤ ਸਰਕਾਰੀ ਤੌਰ 'ਤੇ ਜਾਗਰੂਕ ਮੁਹਿੰਮ ਆਰੰਭ ਕੀਤੀ ਜਾਵੇ ਤਾਂ ਜੋ ਅਮਰੀਕਾ ਵਿਚ ਵੱਸਦੇ ਸਿੱਖਾਂ ਤੇ ਆਏ ਦਿਨ ਹੋਣ ਵਾਲੇ ਨਸਲੀ ਹਮਲਿਆਂ 'ਤੇ ਵਿਸ਼ਰਾਮ ਲੱਗ ਸਕੇ। *੨੨ ਜਨਵਰੀ*

## ਪਾਕਿਸਤਾਨ ਤੋਂ ਪਹੁੰਚੇ ਸਿੱਖ ਵਫਦਾਂ ਨੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਮੁਲਾਕਾਤ ਕੀਤੀ

ਅੰਮ੍ਰਿਤਸਰ– ਪਾਕਿਸਤਾਨ ਦੇ ਸਿੱਖਾਂ ਦੇ ਇੱਕ ਤਿੰਨ ਮੈਂਬਰੀ ਵਫਦ ਨੇ ਅੱਜ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੂੰ ਉਨ੍ਹਾਂ ਦੇ ਦਫਤਰ ਵਿਖੇ ਮਿਲ ਕੇ ਪਾਕਿਸਤਾਨ ਵੱਸਦੇ ਸਿੱਖਾਂ ਨੂੰ ਦਰਪੇਸ਼

ਮਸਲਿਆਂ ਸਬੰਧੀ ਗੱਲਬਾਤ ਕੀਤੀ। ਇਸ ਵਫਦ ਵਿਚ ਆਏ ਜਥੇ. ਪ੍ਰੀਤਮ ਸਿੰਘ ਪ੍ਰਧਾਨ ਸ੍ਰੀ ਗੁਰੂ ਰਾਮਦਾਸ ਸਿੰਘ ਸਭਾ ਨਨਕਾਣਾ ਸਾਹਿਬ (ਪਾਕਿਸਤਾਨ), ਸ. ਜਸਬੀਰ ਸਿੰਘ ਗੁਰਦੁਆਰਾ ਭਾਈ ਜੋਗਾ ਸਿੰਘ ਤੇ ਸ. ਮਨਮੋਹਣ ਸਿੰਘ ਨੂੰ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਵਫਦ ਦੇ ਮੈਂਬਰਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਅਤੇ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ।

ਮੁੱਖ ਦਫਤਰ ਵਿਖੇ ਵਫਦ ਦੇ ਮੈਂਬਰਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਨਾਲ ਗੰਭੀਰ ਵਿਚਾਰਾਂ ਕਰਦਿਆਂ ਦੱਸਿਆ ਕਿ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੀ ਮੁਬਾਰਕ ਧਰਤੀ ਪੂਜਣਯੋਗ ਹੈ ਅਤੇ ਅੱਜ ਉਨ੍ਹਾਂ ਨੂੰ ਭਾਰਤ ਸਥਿਤ ਸਿੱਖਾਂ ਦੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰ ਕੇ ਮਾਨਸਿਕ ਤ੍ਰਿਪਤੀ ਪ੍ਰਾਪਤ ਹੋਈ ਹੈ। ਉਨ੍ਹਾਂ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੂੰ ਸ਼੍ਰੋਮਣੀ ਗੁ:ਪ੍ਰ: ਕਮੇਟੀ ਦਾ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ ਅਤੇ ਦੁਨੀਆਂ ਭਰ ਅੰਦਰ ਵੱਸਦੀ ਸਿੱਖ ਸੰਗਤ ਦੇ ਸਮੁੱਚੇ ਮਸਲਿਆਂ ਦੀ ਸੰਜੀਦਗੀ ਨਾਲ ਪੈਰਵਾਈ ਕਰਨ ਦੀ ਅਪੀਲ ਵੀ ਕੀਤੀ। ਵਫਦ ਦੇ ਮੈਂਬਰਾਂ ਨੇ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੂੰ ਦੱਸਿਆ ਕਿ ਭਾਰਤ ਆਉਣ ਲਈ ਪਾਕਿਸਤਾਨ ਦੇ ਸਿੱਖਾਂ ਨੂੰ ਵੀਜ਼ੇ ਸਬੰਧੀ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਭਾਰਤ ਸਰਕਾਰ ਨਾਲ ਗੱਲਬਾਤ ਕਰਕੇ ਵੀਜ਼ਾ ਪ੍ਰਣਾਲੀ ਦੇ ਸਰਲੀਕਰਨ ਲਈ ਯਤਨ ਕੀਤੇ ਜਾਣ।

ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਪਹੁੰਚੇ ਸਿੱਖਾਂ ਦੇ ਦਰਸ਼ਨ ਕਰ ਕੇ ਅਥਾਹ ਪ੍ਰਸੰਨਤਾ ਮਿਲੀ ਹੈ। ਉਨ੍ਹਾਂ ਵਫਦ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਪਾਕਿਸਤਾਨ ਦੇ ਸਿੱਖਾਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਹੱਲ ਲਈ ਪੁਰਜ਼ੋਰ ਯਤਨ ਕਰਨਗੇ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ, ਮੁੱਖ ਸਕੱਤਰ ਸ. ਹਰਚਰਨ ਸਿੰਘ, ਸਕੱਤਰ ਡਾ. ਰੂਪ ਸਿੰਘ, ਵਧੀਕ ਸਕੱਤਰ ਡਾ. ਪਰਮਜੀਤ ਸਿੰਘ ਸਰੋਆ ਤੇ ਸ. ਰਣਜੀਤ ਸਿੰਘ, ਮੀਤ ਸਕੱਤਰ ਸ. ਸਿਮਰਜੀਤ ਸਿੰਘ ਕੰਗ ਤੇ ਹੋਰ ਹਾਜ਼ਰ ਸਨ।

*੨੧ ਜਨਵਰੀ*

# ਪਾਕਿਸਤਾਨ ਦੇ ਸੂਬਾ ਸਿੰਧ ਤੋਂ ਸ਼ਰਧਾਲੂਆਂ ਦੇ ਜਥੇ ਨੇ ਪ੍ਰਧਾਨ ਸ਼੍ਰੋਮਣੀ ਕਮੇਟੀ ਨਾਲ ਮੁਲਾਕਾਤ ਕੀਤੀ

ਅੰਮ੍ਰਿਤਸਰ- ਪਾਕਿਸਤਾਨ ਦੇ ਸੂਬਾ ਸਿੰਧ ਤੋਂ ਲਕਸ਼ਮਣ ਸਿੰਘ ਦੀ ਅਗਵਾਈ ਵਿੱਚ ੪੫ ਸ਼ਰਧਾਲੂਆਂ ਦਾ ਜਥਾ ਭਾਈਚਾਰਕ ਸਾਂਝ ਦਾ ਸੁਨੇਹਾ ਲੈ ਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਇਆ। ਉਪਰੰਤ ਦਫ਼ਤਰ ਸ਼੍ਰੋਮਣੀ ਕਮੇਟੀ ਵਿਖੇ ਜਥੇ ਦੇ ਲੀਡਰ ਲਕਸ਼ਮਣ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨਾਲ ਮੁਲਾਕਾਤ ਕੀਤੀ ਅਤੇ ਪਾਕਿਸਤਾਨ 'ਚ ਵੱਸਦੇ ਸਿੱਖ ਭਾਈਚਾਰੇ ਦੀਆਂ ਮੁਸ਼ਕਲਾਂ ਤੇ ਰਹਿਣ-ਸਹਿਣ ਬਾਰੇ ਜਾਣਕਾਰੀ ਦਿੱਤੀ।

ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਲਕਸ਼ਮਣ ਸਿੰਘ ਨੇ ਦੱਸਿਆ ਕਿ ਪਾਕਿਸਤਾਨ ਵਿੱਚ ਜ਼ਿੰਦਗੀ ਬਸਰ ਕਰ ਰਹੇ ਬੱਚਿਆਂ ਦੀ ਗੁਰਬਾਣੀ ਪੜ੍ਹਣ ਪ੍ਰਤੀ ਡੂੰਘੀ ਰੁਚੀ ਹੈ ਤੇ ਉਹ ਗੁਰੂ-ਘਰ ਨਾਲ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ਸਾਨੂੰ ਗੁਰਬਾਣੀ ਦੇ ਗੁਟਕੇ ਉਪਲਬੱਧ ਨਹੀਂ ਹੋ ਰਹੇ ਜਿਸ ਕਾਰਨ ਕਾਫੀ ਨਿਰਾਸ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੋਂ ਬੱਚਿਆਂ ਦੀ ਗੁਰਬਾਣੀ ਪ੍ਰਤੀ ਅਥਾਹ ਸ਼ਰਧਾ ਤੇ ਸਤਿਕਾਰ ਨੂੰ ਮੱਦੇਨਜ਼ਰ ਰੱਖਦਿਆਂ ਗੁਟਕਿਆਂ ਦੀ ਮੰਗ ਵੀ ਕੀਤੀ।

ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪਾਕਿਸਤਾਨ ਤੋਂ ਆਏ ਸ਼ਰਧਾਲੂਆਂ ਦੇ ਜਥੇ ਨੂੰ ਵਿਸ਼ਵਾਸ਼ ਦੁਆਇਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੀ ਮੰਗ ਅਨੁਸਾਰ ਗੁਟਕੇ ਸਾਹਿਬਾਨ ਤੇ ਹੋਰ ਧਾਰਮਿਕ ਲਿਟਰੇਚਰ ਮੁਹੱਈਆ ਕਰਵਾਇਆ ਜਾਵੇਗਾ। ਜਥੇ ਵੱਲੋਂ ਕੀਤੀ ਮੰਗ ਅਨੁਸਾਰ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਉਨ੍ਹਾਂ ਨੂੰ ਹੋਰ ਗੁਰਧਾਮਾਂ ਦੇ ਦਰਸ਼ਨ

ਦੀਦਾਰ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਦੋ ਬੱਸਾਂ ਮੁਹੱਈਆਂ ਕਰਵਾਉਣ ਦਾ ਆਦੇਸ਼ ਵੀ ਕੀਤਾ।

ਇਸ ਮੌਕੇ ਡਾ. ਰੂਪ ਸਿੰਘ ਸਕੱਤਰ, ਸ. ਸੁਖਦੇਵ ਸਿੰਘ ਭੂਰਾਕੋਹਨਾ ਵਧੀਕ ਸਕੱਤਰ (ਨਿਜੀ ਸਹਾਇਕ), ਸ. ਹਰਭਜਨ ਸਿੰਘ ਮਨਾਵਾਂ ਤੇ ਸ. ਦਿਲਜੀਤ ਸਿੰਘ ਬੇਦੀ ਵਧੀਕ ਸਕੱਤਰ ਤੇ ਹੋਰ ਹਾਜ਼ਰ ਸਨ। *੨੯ ਜਨਵਰੀ*

# ਸ. ਭੁਪਿੰਦਰ ਸਿੰਘ ਹਾਲੈਂਡ ਨੇ ਆਪਣੀ ਪੁਸਤਕ 'ਸਿੱਖਸ ਇਨ ਵਰਲਡ ਵਾਰ ਸੈਕਿੰਡ' ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਭੇਟ ਕੀਤੀ

ਅਨੰਦਪੁਰ ਸਾਹਿਬ- ਉੱਘੇ ਲੇਖਕ ਸ. ਭੁਪਿੰਦਰ ਸਿੰਘ ਹਾਲੈਂਡ ਨੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਆਪਣੀ ਨਵੀਂ ਲਿਖੀ ਪੁਸਤਕ 'ਸਿੱਖਸ ਇਨ ਵਰਲਡ ਵਾਰ ਸੈਕਿੰਡ' ਭੇਟ ਕੀਤੀ। ਗੱਲਬਾਤ ਦੌਰਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਇਸ ਤੋਂ ਪਹਿਲਾਂ ਸ. ਭੁਪਿੰਦਰ ਸਿੰਘ ਸਿੱਖਸ ਇਨ ਵਰਲਡ ਵਾਰ ਫਸਟ ਨਾਮ ਦੀ ਪੁਸਤਕ ਲਿਖ ਚੁੱਕੇ ਹਨ ਜਿਸ ਵਿੱਚ ਉਨ੍ਹਾਂ ਨੇ ਜਿਨ੍ਹਾਂ ੧੯ ਮੁਲਕਾਂ ਵਿੱਚ ਸਿੱਖ ਆਜ਼ਾਦੀ ਦੀ ਲੜਾਈ ਲਈ ਲੜੇ ਸਨ ਬਾਰੇ ਜਾਣਕਾਰੀ ਦਿੱਤੀ ਹੈ। ਹੁਣ ਉਨ੍ਹਾਂ ਨੇ ਦੂਸਰੀ ਪੁਸਤਕ 'ਸਿੱਖਸ ਇਨ ਵਰਲਡ ਵਾਰ ਸੈਕਿੰਡ' ਪਾਠਕਾਂ ਦੀ ਝੋਲੀ ਪਾਈ ਹੈ ਜਿਸ ਵਿੱਚ ਉਨ੍ਹਾਂ ਨੇ ਦੂਜੀ ਵਿਸ਼ਵ ਜੰਗ ਵਿੱਚ ਜਿਨ੍ਹਾਂ ੨੫ ਮੁਲਕਾਂ ਵਿੱਚ ਸਿੱਖਾਂ ਨੇ ਸ਼ਹਾਦਤਾਂ ਪਾ ਕੇ ਗੌਰਵਮਈ ਇਤਿਹਾਸ ਰਚਿਆ ਉਹ ਪਾਠਕਾਂ ਦੇ ਰੂ-ਬ-ਰੂ ਕੀਤਾ ਹੈ।

ਉਨ੍ਹਾਂ ਕਿਹਾ ਕਿ ਲੇਖਕ ਵੱਲੋਂ ਲਿਖੀਆ ਇਹ ਦੋਵੇਂ ਵੱਡਮੁੱਲੀਆਂ ਪੁਸਤਕਾਂ ਜਿਥੇ ਪਾਠਕਾਂ ਦੇ ਗਿਆਨ ਵਿੱਚ ਵਾਧਾ ਕਰਨਗੀਆਂ, ਉਥੇ ਦੂਰ-ਦੂਰ ਤੱਕ ਸਿੱਖਾਂ ਵੱਲੋਂ ਦੋਵੇ ਵਿਸ਼ਵ ਜੰਗਾਂ ਵਿੱਚ ਨਿਭਾਈ ਭੂਮਿਕਾ ਬਾਰੇ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਬੱਚਿਆਂ ਨੂੰ ਆਪਣੇ ਵਿਰਸੇ ਬਾਰੇ ਜਾਣੂ ਕਰਵਾਉਣਗੀਆਂ। ਉਨ੍ਹਾਂ ਕਿਹਾ ਕਿ ਲੇਖਕ ਦਾ ਉਦੇਸ਼ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸ ਰਹੇ ਸਿੱਖ ਨੌਜਵਾਨਾਂ ਦੇ ਦਿਲਾਂ ਵਿੱਚ ਸਿੱਖ ਫੌਜ਼ ਵੱਲੋਂ ਕੀਤੀਆਂ ਕੁਰਬਾਨੀਆਂ ਤੇ ਇਤਿਹਾਸ ਨੂੰ ਸਦੀਵੀ ਤੌਰ ਤੇ ਜ਼ਿੰਦਾ ਰੱਖਣਾ ਹੈ। ਉਨ੍ਹਾਂ ਕਿਹਾ ਕਿ ਆਪਣੀ ਵੱਡਮੁੱਲੀ ਲੇਖਣੀ ਰਾਹੀਂ ਸ. ਭੁਪਿੰਦਰ ਸਿੰਘ ਹਾਲੈਂਡ ਨੂੰ ਵੱਖ-ਵੱਖ ਅਦਾਰਿਆਂ ਵੱਲੋਂ ਸਨਮਾਨਿਆ ਜਾ ਚੁੱਕਿਆ ਹੈ ਜੋ ਸਿੱਖ ਕੌਮ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਮੇਰੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਦਿਹਾੜੇ ਤੇ ਅਰਦਾਸ ਹੈ ਕਿ ਸਤਿਗੁਰ ਪਾਤਸ਼ਾਹ ਉਨ੍ਹਾਂ ਨੂੰ ਸਦਾ ਚੜ੍ਹਦੀ ਕਲਾ ਵਿੱਚ ਰੱਖਣ ਤੇ ਇਸੇ ਤਰ੍ਹਾਂ ਉਹ ਆਪਣੀਆਂ ਲੇਖਣੀਆਂ ਰਾਹੀਂ ਪਾਠਕਾਂ ਦੀ ਝੋਲੀ ਵੱਡਮੁੱਲੀ ਜਾਣਕਾਰੀ ਪਾਉਂਦੇ ਰਹਿਣ। *੧੨ ਜਨਵਰੀ*

# ਸੁਪਰੀਮ ਕੋਰਟ ਦੇ ਚੀਫ ਜਸਟਿਸ ਸ. ਜਗਦੀਸ਼ ਸਿੰਘ ਖੇਰ ਪਰਿਵਾਰ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ

ਅੰਮ੍ਰਿਤਸਰ- ਸੁਪਰੀਮ ਕੋਰਟ ਦੇ ਚੀਫ ਜਸਟਿਸ ਮਾਨਯੋਗ ਸ. ਜਗਦੀਸ਼ ਸਿੰਘ ਖੇਰ ਆਪਣੇ ਪਰਿਵਾਰ ਸਮੇਤ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਇਸ ਦੌਰਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ. ਹਰਚਰਨ ਸਿੰਘ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਨੇ ਸੂਚਨਾ ਕੇਂਦਰ ਵਿਖੇ ਪੁੱਜੇ ਸ. ਜਗਦੀਸ਼ ਸਿੰਘ ਖੇਰ ਚੀਫ ਜਸਟਿਸ ਤੇ ਉਨ੍ਹਾਂ ਦੀ ਸੁਪਤਨੀ ਸ੍ਰੀਮਤੀ ਸਤਪਾਲ ਕੌਰ ਖੇਰ ਤੇ ਪਰਿਵਾਰਕ ਮੈਂਬਰਾਂ ਨੂੰ ਸਤਿਕਾਰ ਵਜੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ, ਲੋਈ, ਸਿਰੀ ਸਾਹਿਬ ਤੇ ਧਾਰਮਿਕ ਕਿਤਾਬਾਂ ਦਾ ਸੈਟ ਦੇ ਕੇ ਸਨਮਾਨਿਤ ਕੀਤਾ। ਇਸ ਸਮੇਂ ਉਨ੍ਹਾਂ ਦੇ ਨਾਲ ਹਾਈਕੋਰਟ ਦੇ ਜੱਜ ਸ. ਟੀ.ਪੀ. ਐਸ. ਮਾਨ, ਸ. ਗੁਰਬੀਰ ਸਿੰਘ ਡਿਸਟ੍ਰਿਕਟ ਸੀਨੀਅਰ ਜੱਜ, ਸ੍ਰੀ ਜੁਗਤੀ ਗੋਇਲ ਸੀ.ਜੀ.ਐਮ. ਅੰਮ੍ਰਿਤਸਰ ਤੋਂ ਇਲਾਵਾ ਸ੍ਰੀਮਤੀ ਮਧੂ ਕੌਰ, ਸ. ਤਰਨਵੀਰ ਸਿੰਘ, ਸ. ਬਰਿੰਦਰ ਸਿੰਘ ਅਤੇ ਸ੍ਰੀਮਤੀ ਪਰਮਦੀਪ ਕੌਰ ਖੇਰ ਆਦਿ ਮੌਜੂਦ ਸਨ।

ਇਸ ਤੋਂ ਪਹਿਲਾਂ ਸੁਪਰੀਮ ਕੋਰਟ ਦੇ ਮਾਨਯੋਗ ਚੀਫ ਜਸਟਿਸ ਸ. ਜਗਦੀਸ਼ ਸਿੰਘ ਖੇਰ ਤੇ ਉਨ੍ਹਾਂ ਦੇ ਪਰਿਵਾਰ ਨੇ ਪਰਿਵਾਰਕ ਸੁੱਖ ਸ਼ਾਂਤੀ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗੁੰਬਦ ਵਿਖੇ ਕਰਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਵਿਚ ਆਪਣੀ ਹਾਜ਼ਰੀ ਭਰੀ। ਉਪਰੰਤ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਸ. ਜਗਦੀਸ਼ ਸਿੰਘ ਖੇਰ ਚੀਫ ਜਸਟਿਸ ਨੇ ਕਿਹਾ ਕਿ ਸਮੁੱਚੀ ਮਨੁੱਖਤਾ ਨੂੰ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਪਾਵਨ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਕੇ ਤੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰਕੇ ਉਨ੍ਹਾਂ ਨੂੰ ਅਧਿਆਤਮਕ ਤੇ ਰੂਹਾਨੀਅਤ ਦਾ ਸਕੂਨ ਪ੍ਰਾਪਤ ਹੋਇਆ ਹੈ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਤਿਕਾਰਯੋਗ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਤੇ ਸ. ਹਰਚਰਨ ਸਿੰਘ ਮੁੱਖ ਸਕੱਤਰ ਤੇ ਸਮੂਹ ਅਧਿਕਾਰੀਆਂ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਜੋ ਮਾਣ ਸਨਮਾਨ ਗੁਰੂ ਘਰ ਵਿਚ ਮੇਰੇ ਪਰਿਵਾਰ ਨੂੰ ਬਖਸ਼ਿਆ ਗਿਆ ਹੈ ਮੈਂ ਉਸਦਾ ਸਦੀਵੀ ਤੌਰ 'ਤੇ ਰਿਣੀ ਰਹਾਂਗਾ। ਇਸ ਮੌਕੇ 'ਤੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਬਸੰਤ ਗਰਗ, ਸ. ਹਰਭਜਨ ਸਿੰਘ ਮਨਾਵਾਂ ਐਡੀ: ਸਕੱਤਰ, ਸ. ਕੁਲਵਿੰਦਰ ਸਿੰਘ ਰਮਦਾਸ ਤੇ ਸ. ਜਗਜੀਤ ਸਿੰਘ ਮੀਤ ਸਕੱਤਰ, ਸ. ਸੁਖਬੀਰ ਸਿੰਘ ਐਡੀ: ਮੈਨੇਜਰ, ਮੁੱਖ ਸੂਚਨਾ ਅਧਿਕਾਰੀ ਸ. ਗੁਰਬਚਨ ਸਿੰਘ, ਸ. ਅੰਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ। *੨੮ ਜਨਵਰੀ*

## ਸ਼੍ਰੋਮਣੀ ਕਮੇਟੀ ਵੱਲੋਂ ਬੀਬੀ ਹਰਜੋਤ ਕੌਰ ਦਾ ਸਨਮਾਨ

ਅੰਮ੍ਰਿਤਸਰ- ਸਾਹਿਬ-ਏ-ਕਮਾਲ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਆਯੋਜਿਤ ਕੀਤੇ ਗਏ ਸਮਾਗਮਾਂ ਵਿਚ ਜਿਥੇ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨਿਤਿਸ਼ ਕੁਮਾਰ ਨੇ ਵਿਸ਼ੇਸ਼ ਭੂਮਿਕਾ ਨਿਭਾਈ, ਉਥੇ ਹੀ ਬਿਹਾਰ ਸਰਕਾਰ ਦੇ ਟੂਰਿਜਮ ਵਿਭਾਗ ਦਾ ਵੀ ਅਹਿਮ ਯੋਗਦਾਨ ਰਿਹਾ। ਇਸ ਪ੍ਰਸ਼ੰਸਾਜਨਕ ਯੋਗਦਾਨ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਤਰਫੋਂ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ, ਸਕੱਤਰ ਡਾ. ਰੂਪ ਸਿੰਘ ਤੇ ਐਡੀਸ਼ਨਲ ਸਕੱਤਰ ਸ. ਹਰਭਜਨ ਸਿੰਘ ਮਨਾਵਾਂ ਨੇ ਟੂਰਿਜਮ ਵਿਭਾਗ ਬਿਹਾਰ ਦੀ ਪ੍ਰਿੰਸੀਪਲ ਸਕੱਤਰ ਬੀਬੀ ਹਰਜੋਤ ਕੌਰ ਨੂੰ ਸਨਮਾਨਿਤ ਕੀਤਾ। ਦੱਸਣਯੋਗ ਹੈ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਵਿਚ ਬੀਬੀ ਹਰਜੋਤ ਕੌਰ ਨੇ ਟੂਰਿਜਮ ਵਿਭਾਗ ਬਿਹਾਰ ਵੱਲੋਂ ਵਡਮੁੱਲੀਆਂ ਸੇਵਾਵਾਂ ਨਿਭਾਈਆਂ ਹਨ। ਉਹ ਪਿਛਲੇ ਦਿਨੀਂ ਸ੍ਰੀ ਪਟਨਾ ਸਾਹਿਬ ਤੋਂ ਆਰੰਭ ਹੋਈ ਜਾਗ੍ਰਤੀ ਯਾਤਰਾ ਦੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣ ਸਮੇਂ ਵੀ ਸ੍ਰੀ ਨਿਤਿਸ਼ ਕੁਮਾਰ ਮੁੱਖ ਮੰਤਰੀ ਬਿਹਾਰ ਨਾਲ ਉਚੇਚੇ ਤੌਰ 'ਤੇ ਖਾਲਸੇ ਦੇ ਜਨਮ ਅਸਥਾਨ ਵਿਖੇ ਨਤਮਸਤਕ ਹੋਏ ਸਨ। *੮ ਜਨਵਰੀ*

## ਸ਼੍ਰੋਮਣੀ ਕਮੇਟੀ ਦਿੱਲੀ ਦੇ ਤਿਲਕ ਵਿਹਾਰ ਇਲਾਕੇ 'ਚ ਰਹਿੰਦੇ ਸਿੱਖ ਨਸਲਕੁਸ਼ੀ ਦੇ ਪੀੜ੍ਹਤਾਂ ਨੂੰ ਮਕਾਨਾਂ ਦੀ ਮੁਰੰਮਤ ਵਾਸਤੇ ੧੦ ਲੱਖ ਰੁਪਏ ਦੀ ਰਾਸ਼ੀ ਜਾਰੀ ਕਰੇਗੀ- ਸ. ਹਰਚਰਨ ਸਿੰਘ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਹਰਚਰਨ ਸਿੰਘ ਨੇ ਕਿਹਾ ਕਿ ੧੯੮੪ ਵਿੱਚ ਹੋਈ ਸਿੱਖ ਨਸਲਕੁਸ਼ੀ ਦੇ ਪੀੜ੍ਹਤ ਪਰਿਵਾਰਾਂ ਨੂੰ ਆਪਣਾ ਰੈਣ ਬਸੇਰਾ ਕਰਨ ਲਈ ਦਿੱਲੀ ਦੇ ਤਿਲਕ ਵਿਹਾਰ ਇਲਾਕੇ ਵਿਖੇ ਅਲਾਟ ਹੋਏ ਮਕਾਨਾਂ ਦੀ ਤਰਸਯੋਗ ਹਾਲਤ ਨੂੰ ਦੇਖਦਿਆਂ ਹੋਇਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਨ੍ਹਾਂ ਦੇ ਮਕਾਨਾਂ ਦੀ ਤੁਰੰਤ ਮੁਰੰਮਤ ਵਾਸਤੇ ੧੦ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਜਾਰੀ ਕਰੇਗੀ। ਉਨ੍ਹਾਂ ਕਿਹਾ ਕਿ ੧੯੮੪ ਵਿੱਚ ਹੋਈ ਸਿੱਖ ਨਸਲਕੁਸ਼ੀ ਨਾਲ ਪ੍ਰਭਾਵਿਤ ਪੀੜ੍ਹਤ ਪਰਿਵਾਰਾਂ ਦੀ ਸਮੇਂ ਦੀ ਸਰਕਾਰ ਵੱਲੋਂ

ਕੋਈ ਵਿਸ਼ੇਸ਼ ਸਾਰ ਨਹੀਂ ਲਈ ਗਈ ਅਤੇ ਜੋ ਮਕਾਨ ਉਨ੍ਹਾਂ ਨੂੰ ਅਲਾਟ ਕੀਤੇ ਗਏ ਉਨ੍ਹਾਂ ਦੀ ਲੰਮੇ ਸਮੇਂ ਤੋਂ ਮੁਰੰਮਤ ਨਾ ਹੋਣ ਕਾਰਨ ਉਹ ਹੁਣ ਢਹਿ-ਢੇਰੀ ਹੋਣ ਦੀ ਕਗਾਰ ਤੇ ਪਹੁੰਚ ਚੁੱਕੇ ਹਨ। ਜਿਸ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਵੱਲੋਂ ਹੋਏ ਆਦੇਸ਼ਾਂ ਮੁਤਾਬਿਕ ਦਿੱਲੀ ਦੇ ਤਿਲਕ ਵਿਹਾਰ ਇਲਾਕੇ ਵਿੱਚ ਰਹਿਣ ਵਾਲੇ ਪੀੜ੍ਹਤ ਪਰਿਵਾਰਾਂ ਦੀ ਸਾਰ ਲੈਣ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ੧੦ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਉਨ੍ਹਾਂ ਦੇ ਮਕਾਨਾਂ ਦੀ ਮੁਰੰਮਤ ਕਰਵਾਉਣ ਵਾਸਤੇ ਦਿੱਤੀ ਜਾਵੇਗੀ।

ਸ. ਹਰਚਰਨ ਸਿੰਘ ਨੇ ਇਹ ਵੀ ਕਿਹਾ ਕਿ ਪੰਥ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਨਸਲਕੁਸ਼ੀ ਦੇ ਪੀੜ੍ਹਤ ਪਰਿਵਾਰਾਂ ਨਾਲ ਹਮਦਰਦੀ ਰੱਖਦੀ ਹੈ ਅਤੇ ਪਿਛਲੇ ਲੰਮੇ ਅਰਸੇ ਤੋਂ ਹਰ ਪੱਖੋਂ ਪੀੜ੍ਹਤ ਪਰਿਵਾਰਾਂ ਦੀ ਮਦਦ ਕਰਦੀ ਆ ਰਹੀ ਹੈ। *੧੨ ਜਨਵਰੀ*

## ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਇਮਾਰਤੀ ਵਿਭਾਗ ਦੇ ਅਧਿਕਾਰੀਆਂ ਪਾਸੋਂ ਲਈ ਰਿਪੋਰਟ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਮਾਰਤੀ ਵਿਭਾਗ ਰਾਹੀਂ ਗੁਰਦੁਆਰਾ ਸਾਹਿਬਾਨ ਦੇ ਸਕੂਲਾਂ/ਕਾਲਜਾਂ ਵਿਚ ਚੱਲ ਰਹੇ ਉਸਾਰੀ ਅਧੀਨ ਕਾਰਜਾਂ ਸਬੰਧੀ ਅਧਿਕਾਰੀਆਂ ਪਾਸੋਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਸਥਾਰ ਪੂਰਵਕ ਜਾਣਕਾਰੀ ਲਈ।

ਇਸ ਸਬੰਧੀ ਇਮਾਰਤੀ ਵਿਭਾਗ ਦੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਜਿਨ੍ਹਾਂ ਵਿਚ ਐਸ.ਡੀ.ਓ., ਇੰਚਾਰਜ, ਜੇ.ਈ., ਡਰਾਫਟਸਮੈਨ ਸ਼ਾਮਲ ਹੋਏ। ਉਨ੍ਹਾਂ ਨੇ ਚੱਲ ਰਹੇ ਕਾਰਜਾਂ ਸਬੰਧੀ ਪ੍ਰਧਾਨ ਸਾਹਿਬ ਨੂੰ ਰਿਪੋਰਟ ਪੇਸ਼ ਕੀਤੀ। ਪ੍ਰਧਾਨ ਸਾਹਿਬ ਨੇ ਚੱਲ ਰਹੇ ਉਸਾਰੀ ਅਧੀਨ ਕਾਰਜਾਂ ਜਿਨਾਂ ਵਿਚ ਦੇਰੀ ਹੋ ਰਹੀ ਹੈ ਉਨ੍ਹਾਂ ਨੂੰ ਜਲਦੀ ਨੇਪਰੇ ਚਾੜ੍ਹਨ ਦੀ ਹਿਦਾਇਤ ਕੀਤੀ। ਉਨ੍ਹਾਂ ਕਿਹਾ ਕਿ ਕੰਮ ਵਿਚ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਸਬੰਧੀ ਉਨ੍ਹਾਂ ਇਮਾਰਤੀ ਵਿਭਾਗ ਦੇ ਸਕੱਤਰਾਂ ਨੂੰ ਹਦਾਇਤ ਕੀਤੀ ਕਿ ਚੱਲ ਰਹੇ ਕਾਰਜਾਂ ਨੂੰ ਸਮੇਂ ਸਿਰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕੰਮ ਵਿਚ ਢਿੱਲਮੱਠਤਾ ਆਉਂਦੀ ਹੈ ਤਾਂ ਉਸ ਸਬੰਧੀ ਮੁਕੰਮਲ ਰਿਪੋਰਟ ਪੇਸ਼ ਕੀਤੀ ਜਾਵੇ। *੨੮ ਜਨਵਰੀ*

## ਕਾਮਾਗਾਟਾਮਾਰੂ ਜਹਾਜ ਦੇ ਸਿੱਖ ਮੁਸਾਫ਼ਰਾਂ ਸਬੰਧੀ ਹੁਕਮਨਾਮੇ ਬਾਰੇ ਵਿਵਾਦ ਬੇਅਰਥ

ਅੰਮ੍ਰਿਤਸਰ- ਕਾਮਾਗਾਟਾਮਾਰੂ ਜਹਾਜ ਦੇ ਸਿੱਖ ਮੁਸਾਫ਼ਰਾਂ ਬਾਰੇ ਹੁਕਮਨਾਮਾ ਜਾਰੀ ਹੋ ਚੁੱਕਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ: ਰੂਪ ਸਿੰਘ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਫ਼ਤਰ ਤੋਂ ਜਾਰੀ ਪ੍ਰੈਸ ਬਿਆਨ ਵਿੱਚ ਕੀਤਾ। ਡਾ: ਰੂਪ ਸਿੰਘ ਨੇ ਕਿਹਾ ਕਿ ਇਹ ਹੁਕਮਨਾਮਾ ਸਿੱਖਾਂ ਦੇ ਸਰਵਉੱਚ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ੧੨ ਅਕਤੂਬਰ ੧੯੨੦ ਨੂੰ ਜਾਰੀ ਹੋ ਚੁੱਕਾ ਹੈ ਜੋ ਉਨ੍ਹਾਂ ਵੱਲੋਂ ਸੰਪਾਦਿਤ ਪੁਸਤਕ 'ਹੁਕਮਨਾਮੇ ਆਦੇਸ਼ ਸੰਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ' ਵਿੱਚ ਪੰਨਾ ਨੰਬਰ ੬੪ ਪੁਰ ਦਰਜ ਹੈ। ਇਸ ਪੁਸਤਕ ਵਿੱਚ ਹਵਾਲਾ ਦੇਂਦਿਆਂ ਡਾ: ਰੂਪ ਸਿੰਘ ਨੇ ਨੋਟ ਲਿਖਿਆ ਹੈ ਕਿ 'ਇਸ ਡਰ ਤੋਂ ਕਿ ਪੰਜਾਬ ਦੇ ਸਿੱਖ "ਬਜ-ਬਜ ਘਾਟ ਦੇ ਹਾਦਸੇ ਤੋਂ ਭੜਕ ਨਾ ਉੱਠਣ, ਸਰਕਾਰ ਪੰਜਾਬ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰਬਰਾਹ ਅਰੂੜ ਸਿੰਘ ਪਾਸੋਂ ਸਿੱਖਾਂ ਦੇ ਸ਼੍ਰੋਮਣੀ ਗੁਰ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਹੁਕਮਨਾਮਾ ਜਾਰੀ ਕਰਵਾਇਆ ਕਿ 'ਬਜ-ਬਜ ਘਾਟ 'ਤੇ ਮਾਰੇ ਗਏ ਪੰਜਾਬੀ ਸਿੱਖ ਨਹੀਂ ਹਨ।" (ਨਰੈਣ ਸਿੰਘ, ਅਕਾਲੀ ਮੋਰਚੇ ਤੇ ਝੱਬਰ, ਪੰਨਾ ੨੫)।

ਡਾ: ਰੂਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਹੁਕਮਨਾਮੇ ਦੀ ਥਾਂ ਉਕਤ ਹੁਕਮਨਾਮਾ ਜਾਰੀ

ਕੀਤਾ ਕਿ ਅਰੂੜ ਸਿੰਘ ਗੁਰੂ ਦਾ ਸਿੱਖ ਨਹੀਂ, ਜਿਨ੍ਹਾਂ ਨੇ ਬਜ-ਬਜ ਘਾਟ 'ਤੇ ਅੰਗਰੇਜ਼ ਦਾ ਮੁਕਾਬਲਾ ਕੀਤਾ, ਉਹ ਗੁਰੂ ਦੇ ਅਨਿਨ ਸਿੱਖ ਹਨ। ਉਨ੍ਹਾਂ ਕਿਹਾ ਕਿ ਪੁਸਤਕ ਵਿੱਚ ਦਰਜ ਹੁਕਮਨਾਮੇ ਦੀ ਸ਼ਬਦਾਵਲੀ ਇਸ ਤਰ੍ਹਾਂ ਹੈ:

'ਅਕਾਲ ਤਖ਼ਤ ਸਾਹਿਬ ਸਜਿਆ ਖ਼ਾਲਸਾ ਜੀ ਦਾ ਇਹ ਦੀਵਾਨ ਪਾਸ ਕਰਦਾ ਹੈ ਕਿ ਜਿਨ੍ਹਾਂ ਨੇ ਬਜ-ਬਜ ਘਾਟ 'ਤੇ ਅੰਗਰੇਜ਼ਾਂ ਦਾ ਮੁਕਾਬਲਾ ਕੀਤਾ ਸੀ, ਉਹ ਅਨਿਨ ਗੁਰੂ ਦੇ ਸਿੱਖ ਸਨ। ਬਲਕਿ ਉਹ ਗੁਰੂ ਦੇ ਸਿੱਖ ਨਹੀਂ ਹਨ, ਜਿਹੜੇ ਆਪਣੇ ਘਰ ਵਿੱਚ ਮਨਮਤ ਕਰਦੇ ਹਨ। ਸ੍ਰ: ਅਰੂੜ ਸਿੰਘ ਜੋ ਗੁਰਮਤਿ ਪ੍ਰਚਾਰ ਨੂੰ ਬੰਦ ਕਰ ਕੇ ਘਰ ਵਿਚ ਪਾਪ ਲੀਲਾ ਕਰਦਾ ਹੈ, ਗੁਰੂ ਦਾ ਸਿੱਖ ਨਹੀਂ।' (ਮਿਤੀ ੧੨-੧੦-੧੯੨੦)

ਜ਼ਿਕਰਯੋਗ ਹੈ ਕਿ ਪਿਛਲੇ ਦਿਨੀ ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਕੈਨੇਡਾ ਦੇ ਪ੍ਰਧਾਨ ਸ੍ਰ: ਸਾਹਿਬ ਸਿੰਘ ਥਿੰਦ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੂੰ ਮੈਮੋਰੰਡਮ ਦੇ ਕੇ ਇਹ ਮੁੱਦਾ ਉਠਾਇਆ ਗਿਆ ਹੈ। ਆਪਣੇ ਇਸ ਮੈਮੋਰੰਡਮ ਵਿੱਚ ਸ੍ਰ: ਥਿੰਦ ਵੱਲੋਂ ਅਫਸੋਸ ਜ਼ਾਹਿਰ ਕੀਤਾ ਗਿਆ ਹੈ ਕਿ ਸਾਲ ੧੯੧੪ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਰੂੜ ਸਿੰਘ ਵੱਲੋਂ ਜਾਰੀ ਕੀਤਾ ਗਿਆ ਫਰਮਾਨ ਇਸ ਲਹਿਰ ਦੇ ਸ਼ਹੀਦਾਂ ਖਾਸ ਕਰਕੇ ਸਿੱਖਾਂ ਲਈ ਅਫਸੋਸਨਾਕ ਤੱਥ ਬਣ ਗਿਆ ਹੈ। ਉਨ੍ਹਾਂ ਮੈਮੋਰੰਡਮ ਵਿੱਚ ਲਿਖਿਆ ਹੈ ਕਿ ਤਤਕਾਲੀ ਜਥੇਦਾਰ ਅਰੂੜ ਸਿੰਘ ਨੇ ੬ ਅਕਤੂਬਰ ੧੯੧੪ ਨੂੰ ਕਾਮਾਗਾਟਾਮਾਰੂ ਜਹਾਜ਼ ਦੇ ਸਾਰੇ ਮੁਸਾਫਰਾਂ ਨੂੰ 'ਸਿੱਖ ਨਹੀਂ' ਕਰਾਰ ਦਿੱਤਾ ਸੀ ਅਤੇ ਗਦਰੀਆਂ ਬਾਰੇ ਗਲਤ ਸ਼ਬਦਾਵਲੀ ਵਰਤ ਕੇ ਇਨ੍ਹਾਂ ਤੋਂ ਦੂਰ ਰਹਿਣ ਦੀਆਂ ਹਦਾਇਤਾਂ ਕੀਤੀਆਂ ਸਨ। ਉਨ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਕੀਤਾ ਇਹ ਫੈਂਸਲਾ ਭਾਰਤ ਦੇ ਅਜ਼ਾਦੀ ਸੰਗਰਾਮ ਵਿੱਚ ਕਾਮਾਗਾਟਾਮਾਰੂ ਅਤੇ ਗਦਰ ਲਹਿਰ ਵਿੱਚ ਸਿੱਖਾਂ ਵੱਲੋਂ ਪਾਏ ਯੋਗਦਾਨ ਦੀ ਬੇਕਦਰੀ ਕਰਨ ਵਾਲਾ ਦੱਸਿਆ ਹੈ।

ਡਾ: ਰੂਪ ਸਿੰਘ ਨੇ ਕਿਹਾ ਕਿ ਉੱਤਰੀ ਅਮਰੀਕਾ ਵਿੱਚ ਸਥਾਪਿਤ ਹੋਈ ਗਦਰ ਪਾਰਟੀ ਅਤੇ ਗਦਰ ਲਹਿਰ ਵਿੱਚ ਸਿੱਖਾਂ ਦੀ ਭੂਮਿਕਾ ਇਤਿਹਾਸਕ ਰਹੀ ਹੈ ਅਤੇ ਉਨ੍ਹਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਦਰਜ ਹਨ, ਜੋ ਕਦੇ ਵੀ ਭੁਲਾਈਆਂ ਨਹੀਂ ਜਾ ਸਕਦੀਆਂ। ਉਨ੍ਹਾਂ ਕਿਹਾ ਕਿ ਕਾਮਾਗਾਟਾ ਮਾਰੂ ਜਹਾਜ (ਬਜ-ਬਜ ਘਾਟ) ਦੇ ਮੁਸਾਫ਼ਰਾਂ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹਿਲਾਂ ਹੀ ਹੁਕਮਨਾਮਾ ਜਾਰੀ ਹੋ ਚੁੱਕਾ ਹੈ। ਜਿਸ 'ਚ ਕਾਮਾਗਾਟਾ ਮਾਰੂ ਜਹਾਜ ਦੇ ਸਿੱਖ ਮੁਸਾਫ਼ਿਰਾਂ ਨੂੰ ਅਨਿਨ ਸਿੱਖ ਮੰਨਿਆਂ ਗਿਆ ਹੈ। ਜਿਸਦਾ ਸਾਡੇ ਪਾਸ ਰੀਕਾਰਡ ਵੀ ਮੌਜੂਦ ਹੈ ਤੇ ਇਹ ਹੁਕਮਨਾਮੇ ਆਦੇਸ਼ ਸੰਦੇਸ਼ ਪੁਸਤਕ ਵਿੱਚ ਦਰਜ ਪੜ੍ਹਿਆ ਜਾ ਸਕਦਾ ਹੈ। ਇਸ ਲਈ ਇਸ ਸਬੰਧੀ ਦੁਬਾਰਾ ਹੁਕਮਨਾਮਾ ਜਾਰੀ ਕਰਵਾਉਣ ਦੀ ਲੋੜ ਨਹੀਂ ਹੈ। *੨੩ ਜਨਵਰੀ*

# ਸ. ਰੇਸ਼ਮ ਸਿੰਘ, ਸ. ਸਵਰਨ ਸਿੰਘ ਤੇ ਸ. ਬਲਵਿੰਦਰ ਸਿੰਘ ਗੁਰਦੁਆਰਾ ਇੰਸਪੈਕਟਰਾਂ ਨੂੰ ਸੇਵਾ ਮੁਕਤੀ 'ਤੇ ਨਿੱਘੀ ਵਿਦਾਇਗੀ

ਅੰਮ੍ਰਿਤਸਰ- ਸ. ਰੇਸ਼ਮ ਸਿੰਘ ਗੁਰਦੁਆਰਾ ਇੰਸਪੈਕਟਰ (੮੫), ਸ. ਸਵਰਨ ਸਿੰਘ ਅਨੰਦਪੁਰੀ ਤੇ ਸ. ਬਲਵਿੰਦਰ ਸਿੰਘ ਜੋਧਪੁਰੀ ਗੁਰਦੁਆਰਾ ਇੰਸਪੈਕਟਰ (੮੭) ਸ਼੍ਰੋਮਣੀ ਕਮੇਟੀ ਨੂੰ ਸੇਵਾ-ਮੁਕਤ ਹੋਣ 'ਤੇ ਨਿੱਘੀ ਵਿਦਾਇਗੀ ਦਿੱਤੀ ਗਈ।

ਇਸ ਮੌਕੇ ਸ. ਹਰਚਰਨ ਸਿੰਘ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਸ. ਰੇਸ਼ਮ ਸਿੰਘ ਗੁਰਦੁਆਰਾ ਇੰਸਪੈਕਟਰ (੮੫) ੩੪ ਸਾਲ, ਸ. ਸਵਰਨ ਸਿੰਘ ਅਨੰਦਪੁਰੀ ੩੫ ਸਾਲ ਤੇ ਸ. ਬਲਵਿੰਦਰ ਸਿੰਘ ਜੋਧਪੁਰੀ ੧੧ ਸਾਲ ਗੁਰਦੁਆਰਾ ਇੰਸਪੈਕਟਰ (੮੭) ਵਜੋਂ ਗੁਰੂ-ਘਰ ਦੀ ਸੇਵਾ ਕਰਨ ਉਪਰੰਤ ਸੇਵਾ-ਮੁਕਤ ਹੋਏ ਹਨ। ਉਨ੍ਹਾਂ ਕਿਹਾ ਕਿ ਸੇਵਾ-ਮੁਕਤ ਹੋਣ ਵਾਲੇ ਮੁਲਾਜ਼ਮ ਬੜੇ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਨੌਕਰੀ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਸੇਵਾ-ਮੁਕਤੀ ਦਾ ਸਮਾਂ ਤਾਂ ਹਰ ਇਨਸਾਨ ਤੇ ਆਉਂਦਾ ਹੈ, ਪਰੰਤੂ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਕੀਤੀ ਸੇਵਾ ਦੂਸਰਿਆਂ ਲਈ ਮਿਸਾਲ ਬਣਦੀ ਹੈ। ਉਨ੍ਹਾਂ

ਕਿਹਾ ਕਿ ਇਨ੍ਹਾਂ ਮੁਲਾਜ਼ਮਾਂ ਨੇ ਆਪਣੇ ਜਿੰਮੇ ਲੱਗੀ ਸੇਵਾ ਪੂਰੀ ਤਨਦੇਹੀ, ਲਗਨ ਤੇ ਮਿਹਨਤ ਨਾਲ ਨਿਭਾਈ ਹੈ। ਉਨ੍ਹਾਂ ਕਿਹਾ ਕਿ ਅਰਦਾਸ ਹੈ ਸਤਿਗੁਰੂ ਇਨ੍ਹਾਂ ਨੂੰ ਚੜ੍ਹਦੀ ਕਲਾ 'ਚ ਰੱਖਣ, ਤੰਦਰੁਸਤੀ ਬਖ਼ਸ਼ਣ ਤੇ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੇ ਰਹਿਣ। ਇਸ ਸਮੇਂ ਡਾ. ਰੂਪ ਸਿੰਘ ਸਕੱਤਰ ਤੇ ਸ. ਕੇਵਲ ਸਿੰਘ ਵਧੀਕ ਸਕੱਤਰ ਨੇ ਵੀ ਸੇਵਾ-ਮੁਕਤ ਗੁਰਦੁਆਰਾ ਇੰਸਪੈਕਟਰਾਂ ਦੇ ਕਾਰਜਾਂ ਦੀ ਸ਼ਲਾਘਾ ਕੀਤੀ। ਸ. ਰੇਸ਼ਮ ਸਿੰਘ, ਸ. ਸਵਰਨ ਸਿੰਘ ਅਨੰਦਪੁਰੀ ਤੇ ਸ. ਬਲਵਿੰਦਰ ਸਿੰਘ ਜੋਧਪੁਰੀ ਨੂੰ ਸੇਵਾ-ਮੁਕਤ ਹੋਣ ਸਮੇਂ ਸਿਰੋਪਾਓ, ਸ੍ਰੀ ਸਾਹਿਬ, ਲੋਈ ਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ. ਹਰਭਜਨ ਸਿੰਘ ਮਨਾਵਾਂ, ਸ. ਮਹਿੰਦਰ ਸਿੰਘ ਆਹਲੀ ਤੇ ਸ. ਰਣਜੀਤ ਸਿੰਘ ਵਧੀਕ ਸਕੱਤਰ, ਸ. ਸੁਲੱਖਣ ਸਿੰਘ ਮੈਨੇਜਰ ਸੱਚਖੰਡ ਸ੍ਰੀ ਦਰਬਾਰ ਸਾਹਿਬ, ਸ. ਜਗਜੀਤ ਸਿੰਘ, ਸ. ਸਕੱਤਰ ਸਿੰਘ, ਸ. ਜਸਵਿੰਦਰ ਸਿੰਘ ਦੀਨਪੁਰ, ਸ. ਹਰਜਿੰਦਰ ਸਿੰਘ ਤੇ ਸ. ਹਰਜੀਤ ਸਿੰਘ ਲਾਲੂਘੁੰਮਣ ਮੀਤ ਸਕੱਤਰ, ਸ. ਜਸਵਿੰਦਰ ਸਿੰਘ ਦੀਪ ਤੇ ਸ. ਮਨਜੀਤ ਸਿੰਘ ਇੰਚਾਰਜ, ਸ. ਸਤਨਾਮ ਸਿੰਘ ਰਿਆੜ ਤੇ ਸ. ਸਤਨਾਮ ਸਿੰਘ ਸਰਹਾਲੀ ਐਡੀਸ਼ਨਲ ਚੀਫ, ਸ. ਮਨਜੀਤ ਸਿੰਘ, ਸ. ਗੁਰਵਿੰਦਰ ਸਿੰਘ ਤੇ ਸ. ਪ੍ਰਗਟ ਸਿੰਘ ਗੁਰਦੁਆਰਾ ਇੰਸਪੈਕਟਰ ਅਤੇ ਸ. ਮਨਪ੍ਰੀਤ ਸਿੰਘ ਆਦਿ ਹਾਜ਼ਰ ਸਨ। *੩੧ ਜਨਵਰੀ*

# ਇਨਸਾਫ਼ ਲਈ ਗੁਹਾਰ:

## ਸਿੱਖ ਕਤਲੇਆਮ ਦੇ ਪੀੜ੍ਹਤਾਂ ਨੂੰ ਅਜੇ ਤਕ ਇਨਸਾਫ ਕਿਉਂ ਨਹੀਂ !

ਅੰਮ੍ਰਿਤਸਰ- ਸੰਨ ੧੯੮੪ ਦਾ ਸਿੱਖ ਕਤਲੇਆਮ ਅਣਮਨੁੱਖੀ ਵਰਤਾਰੇ ਦਾ ਸਿਖ਼ਰ ਸੀ, ਜਿਸ ਨੇ ਕਾਂਗਰਸ ਸਰਕਾਰ ਦਾ ਅਸਲ ਚਿਹਰਾ ਬੇਨਕਾਬ ਕੀਤਾ। ਕੇਂਦਰ ਵਿਚ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਸੋਚੀ-ਸਮਝੀ ਸਾਜ਼ਿਸ਼ ਤਹਿਤ ਸਿੱਖ ਕੌਮ ਦੇ ਕੇਂਦਰੀ ਧਾਰਮਿਕ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਮਲਾ ਕਰਵਾਉਣਾ ਅਤੇ ਦਿੱਲੀ ਸਮੇਤ ਦੇਸ਼ ਦੇ ਹੋਰ ਸੂਬਿਆਂ ਅੰਦਰ ਸਿੱਖ ਕਤਲੇਆਮ ਨੂੰ ਅੰਜ਼ਾਮ ਦੇਣਾ ਮਾਨਵਤਾ ਤੋਂ ਗਿਰੀ ਹੋਈ ਹਰਕਤ ਸੀ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕੀਤਾ ਹੈ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸਿੱਖ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹੈ ਅਤੇ ਭਾਰਤ ਦੀ ਆਜ਼ਾਦੀ ਲਈ ੮੦% ਤੋਂ ਵੱਧ ਕੁਰਬਾਨੀਆਂ ਵੀ ਸਿੱਖ ਕੌਮ ਨੇ ਦਿੱਤੀਆਂ ਹਨ। ਸਿੱਖ ਕੌਮ ਕਿਸੇ ਵੀ ਸੰਕਟ ਸਮੇਂ ਦੇਸ਼ ਦੀ ਖੜਗ ਭੁਜਾ ਵਜੋਂ ਆਪਣਾ ਰੋਲ ਨਿਭਾਉਂਦੀ ਹੈ ਪਰ ਦੁਖਦ ਪਹਿਲੂ ਇਹ ਹੈ ਕਿ ਦੇਸ਼ ਵਿਚ ਸਿੱਖ ਕੌਮ ਨਾਲ ਬੇਗ਼ਾਨਿਆਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਕਾਂਗਰਸ ਆਗੂਆਂ ਦੀ ਸਿੱਖ ਕਤਲੇਆਮ ਵਿਚ ਸ਼ਮੂਲੀਅਤ ਪ੍ਰਤੱਖ ਹੋਣ ਦੇ ਬਾਵਜੂਦ ੩੩ ਸਾਲਾਂ ਦਾ ਲੰਮਾ ਸਮਾਂ ਗੁਜ਼ਰ ਜਾਣ ਤੋਂ ਬਾਅਦ ਵੀ ਦੋਸ਼ੀਆਂ ਨੂੰ ਅਜੇ ਤਕ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ। ਪੀੜਤ ਸਿੱਖ ਪਰਿਵਾਰਾਂ ਦੀ ਇਨਸਾਫ ਮਿਲਣ ਦੀ ਆਸ ਲਗਭਗ ਟੁੱਟ ਹੀ ਚੁੱਕੀ ਹੈ ਕਿਉਂਕਿ ਇਨਸਾਫ ਦੇਣ ਵਾਲੀਆਂ ਤਾਕਤਾਂ ਹੀ ਦੋਸ਼ੀਆਂ ਦੀ ਪਿੱਠ 'ਤੇ ਖੜ੍ਹੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ ਤੇ ਵਿਸ਼ੇਸ਼ ਜਾਂਚ ਟੀਮਾਂ ਦਾ ਗਠਨ ਤਾਂ ਕਰ ਦਿੱਤਾ ਗਿਆ ਪਰ ਸਮਾਂਬੱਧ ਰਿਪੋਰਟ ਨੂੰ ਤਰਸਦੇ ਪੀੜਤ ਪਰਿਵਾਰ ਬੇਵੱਸ ਤੇ ਲਾਚਾਰ ਨਜ਼ਰ ਆ ਰਹੇ ਹਨ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਸਿੱਖਾਂ ਨੂੰ ਇਨਸਾਫ ਦਿਵਾਉਣ ਲਈ ਸੰਜੀਦਾ ਰੁਖ਼ ਅਖ਼ਤਿਆਰ ਕਰਦਿਆਂ ਵਿਸ਼ੇਸ਼ ਜਾਂਚ ਟੀਮ ਦੁਆਰਾ ਕੀਤੀ ਜਾਂਚ ਦੀ ਰਿਪੋਰਟ ਤੁਰੰਤ ਨਸ਼ਰ ਕੀਤੀ ਜਾਵੇ। ਉਨ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਸਿੱਖ ਕਤਲੇਆਮ ਦੀ ਯਾਦ ਵਿਚ ਉਸਾਰੀ ਗਈ 'ਸੱਚ ਦੀ ਕੰਧ' ਨੂੰ ਸਹੀ ਕਦਮ ਦੱਸਦਿਆਂ ਕਿਹਾ ਕਿ ਇਸ ਨਾਲ ਸਿੱਖਾਂ 'ਤੇ ਹੋਏ ਜ਼ੁਲਮਾਂ ਦੀ ਦਾਸਤਾਨ ਤੋਂ ਦੁਨੀਆਂ ਦੇ ਲੋਕ ਜਾਣੂੰ ਹੋ ਸਕਣਗੇ। ਉਨ੍ਹਾਂ ਇਕ ਵਾਰ ਫਿਰ ਦੁਹਰਾਇਆ ਕਿ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਤੁਰੰਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ।

# ਚਿਤਾਵਨੀ:

## ਰਾਹੁਲ ਗਾਂਧੀ ਵੱਲੋਂ ਕਾਂਗਰਸ ਦੇ ਖੂਨੀ ਪੰਜੇ ਦੀ ਤੁਲਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਬਾਰਕ ਹੱਥ ਨਾਲ ਕਰਨੀ ਸ਼ੈਤਾਨੀ ਸੋਚ ਦਾ ਪ੍ਰਗਟਾਵਾ- ਪ੍ਰੋ. ਕਿਰਪਾਲ ਸਿੰਘ ਬਡੂੰਗਰ

ਅੰਮ੍ਰਿਤਸਰ– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ:ਕਿਰਪਾਲ ਸਿੰਘ ਬਡੂੰਗਰ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਵੱਲੋਂ ਗੁਰੂ ਸਾਹਿਬਾਨ ਬਾਰੇ ਦਿੱਤੇ ਵਿਵਾਦਿਤ ਬਿਆਨ ਦੀ ਕਰੜੇ ਸ਼ਬਦਾਂ ਵਿਚ ਅਲੋਚਨਾ ਕੀਤੀ ਹੈ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਰਾਹੁਲ ਗਾਂਧੀ ਵੱਲੋਂ ਕਾਂਗਰਸ ਦੇ ਚੋਣ ਨਿਸ਼ਾਨ ਹੱਥ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਬਾਰਕ ਹੱਥ ਨਾਲ ਜੋੜਨਾ ਉਸਦੇ ਮਾਨਸਿਕ ਦੀਵਾਲੀਆਪਨ ਦੀ ਨਿਸ਼ਾਨੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸਮੁੱਚੀ ਲੋਕਾਈ ਦੇ ਸਰਬ ਸਾਂਝੇ ਅਧਿਆਤਮਿਕ ਰਹਿਬਰ ਹਨ ਜਿਨ੍ਹਾਂ ਦੀ ਵਡਿਆਈ ਅਤੇ ਸੋਭਾ ਮਹਾਨ ਹੈ। ਉਨ੍ਹਾਂ ਦੇ ਪਾਵਨ ਉਪਦੇਸ਼ ਅਤੇ ਉਨ੍ਹਾਂ ਦੀ ਮੁਬਾਰਕ ਸ਼ਖਸੀਅਤ ਦੀ ਦੁਨਿਆਵੀ ਅਤੇ ਖਾਸਕਰ ਰਾਜਸੀ ਗੱਲਾਂ ਨਾਲ ਤੁਲਨਾ ਕਰਨਾ ਸਮੁੱਚੀ ਸਿੱਖ ਕੌਮ ਦੇ ਜਜ਼ਬਾਤਾਂ ਨਾਲ ਖਿਲਵਾੜ ਹੈ।

ਪ੍ਰੋ: ਬਡੂੰਗਰ ਨੇ ਕਿਹਾ ਕਿ ਕਾਂਗਰਸ ਦਾ ਚੋਣ ਨਿਸ਼ਾਨ ਹੱਥ ਮਨੁੱਖਤਾ ਅਤੇ ਖਾਸਕਰ ਸਿੱਖਾਂ ਦੇ ਕਾਤਲ ਵਜੋਂ ਪਛਾਣ ਰੱਖਦਾ ਹੈ। ਇਤਿਹਾਸ ਗਵਾਹ ਹੈ ਕਿ ਕਾਂਗਰਸ ਵੱਲੋਂ ੧੯੮੪ ਵਿਚ ਸਿੱਖਾਂ ਦੇ ਪਾਵਨ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਮਲਾ ਕਰਵਾ ਕੇ ਆਪਣੀ ਮਨੁੱਖਤਾ ਤੋਂ ਗਿਰੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਜਾ ਚੁੱਕਾ ਹੈ। ਕਾਂਗਰਸ ਵੱਲੋਂ ਦਿੱਲੀ ਅਤੇ ਹੋਰਨਾਂ ਸੂਬਿਆਂ ਵਿਚ ਕੀਤੇ ਸਿੱਖ ਕਤਲੇਆਮ ਦੇ ਜ਼ਖਮ ਅਜੇ ਤਕ ਰਿਸਦੇ ਹਨ। ਕਾਂਗਰਸ ਦੇ ਆਗੂ ਸ਼ਰੇਆਮ ਸਿੱਖ ਨਸਲਕੁਸ਼ੀ ਵਿਚ ਸਾਹਮਣੇ ਆ ਚੁੱਕੇ ਹਨ। ਕਾਂਗਰਸ ਦੇ ਚੋਣ ਨਿਸ਼ਾਨ ਹੱਥ ਜੋ ਕਿ ਖੂਨੀ ਪੰਜੇ ਦਾ ਪ੍ਰਤੀਕ ਹੈ ਦੀ ਤੁਲਨਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਬਾਰਕ ਹੱਥ ਨਾਲ ਕਰਨੀ ਰਾਹੁਲ ਗਾਂਧੀ ਦੀ ਸ਼ੈਤਾਨੀ ਸੋਚ ਦਾ ਪ੍ਰਗਟਾਵਾ ਹੈ। ਉਨ੍ਹਾਂ ਰਾਹੁਲ ਗਾਂਧੀ ਨੂੰ ਅਜਿਹੀਆਂ ਹਰਕਤਾਂ ਤੋਂ ਬਾਜ ਆਉਣ ਦੀ ਤਾਕੀਦ ਕਰਦਿਆਂ ਕਿਹਾ ਕਿ ਉਸਨੂੰ ਆਪਣਾ ਇਲਾਜ ਕਿਸੇ ਮਾਨਸਿਕ ਰੋਗਾਂ ਦੇ ਡਾਕਟਰ ਤੋਂ ਕਰਵਾਉਣਾ ਚਾਹੀਦਾ ਹੈ ਅਤੇ ਸਿੱਖ ਜਗਤ ਤੋਂ ਤੁਰੰਤ ਮੁਆਫੀ ਮੰਗਣੀ ਚਾਹੀਦੀ ਹੈ। *੧੧ ਜਨਵਰੀ*

# ਹਿਰਦੇਵੇਦਕ ਘਟਨਾਵਾਂ ਤੇ ਸ਼ੋਕ ਸਮਾਚਾਰ:

## ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ ਸਤਿਕਾਰ ਦੀ ਭਾਵਨਾ ਨਾਲ ਕੀਤੀ ਜਾਵੇ

ਅੰਮ੍ਰਿਤਸਰ– ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ ਸਮੇਂ ਸ਼ਰਧਾ ਤੇ ਸਤਿਕਾਰ ਸਭ ਤੋਂ ਪ੍ਰਥਮ ਹੈ, ਜਿਸਦਾ ਪਾਲਣ ਕਰਨਾ ਗੁਰੂ ਘਰ ਦੇ ਹਰ ਸੇਵਾਦਾਰ ਲਈ ਅਤੀ ਜ਼ਰੂਰੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ:ਕਿਰਪਾਲ ਸਿੰਘ ਬਡੂੰਗਰ ਨੇ ਗੁਰਦੁਆਰਾ ਸ੍ਰੀ ਹਾਜੀਰਤਨ ਸਾਹਿਬ ਬਠਿੰਡਾ ਦੇ ਇਕ ਸੇਵਾਦਾਰ ਵੱਲੋਂ ਗੋਲਕ 'ਤੇ ਚੜ੍ਹਨ ਦਾ ਮਾਮਲਾ ਸਾਹਮਣੇ ਆਉਣ 'ਤੇ ਕੀਤਾ ਹੈ। ਪ੍ਰੋ: ਬਡੂੰਗਰ ਨੇ ਕਿਹਾ ਕਿ ਬੀਤੇ ਕੱਲ੍ਹ ਗੁਰਦੁਆਰਾ ਹਾਜੀਰਤਨ ਬਠਿੰਡਾ ਵਿਖੇ ਤਲਵਿੰਦਰ ਸਿੰਘ ਨਾਂ ਦੇ ਇਕ ਸੇਵਾਦਾਰ ਦੇ ਗੋਲਕ 'ਤੇ ਚੜ੍ਹਨ ਦੀ ਗੱਲ ਸਾਹਮਣੇ ਆਉਣ ਉਪਰੰਤ ਸਬੰਧਤ ਸੇਵਾਦਾਰ ਨੂੰ ਤੁਰੰਤ ਮੁਅੱਤਲ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਾਰੇ ਮਾਮਲੇ ਦੀ ਪੜਤਾਲ ਕਰਨ ਲਈ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਫਲਾਇੰਗ ਵਿਭਾਗ ਦੇ ਮੀਤ ਸਕੱਤਰ ਸ. ਸਕੱਤਰ

ਸਿੰਘ ਅਤੇ ਇੰਚਾਰਜ ਸ. ਕੁਲਦੀਪ ਸਿੰਘ ਦੀ ਡਿਊਟੀ ਲਗਾ ਦਿੱਤੀ ਗਈ ਹੈ, ਜੋ ਇਸ ਸਬੰਧੀ ਮੁਕੰਮਲ ਰਿਪੋਰਟ ਪੇਸ਼ ਕਰਨਗੇ। ਉਨ੍ਹਾਂ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਸੇਵਾਦਾਰਾਂ ਨੂੰ ਹਿਦਾਇਤ ਕਰਦਿਆਂ ਕਿਹਾ ਕਿ ਆਪੋ-ਆਪਣੀ ਡਿਊਟੀ ਨਿਯਮਾਂ ਵਿਚ ਰਹਿੰਦਿਆਂ ਸਤਿਕਾਰ ਦੀ ਭਾਵਨਾ ਨਾਲ ਕੀਤੀ ਜਾਵੇ। *੧੫ ਜਨਵਰੀ*

## 'ਸੱਚ ਦੀ ਕੰਧ' ਸਿੱਖ ਨਸਲਕੁਸ਼ੀ ਦੇ ਸੱਚ ਦੀ ਜ਼ੁਬਾਨ ਬਣੇਗੀ

ਅੰਮ੍ਰਿਤਸਰ- ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਵਿਖੇ ਉਸਾਰੀ ਗਈ 'ਸੱਚ ਦੀ ਕੰਧ' ੧੯੮੪ ਈ: ਵਿਚ ਕੀਤੀ ਗਈ ਸਿੱਖ ਨਸਲਕੁਸ਼ੀ ਦੇ ਸੱਚ ਦੀ ਜ਼ੁਬਾਨ ਬਣੇਗੀ। ਇਸ ਨਾਲ ਵਕਤ ਦੀ ਕੇਂਦਰੀ ਸਰਕਾਰ ਵੱਲੋਂ ਕੀਤੇ ਗਏ ਅਣਮਨੁੱਖੀ ਕਾਰੇ ਨੂੰ ਦੁਨੀਆਂ ਦੇ ਲੋਕ ਦੇਖ-ਸਮਝ ਸਕਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਵੱਲੋਂ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦਾ ਇਹ ਉਪਰਾਲਾ ਸਿੱਖਾਂ 'ਤੇ ਹੋਏ ਜ਼ੁਲਮਾਂ ਨੂੰ ਰੂਪਮਾਨ ਕਰੇਗਾ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਅੱਜ ੩੩ ਸਾਲ ਬੀਤਣ ਤੋਂ ਬਾਅਦ ਵੀ ਸਿੱਖਾਂ ਨੂੰ ਇਨਸਾਫ ਨਹੀਂ ਮਿਲ ਸਕਿਆ। ਕਾਂਗਰਸ ਦੇ ਕੁਝ ਨੇਤਾਵਾਂ ਦੀ '੮੪ ਦੇ ਸਿੱਖ ਕਤਲੇਆਮ ਵਿਚ ਸ਼ਮੂਲੀਅਤ ਹੋਣ ਦੇ ਸਬੂਤ ਸਾਹਮਣੇ ਆਉਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਸਜ਼ਾਵਾਂ ਨਹੀਂ ਦਿੱਤੀਆਂ ਜਾ ਰਹੀਆਂ। ਕੀ ਇਹ ਘੱਟ ਗਿਣਤੀ ਕੌਮਾਂ ਨੂੰ ਦਬਾਉਣ ਦਾ ਕੋਝਾ ਯਤਨ ਨਹੀਂ? ਉਨ੍ਹਾਂ ਕਿਹਾ ਕਿ ਸਬੰਧਤ ਸਰਕਾਰਾਂ ਨੂੰ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਸੁਹਿਰਦ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਸਿੱਖਾਂ ਅੰਦਰ ਬੇਗਾਨਗੀ ਦਾ ਅਹਿਸਾਸ ਨਾ ਪੈਦਾ ਹੋਏ। *੧੬ ਜਨਵਰੀ*

## ਪਟਨਾ ਸਾਹਿਬ ਵਿਖੇ ਗੰਗਾ ਨਦੀ 'ਚ ਵਾਪਰੇ ਕਿਸ਼ਤੀ ਹਾਦਸੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਬੀਤੇ ਦਿਨੀਂ ਬਿਹਾਰ ਦੀ ਰਾਜਧਾਨੀ ਪਟਨਾ ਸਾਹਿਬ ਵਿਖੇ ਗੰਗਾ ਨਦੀ ਵਿਚ ਇਕ ਕਿਸ਼ਤੀ ਪਲਟਣ ਨਾਲ ੨੪ ਵਿਅਕਤੀਆਂ ਦੀ ਹੋਈ ਬੇਵਕਤੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਇਸ ਦਰਦਨਾਕ ਹਾਦਸੇ ਵਿਚ ਡੁੱਬ ਕੇ ਮਰਨ ਵਾਲੇ ਅਤੇ ਲਾਪਤਾ ਹੋਏ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਨ੍ਹਾਂ ਦੇ ਨਾਲ ਪੂਰੀ ਤਰ੍ਹਾਂ ਖੜ੍ਹੀ ਹੈ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਇਸ ਹਾਦਸੇ ਵਿਚ ਮਰਨ ਵਾਲੇ ਵਿਅਕਤੀਆਂ ਦੀ ਆਤਮਿਕ ਸ਼ਾਂਤੀ ਲਈ ਜਿਥੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ, ਉਥੇ ਨਾਲ ਹੀ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਪ੍ਰਮਾਤਮਾ ਦਾ ਭਾਣਾ ਮੰਨਣ ਲਈ ਵੀ ਕਿਹਾ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨਿਤਿਸ਼ ਕੁਮਾਰ ਨਾਲ ਵੀ ਹਮਦਰਦੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਪਟਨਾ ਸਾਹਿਬ ਵਿਖੇ ਮਨਾਏ ਗਏ ੩੫੦ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਸਫਲ ਕਰਨ ਹਿਤ ਜੋ ਭੂਮਿਕਾ ਬਿਹਾਰ ਸਰਕਾਰ ਅਤੇ ਉਥੋਂ ਦੇ ਨਿਵਾਸੀਆਂ ਨੇ ਨਿਭਾਈ ਉਹ ਆਪਣੇ ਆਪ ਵਿਚ ਇਕ ਮਿਸਾਲੀ ਕਾਰਜ ਸੀ। ਜਿਸ ਸਦਕਾ ਸਿੱਖ ਸੰਗਤ ਤੇ ਬਿਹਾਰ ਨਿਵਾਸੀਆਂ ਦੀ ਆਪਸੀ ਸਾਂਝ ਹੋਰ ਪ੍ਰਪੱਕ ਹੋਈ ਹੈ। ਇਸ ਲਈ ਸਮੁੱਚਾ ਸਿੱਖ ਭਾਈਚਾਰਾ ਦਰਦਨਾਕ ਕਿਸ਼ਤੀ ਹਾਦਸੇ ਵਿਚ ਡੁੱਬ ਕੇ ਮਰਨ ਵਾਲੇ ਅਤੇ ਲਾਪਤਾ ਹੋਏ ਵਿਅਕਤੀਆਂ ਪ੍ਰਤੀ ਹਮਦਰਦੀ ਰੱਖਦਾ ਹੈ। *੧੬ ਜਨਵਰੀ*

# ਪਿੰਡ ਪਮਾਲ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੁੱਖਦਾਈ

ਅੰਮ੍ਰਿਤਸਰ- ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੋਧਾਂ ਨੇੜਲੇ ਪਿੰਡ ਪਮਾਲ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਣ ਦੀ ਘਟਨਾ ਨੂੰ ਦੁੱਖਦਾਈ ਦੱਸਿਆ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਸਿੱਖ ਮਾਨਸਿਕਤਾ ਨੂੰ ਡੂੰਘੀ ਸੱਟ ਮਾਰਨ ਵਾਲੀਆਂ ਹਨ ਜਿਨ੍ਹਾਂ ਨਾਲ ਸਿੱਖ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਘਟਨਾ ਵਿੱਚ ਪਿੰਡ ਪਮਾਲ ਦੇ ਰਹਿਣ ਵਾਲੇ ਵਿਅਕਤੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਬੇਅਦਬੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ਜਿਸ ਨੂੰ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਕਰਕੇ ਮੁਆਫ ਨਹੀਂ ਕੀਤਾ ਜਾ ਸਕਦਾ। ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਦੀ ਵੀ ਕਿਤੇ ਨਾ ਕਿਤੇ ਅਣਗਹਿਲੀ ਸਾਹਮਣੇ ਆਈ ਹੈ, ਇਸ ਲਈ ਗੁਰਦੁਆਰਾ ਸਾਹਿਬ ਵਿਖੇ ਮਰਯਾਦਾ ਅਨੁਸਾਰ ਸੇਵਾ ਸੰਭਾਲ ਲਈ ਇਕ ਗ੍ਰੰਥੀ ਤੇ ਸੇਵਾਦਾਰ ਜ਼ਰੂਰ ਤਾਇਨਾਤ ਰਹੇ ਤਾਂ ਕਿ ਅਜਿਹੀਆਂ ਘਟਨਾਵਾਂ ਨੂੰ ਠੱਲ੍ਹ ਪਾਈ ਜਾ ਸਕੇ।

ਉਨ੍ਹਾਂ ਪ੍ਰਸ਼ਾਸਨ ਨੂੰ ਜ਼ੋਰ ਦੇ ਕੇ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਦੋਸ਼ੀ ਖਿਲਾਫ ਸਖ਼ਤ ਕਾਰਵਾਈ ਕਰੇ ਤਾਂ ਕਿ ਪੰਜਾਬ ਵਿੱਚ ਅਮਨ ਸ਼ਾਂਤੀ ਦਾ ਮਾਹੌਲ ਕਾਇਮ ਰੱਖਿਆ ਜਾ ਸਕੇ। *੧੮ ਜਨਵਰੀ*

# ਗੁਰੂ-ਘਰਾਂ ਦੇ ਪ੍ਰਬੰਧਕ ਸੁਚੇਤ ਹੋ ਕੇ ਸੇਵਾ ਕਰਨ

ਅੰਮ੍ਰਿਤਸਰ- ਗੁਰਦੁਆਰਾ ਸਾਹਿਬਾਨਾਂ 'ਚ ਹਰੇਕ ਧਰਮ ਦੇ ਲੋਕ ਸ਼ਰਧਾ ਭਾਵਨਾ ਨਾਲ ਨਤਮਸਤਿਕ ਹੋ ਕੇ ਆਪਣੇ ਪਰਿਵਾਰ ਤੇ ਮਨੁੱਖਤਾ ਦੀ ਸੁੱਖ ਸ਼ਾਂਤੀ ਦੀ ਅਰਦਾਸ ਕਰਦੇ ਹਨ ਇਥੇ ਸੁਸ਼ੋਭਿਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪਾਵਨ ਬਾਣੀ ਮਨੁੱਖਤਾ ਲਈ ਰਾਹ ਦਸੇਰਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਿਕ ਹੋਣ ਵਾਲਾ ਹਰੇਕ ਵਿਅਕਤੀ ਪਾਵਨ ਬਾਣੀ ਦੀ ਸਿਖਿਆ ਤੇ ਚਲਦਿਆਂ ਆਪਸੀ ਮੇਲ ਮਿਲਾਪ ਤੇ ਭਾਈਚਾਰਕ ਸਾਂਝ ਨੂੰ ਮਜਬੂਤ ਕਰਦਾ ਹੈ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਕੁਝ ਪੰਥ ਦੋਖੀ ਤੇ ਸ਼ਰਾਰਤੀ ਅਨਸਰਾਂ ਨੂੰ ਇਹ ਸਭ ਕੁਝ ਚੰਗਾ ਨਹੀਂ ਲੱਗਦਾ। ਉਹ ਹਰ ਸੰਭਵ ਕੋਸ਼ਿਸ਼ ਕਰਦੇ ਹਨ ਕਿ ਫਿਰਕਿਆਂ ਵਿੱਚ ਪਾੜਾ ਪਾ ਕੇ ਭਾਈਚਾਰਕ ਸਾਂਝ ਨੂੰ ਕਿਵੇਂ ਸੱਟ ਮਾਰੀ ਜਾ ਸਕਦੀ ਹੈ। ਅਜਿਹੀ ਮਨਸ਼ਾ ਤਹਿਤ ਹੀ ਸ਼ਰਾਰਤੀ ਅਨਸਰਾਂ ਵੱਲੋਂ ਗੁਰੂ-ਘਰਾਂ ਵਿੱਚ ਜਿਥੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜ਼ਾਮ ਦਿੱਤਾ ਜਾ ਰਿਹਾ ਹੈ, ਉਥੇ ਪਾਵਨ ਬਾਣੀ ਦੇ ਅੰਗ ਪਾੜਨ ਵਾਲੀਆਂ ਹਿਰਦੇਵੇਦਕ ਘਟਨਾਵਾਂ ਕੀਤੀਆਂ ਜਾ ਰਹੀਆਂ ਹਨ ਜਿਸ ਦੀ ਪੁਰਜ਼ੋਰ ਨਿੰਦਾ ਕਰਦੇ ਹਾਂ।

ਪ੍ਰੋ. ਬਡੂੰਗਰ ਨੇ ਅੱਗੇ ਕਿਹਾ ਕਿ ਗੁਰਦੁਆਰਾ ਸਾਹਿਬਾਨ ਦੇ ਮੈਨੇਜਰ, ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਿੰਘ ਸਭਾਵਾਂ ਤੇ ਗੁਰੂ-ਘਰਾਂ ਦੇ ਗ੍ਰੰਥੀ ਸਿੰਘ ਜਿਨ੍ਹਾਂ ਦੀ ਮੁੱਖ ਤੌਰ ਤੇ ਜ਼ਿੰਮੇਵਾਰੀ ਬਣਦੀ ਹੈ ਉਹ ਗੁਰੂ-ਘਰਾਂ ਦੀ ਸਾਂਭ-ਸੰਭਾਲ ਤੇ ਰਾਖੀ ਪ੍ਰਤੀ ਬਿਲਕੁਲ ਅਵੇਸਲੇ ਨਾ ਹੋਣ। ਉਨ੍ਹਾਂ ਕਿਹਾ ਕਿ ਗੁਰੂ-ਘਰਾਂ ਵਿੱਚ ਪਹਿਰੇਦਾਰੀ ਲਾਜ਼ਮੀ ਤੇ ੨੪ ਘੰਟੇ ਹੋਵੇ ਜੇਕਰ ਕਿਸੇ ਗੁਰੂ-ਘਰ ਵਿੱਚ ਚੋਰੀ ਜਾਂ ਅੰਗ ਪਾੜਨ ਵਾਲੀ ਮੰਦਭਾਗੀ ਘਟਨਾ ਵਾਪਰਦੀ ਹੈ ਤੇ ਦੋਸ਼ੀ ਫੜਿਆ ਨਹੀਂ ਜਾਂਦਾ ਇਸ ਤੋਂ ਸਿੱਧ ਹੋਵੇਗਾ ਕਿ ਉਸ ਗੁਰੂ-ਘਰ ਦੇ ਪ੍ਰਬੰਧਕ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਹਨ ਜੋ ਠੀਕ ਨਹੀਂ। ਉਨ੍ਹਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਗੁਰੂ ਘਰਾਂ ਦੀ ਰਖਵਾਲੀ ਸਬੰਧੀ ਪ੍ਰਬੰਧਕਾਂ ਨਾਲ ਸਹਿਯੋਗ ਕੀਤਾ ਜਾਵੇ। *੨੪ ਜਨਵਰੀ*

# ਪਿੰਡ ਕੱਟਿਆਂਵਾਲੀ ਤੇ ਪਿੰਡ ਰਸੂਲਪੁਰ ਵਿਚ ਗੁਟਕਾ ਸਾਹਿਬ ਦੀ ਹੋਈ ਬੇਅਦਬੀ ਅਤੀ ਨਿੰਦਣਯੋਗ

ਅੰਮ੍ਰਿਤਸਰ- ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ:ਕਿਰਪਾਲ ਸਿੰਘ ਬਡੂੰਗਰ ਨੇ ਲੰਬੀ ਦੇ ਪਿੰਡ ਕੱਟਿਆਂਵਾਲੀ ਅਤੇ ਜਗਰਾਉਂ ਦੇ ਪਿੰਡ ਰਸੂਲਪੁਰ ਵਿਖੇ ਗੁਟਕਾ ਸਾਹਿਬ ਦੀ ਹੋਈ ਬੇਅਦਬੀ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਸਖਤ ਕਾਰਵਾਈ ਕਰਨ ਲਈ ਪ੍ਰਸ਼ਾਸਨ ਤੋਂ ਜ਼ੋਰਦਾਰ ਸ਼ਬਦਾਂ ਵਿਚ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮਾਹੌਲ ਨੂੰ ਲਾਂਬੂ ਲਾਉਣ ਲਈ ਸ਼ਰਾਰਤੀ ਅਨਸਰਾਂ ਵੱਲੋਂ ਪਾਵਨ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਅਸਹਿ ਹੈ। ਇਹ ਲੋਕ ਕਿਸੇ ਗੁੱਝੀ ਸਾਜ਼ਿਸ਼ ਤਹਿਤ ਪੰਜਾਬ ਦੇ ਅਮਨ-ਚੈਨ ਵਾਲੇ ਮਾਹੌਲ ਨੂੰ ਖਰਾਬ ਕਰਨ 'ਤੇ ਤੁਲੇ ਹੋਏ ਹਨ। ਇਹ ਲੋਕ ਸਭ ਧਰਮਾਂ ਦੇ ਲੋਕਾਂ ਨੂੰ ਆਪਸ ਵਿਚ ਲੜਾਉਣਾ ਚਾਹੁੰਦੇ ਹਨ। ਸਮਾਜਿਕ ਤੇ ਭਾਈਚਾਰਕ ਪਾੜਾ ਪਾਉਣ ਦੀ ਤਾਕ ਵਿਚ ਬੈਠੇ ਇਹ ਲੋਕ ਹੁਣ ਧਾਰਮਿਕ ਗ੍ਰੰਥਾਂ ਦਾ ਸਹਾਰਾ ਲੈ ਕੇ ਲੋਕਾਂ ਨੂੰ ਭੜਕਾਉਣਾ ਤੇ ਲੜਾਉਣਾ ਚਾਹੁੰਦੇ ਹਨ। ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਲੋਕਾਂ ਨੂੰ ਫਿਰ ਤੋਂ ਅਪੀਲ ਕਰਦਿਆਂ ਕਿਹਾ ਕਿ ਆਪਣੇ ਸ਼ਹਿਰ, ਕਸਬਿਆਂ ਤੇ ਪਿੰਡਾਂ ਵਿਚ ਗੁਰੂ ਘਰਾਂ ਦੀ ਪੂਰਨ ਸੁਚੇਤਤਾ ਤੇ ਜ਼ਿੰਮੇਵਾਰੀ ਨਾਲ ਨਿਗਰਾਨੀ ਰੱਖੀ ਜਾਵੇ। ਖਾਸਕਰ ਅਜਿਹੇ ਮਾਹੌਲ ਵਿਚ ਤਾਂ ਹੋਰ ਵੀ ਸੁਚੇਤ ਹੋਣ ਦੀ ਲੋੜ ਹੈ ਕਿਉਂਕਿ ਅੱਜ ਪੰਜਾਬ ਵਿਚ ਫਿਰਕਿਆਂ ਦੀ ਆਪਸੀ ਸਾਂਝ ਨੂੰ ਤੋੜਨ ਲਈ ਕੋਝੀਆਂ ਹਰਕਤਾਂ ਕੀਤੀਆਂ ਜਾ ਰਹੀਆਂ ਹਨ। *੩੦ ਜਨਵਰੀ*

# ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਮੁਖੀ ਭਾਈ ਬਲਦੇਵ ਸਿੰਘ ਦੇ ਅਕਾਲ ਚਲਾਣੇ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਅਫਸੋਸ ਪ੍ਰਗਟ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਮੁਖੀ ਭਾਈ ਬਲਦੇਵ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਅਫਸੋਸ ਪ੍ਰਗਟ ਕੀਤਾ ਹੈ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਭਾਈ ਬਲਦੇਵ ਸਿੰਘ ਦੀਆਂ ਪੰਥਕ ਅਤੇ ਧਰਮ ਪ੍ਰਚਾਰ ਸੇਵਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਮਰਪਣ ਭਾਵਨਾ ਨਾਲ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਆਪਣਾ ਯੋਗਦਾਨ ਪਾਇਆ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਈ ਗਈ ਧਰਮ ਪ੍ਰਚਾਰ ਵਹੀਰ ਦੇ ਮੁਖੀ ਵਜੋਂ ਉਨ੍ਹਾਂ ਦੇ ਕਾਰਜਾਂ ਸਬੰਧੀ ਕਿਹਾ ਕਿ ਪੂਰੇ ਪੰਜਾਬ ਅੰਦਰ ਸਿੱਖੀ ਨੂੰ ਪ੍ਰਫੁੱਲਿਤ ਕਰਨ ਅਤੇ ਨੌਜੁਆਨੀ ਨੂੰ ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਉਨ੍ਹਾਂ ਦਾ ਯੋਗਦਾਨ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਭਾਈ ਬਲਦੇਵ ਸਿੰਘ ਅੰਦਰ ਕੌਮੀ ਜਜ਼ਬਾ ਕੁਟ ਕੁਟ ਕੇ ਭਰਿਆ ਹੋਇਆ ਸੀ ਅਤੇ ਉਹ ਗੁਰਸਿੱਖੀ ਜੀਵਨ ਜਿਉਂਦਿਆਂ ਹੋਰਨਾਂ ਲਈ ਹਮੇਸ਼ਾ ਪ੍ਰੇਰਕ ਰਹੇ। ਇਸ ਦੇ ਨਾਲ ਹੀ ਭਾਈ ਸਾਹਿਬ ਨੇ ਵਿਦਿਆ ਦੇ ਖੇਤਰ ਅਤੇ ਕੀਰਤਨ ਸਿਖਲਾਈ ਲਈ ਵੀ ਉਪਰਾਲੇ ਕੀਤੇ। ਪ੍ਰੋ: ਕਿਰਪਾਲ ਸਿੰਘ ਬਡੂੰਗਰ ਨੇ ਉਨ੍ਹਾਂ ਦੇ ਅਕਾਲ ਚਲਾਣੇ ਨੂੰ ਸਿੱਖ ਕੌਮ ਲਈ ਵੱਡਾ ਘਾਟਾ ਦੱਸਦਿਆਂ ਕਿਹਾ ਕਿ ਕਰਤਾ ਪੁਰਖ ਦਾ ਭਾਣਾ ਅਟੱਲ ਹੈ। ਉਨ੍ਹਾਂ ਭਾਈ ਬਲਦੇਵ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਪ੍ਰਮਾਤਮਾ ਉਨ੍ਹਾਂ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

ਇਸੇ ਦੌਰਾਨ ਭਾਈ ਬਲਦੇਵ ਸਿੰਘ ਦੇ ਅੰਤਿਮ ਸੰਸਕਾਰ ਮੌਕੇ ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਲੋਈ ਤੇ ਦੁਸ਼ਾਲਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਇਆ ਗਿਆ। ਭਾਈ ਬਲਦੇਵ ਸਿੰਘ ਦੇ ਅਕਾਲ ਚਲਾਣੇ 'ਤੇ ਸ. ਹਰਚਰਨ ਸਿੰਘ ਮੁੱਖ ਸਕੱਤਰ, ਡਾ. ਰੂਪ ਸਿੰਘ ਸਕੱਤਰ ਤੇ ਸ. ਹਰਭਜਨ ਸਿੰਘ ਮਨਾਵਾ ਵਧੀਕ ਸਕੱਤਰ ਨੇ ਵੀ ਅਫਸੋਸ ਪ੍ਰਗਟ ਕੀਤਾ।

■

# ਧਰਮ ਪ੍ਰਚਾਰ ਕਮੇਟੀ ਦੀਆਂ ਸੇਵਾ ਸਰਗਰਮੀਆਂ

## ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਖੇ

## ੪੫੦ ਪ੍ਰਾਣੀ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ

ਅੰਮ੍ਰਿਤਸਰ- ਰਣ-ਤੱਤੇ ਵਿੱਚ ਜੂਝਣ ਵਾਲੇ ਮਹਾਨ ਸੂਰਬੀਰ, ਸਿਰਲੱਥ ਯੋਧੇ, ਕਹਿਣੀ ਤੇ ਕਥਨੀ ਦੇ ਸੂਰੇ, ਧੰਨ-ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਜਨਮ ਦਿਹਾੜੇ ਨੂੰ ਸਮਰਪਿਤ ਸੱਚਖੰਡ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਚਾਟੀਵਿੰਡ ਗੇਟ ਵਿਖੇ ਗੁਰਮਤਿ ਸਮਾਗਮ ਕਰਵਾਏ ਗਏ ਜਿਸ ਵਿੱਚ ਵੱਡੀ ਗਿਣਤੀ 'ਚ ਸੰਗਤਾਂ ਨੇ ਨਤਮਸਤਕ ਹੋ ਕੇ ਬਾਬਾ ਜੀ ਨੂੰ ਆਪਣੀ ਸ਼ਰਧਾ ਤੇ ਸਤਿਕਾਰ ਭੇਟ ਕੀਤਾ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਤੋਂ ਆਏ ਮੁਖਵਾਕ ਦੀ ਕਥਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਕੀਤੀ।

ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹੁੰਚੇ ਪੰਜ ਪਿਆਰੇ ਸਾਹਿਬਾਨ ਪਾਸੋਂ ੪੫੦ ਪ੍ਰਾਣੀ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ। ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਰਵਾਏ ਗਏ ਕਵੀ ਦਰਬਾਰ ਵਿੱਚ ਸ. ਕੁਲਵੰਤ ਸਿੰਘ ਕੋਮਲ ਪੱਟੀ, ਸ. ਗੁਰਬਚਨ ਸਿੰਘ ਖੇਮਕਰਨੀ, ਸ. ਅਜੀਤ ਸਿੰਘ ਰਤਨ, ਸ. ਰਣਜੀਤ ਸਿੰਘ ਰਾਣਾ, ਸ. ਸਤਬੀਰ ਸਿੰਘ ਸ਼ਾਨ, ਸ. ਪਿਆਰਾ ਸਿੰਘ ਯਾਚਕ, ਸ. ਤਰਲੋਕ ਸਿੰਘ ਦੀਵਾਨਾ, ਸ. ਕੁਲਦੀਪ ਸਿੰਘ ਨਿਰਵਲ, ਸ. ਸੁਲੱਖਣ ਸਿੰਘ ਜੰਮੂ, ਸ. ਅਵਤਾਰ ਸਿੰਘ ਤਾਰੀ, ਸ. ਪੂਰਨ ਸਿੰਘ ਅਰਸ਼ੀ, ਸ. ਸਰਬਜੀਤ ਸਿੰਘ ਵਡਾਲੀ, ਸ. ਅਜੈਬ ਸਿੰਘ ਸੁਲਤਾਨਵਿੰਡ, ਸ. ਸਕੱਤਰ ਸਿੰਘ ਪੰਡੋਰੀ, ਬੀਬੀ ਮਨਜੀਤ ਕੌਰ ਪਹੂਵਿੰਡ ਤੇ ਬੀਬੀ ਚਰਨਜੀਤ ਕੌਰ ਆਦਿ ਕਵੀਆਂ ਨੇ ਬਾਬਾ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਸਮਾਗਮ ਵਿੱਚ ਸ਼ਾਮਲ ਕਵੀਆਂ ਨੂੰ ਸ. ਅਜੈਬ ਸਿੰਘ ਅਭਿਆਸੀ ਮੈਂਬਰ ਧਰਮ ਪ੍ਰਚਾਰ ਕਮੇਟੀ ਨੇ ਸਨਮਾਨਿਤ ਕੀਤਾ।

ਗੁਰਮਤਿ ਸਮਾਗਮ ਵਿੱਚ ਭਾਈ ਹਰਚਰਨ ਸਿੰਘ ਖਾਲਸਾ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਭਾਈ ਗੁਰਇਕਬਾਲ ਸਿੰਘ ਬੀਬੀ ਕੌਲਾਂ ਜੀ ਭਲਾਈ ਕੇਂਦਰ, ਭਾਈ ਜਸਬੀਰ ਸਿੰਘ ਪਾਉਂਟਾ ਸਾਹਿਬ ਵਾਲੇ, ਭਾਈ ਅਮਰਜੀਤ ਸਿੰਘ ਪਟਿਆਲਾ, ਭਾਈ ਗਗਨਦੀਪ ਸਿੰਘ ਗੰਗਾਨਗਰ, ਭਾਈ ਮਹਿਤਾਬ ਸਿੰਘ ਜਲੰਧਰ ਵਾਲੇ, ਭਾਈ ਸਤਿੰਦਰਪਾਲ ਸਿੰਘ ਜਗਾਧਰੀ, ਭਾਈ ਹਰਵਿੰਦਰ ਸਿੰਘ, ਭਾਈ ਸੁਰਿੰਦਰ ਸਿੰਘ ਮਿੱਠਾ ਟਿਵਾਣਾ, ਭਾਈ ਤਰਜਿੰਦਰ ਸਿੰਘ ਅੰਮ੍ਰਿਤਸਰ ਸੰਗੀਤ ਸਭਾ, ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਕਥਾਵਾਚਕ ਤੇ ਭਾਈ ਤਰਸੇਮ

ਸਿੰਘ ਮੋਰਾਂਵਾਲੀ ਦੇ ਢਾਡੀ ਜਥੇ ਨੇ ਬੀਰ-ਰਸੀ ਵਾਰਾਂ, ਕਥਾ ਵਿਖਿਆਨ ਤੇ ਇਲਾਹੀ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਰਾਤ ਨੂੰ ਦੀਪਮਾਲਾ ਕੀਤੀ ਗਈ ਤੇ ਰਹਰਾਸਿ ਸਾਹਿਬ ਦੀ ਸਮਾਪਤੀ ਉਪਰੰਤ ਆਤਿਸ਼ਬਾਜੀ ਵੀ ਚਲਾਈ ਗਈ। ਇਸ ਮੌਕੇ ਬਾਬਾ ਕਸ਼ਮੀਰ ਸਿੰਘ ਭੂਰੀਵਾਲੇ, ਸ. ਸੁਲੱਖਣ ਸਿੰਘ ਮੈਨੇਜਰ ਸੱਚਖੰਡ ਸ੍ਰੀ ਦਰਬਾਰ ਸਾਹਿਬ, ਸ. ਮਨਜਿੰਦਰ ਸਿੰਘ ਮੰਡ ਮੈਨੇਜਰ ਤੇ ਸ. ਹਰਪ੍ਰੀਤ ਸਿੰਘ ਐਡੀਸ਼ਨਲ ਮੈਨੇਜਰ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਤੇ ਸ. ਮਹਿੰਦਰ ਸਿੰਘ ਮੀਤ ਸਕੱਤਰ ਆਦਿ ਹਾਜ਼ਰ ਸਨ।

## ਪਠਾਨਕੋਟ ਵਿਖੇ ਅੰਮ੍ਰਿਤ-ਸੰਚਾਰ

ਭਾਈ ਕੋਮਲਜੀਤ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਦਮਦਮਾ ਸਾਹਿਬ ਮੀਰਪੁਰ ਕਲੋਨੀ, ਪਠਾਨਕੋਟ ਵਿਖੇ ੩੦ ਅਕਤੂਬਰ, ੨੦੧੬ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ੧੨ ਪ੍ਰਾਣੀਆਂ ਨੂੰ ਅੰਮ੍ਰਿਤ-ਪਾਨ ਕਰਵਾਇਆ।

## ਪਿੰਡ ਮਰੜੀ ਖੁਰਦ ਵਿਖੇ ਅੰਮ੍ਰਿਤ-ਸੰਚਾਰ

ਭਾਈ ਦਿਲਬਾਗ ਸਿੰਘ ਭੰਗਾਲੀ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਿੰਘ ਸਭਾ, ਪਿੰਡ ਮਰੜੀ ਖੁਰਦ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੧੧ ਨਵੰਬਰ, ੨੦੧੬ ਨੂੰ ਹੋਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੁੱਲ ੩੦ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ। ਅੰਮ੍ਰਿਤ ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ।

## ਪਿੰਡ ਖਵਾਸਪੁਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਸੁਖਬੀਰ ਸਿੰਘ ਮਾਨੋਚਾਹਲ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਕਲਗੀਧਰ ਸਾਹਿਬ, ਪਿੰਡ ਖਵਾਸਪੁਰ (ਨੇੜੇ ਗੋਇੰਦਵਾਲ ਸਾਹਿਬ), ਜ਼ਿਲ੍ਹਾ ਤਰਨ ਤਾਰਨ ਵਿਖੇ ੧੨ ਨਵੰਬਰ, ੨੦੧੬ ਨੂੰ ਹੋਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕੁੱਲ ੩੦ ਪ੍ਰਾਣੀਆਂ ਨੇ ਖੰਡੇ-ਬਾਟੇ ਦੀ ਪਾਹੁਲ ਹਾਸਲ ਕੀਤੀ। ਅੰਮ੍ਰਿਤ ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ।

## ਹਿਮਾਚਲ ਪ੍ਰਦੇਸ਼ ਵਿਖੇ ਅੰਮ੍ਰਿਤ-ਸੰਚਾਰ

ਭਾਈ ਸੁਖਰਾਜ ਸਿੰਘ ਇੰਚਾਰਜ ਸਿੱਖ ਮਿਸ਼ਨ ਹਿਮਾਚਲ ਪ੍ਰਦੇਸ਼ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਨਾਨਕ ਜੋਤ ਸਾਹਿਬ, ਪਿੰਡ ਤੇ ਡਾਕ: ਕੁਠੰਡਲ, ਤਹਿ: ਨੂਰਪੁਰ, ਜ਼ਿਲ੍ਹਾ ਕਾਂਗੜਾ (ਹਿਮਾਚਲ ਪ੍ਰਦੇਸ਼) ਵਿਖੇ ੨੭ ਨਵੰਬਰ, ੨੦੧੬ ਨੂੰ ਹੋਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ੧੩ ਪ੍ਰਾਣੀਆਂ ਨੇ ਖੰਡੇ-ਬਾਟੇ ਦੀ ਪਾਹੁਲ ਹਾਸਲ ਕੀਤੀ। ਪੰਜ ਪਿਆਰੇ ਸਾਹਿਬਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੋਂ ਪੁੱਜੇ। ਅੰਮ੍ਰਿਤ ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ।

## ਸਿੱਖ ਮਿਸ਼ਨ ਹਰਿਆਣਾ ਵੱਲੋਂ ਅੰਮ੍ਰਿਤ-ਸੰਚਾਰ

ਇੰਚਾਰਜ ਸਿੱਖ ਮਿਸ਼ਨ ਹਰਿਆਣਾ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ.ਪ੍ਰ. ਕਮੇਟੀ) ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਗੁਰਦੁਆਰਾ ਸਾਹਿਬ ਬਾਬਾ ਬੁੱਢਾ ਜੀ, ਦਰੜ (ਕਰਨਾਲ) ਵਿਖੇ ੨੩ ਅਕਤੂਬਰ, ੨੦੧੬ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਜਿਸ ਵਿਚ ੧੯ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ। ਅੰਮ੍ਰਿਤ ਅਭਿਲਾਖੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਗਏ। ■

ਹਿਸਾਬ-ਕਿਤਾਬ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

## ਚਿੱਠਾ ਆਮਦਨ/ਖਰਚ ਧਰਮ ਪ੍ਰਚਾਰ ਕਮੇਟੀ, ਮਹੀਨਾ ਨਵੰਬਰ ੨੦੧੬

| ਸੀ: ਨੰ: | ਨਾਮ ਖਾਤਾ | ਪੰਨਾ | ਨਾਮ | ਜਮ੍ਹਾਂ |
|---|---|---|---|---|
| ੧ | ਧਾਰਮਿਕ ਫੰਡ ੮੫ | ੧੬ | | ੨੩੬੯੧੪੭੫.੦੦ |
| ੨ | ਧਾਰਮਿਕ ਫੰਡ ੮੭ | ੪੫ | | ੧੬੭੦੦੦.੦੦ |
| ੩ | ਪ੍ਰਚਾਰ ਸਹਾਇਤਾ | ੭੪ | | ੨੦੭੮੬੯.੦੦ |
| ੪ | ਲਿਟਰੇਚਰ ਭੇਟਾ ਰਹਿਤ ਡਾਇਰੀਆਂ, ਕੈਲੰਡਰ, ਸੇਵਾਫਲ ਖਰੜੇ ਆਦਿ (ਛਪਾਈ ਤੇ ਖ੍ਰੀਦ) | ੯੫ | ੪੨੨੨੫੨.੦੦ | |
| ੫ | ਲਿਟਰੇਚਰ ਫੁਟਕਲ | ੧੦੪ | ੫੮੨੫.੦੦ | |
| ੬ | ਧਾਰਮਿਕ ਪ੍ਰੀਖਿਆ ਵਜੀਫੇ | ੧੩੦ | ੧੪੫੮੮੧੦.੦੦ | ੫੨੮੩੦.੦੦ |
| ੭ | ਪੱਤਰ-ਵਿਹਾਰ ਕੋਰਸ ਤੇ ਖੋਜ ਕੇਂਦਰ | ੧੭੯ | ੫੦੮੧੩੮.੦੦ | ੧੧੯੨੦੦.੦੦ |
| ੮ | ਧਰਮ ਤੇ ਅੰਮ੍ਰਿਤ ਪ੍ਰਚਾਰ | ੨੦੧ | ੩੬੨੩੯੬.੦੦ | |
| ੯ | ਗੁਰਮਤਿ ਪ੍ਰਕਾਸ਼ (ਪੰਜਾਬੀ ਮਾਸਿਕ ਪੱਤਰ) | ੨੩੯ | ੫੭੧੪੮੬.੦੦ | ੧੧੮੬੨੦.੦੦ |
| ੧੦ | ਗੁਰਮਤਿ ਗਿਆਨ ਹਿੰਦੀ | ੨੭੯ | ੨੪੩੯੦੯.੦੦ | ੧੧੫੦੦.੦੦ |
| ੧੧ | ਸਟੇਸ਼ਨਰੀ ਛਪਾਈ | ੨੯੨ | ੯੦੦.੦੦ | |
| ੧੨ | ਤਨਖਾਹ ਸਟਾਫ ਦਫਤਰ | ੨੯੮ | ੩੮੩੨੩੬੬.੦੦ | |
| ੧੩ | ਤਨਖਾਹ ਸਟਾਫ ਲਿਟਰੇਚਰ ਅਤੇ ਕਮਿਸ਼ਨ ਆਦਿ | ੩੦੭ | ੭੨੨੨੯੩.੦੦ | |
| ੧੪ | ਤਨਖਾਹ ਤੇ ਸਫਰ ਖਰਚ ਅਲਾਉਂਸ ਡਰਾਈਵਰਜ਼ | ੩੧੬ | ੭੮੯੦੩੨.੦੦ | |
| ੧੫ | ਤਨਖਾਹ ਧਾਰਮਿਕ ਟੀਚਰ | ੩੨੨ | ੬੫੬੨੭੫.੦੦ | |
| ੧੬ | ਡਾਕ ਤੇ ਤਾਰ ਖਰਚ | ੩੨੯ | ੬੨੭੪.੦੦ | |
| ੧੭ | ਫਿਲਮਾਂ ਰਾਹੀਂ ਪ੍ਰਚਾਰ (ਤਨਖਾਹ ਫਿਲਮ ਉਪਰੇ:, ਮੁੰਰ: ਤੇ ਸ:ਖ: ਆਦਿ) | ੩੪੬ | ੧੯੨੦੮੧.੦੦ | |
| ੧੮ | ਖਰਚ ਗੱਡੀਆਂ (ਤੇਲ ਤੇ ਮੁਰੰਮਤਾਂ) | ੩੬੯ | ੨੦੮੭੪੫.੦੦ | |
| ੧੯ | ਟੈਲੀਫੋਨ | ੩੯੧ | ੧੭੮੮੨.੦੦ | |
| ੨੦ | ਮੁਰੰਮਤ ਸਮਾਨ ਦਫਤਰ | ੪੦੬ | ੨੭੦.੦੦ | |
| ੨੧ | ਐਂਟਰਟੇਨਮੈਂਟ | ੪੧੬ | ੧੩੭੨੧.੦੦ | |
| ੨੨ | ਸਫਰ ਖਰਚ ਮੁਲਾਜਮਾਂ | ੪੩੯ | ੧੬੪੬੨.੦੦ | |
| ੨੩ | ਫੁਟਕਲ ਦਫਤਰ ਤੇ ਰੋਸ਼ਨੀ | ੪੫੪ | ੭੪੯੩.੦੦ | |

| | | | |
|---|---|---|---|
| ੨੪ ਬੀਮਾਂ ਗੱਡੀਆਂ ਤੇ ਕੈਸ਼ | ੪੭੬ | ੫੯੪੭੫.੦੦ | |
| ੨੫ ਸ਼ਤਾਬਦੀਆਂ ਸਮਾਰੋਹ | ੫੫੭ | ੨੪੧੧੫੯੬.੦੦ | ੧੬੭੦.੦੦ |
| ੨੬ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਅਤੇ ਸੰਤ ਫਤਹਿ ਸਿੰਘ ਸੰਤ ਚੰਨਣ ਸਿੰਘ ਬੁੱਢਾ ਜੌਹੜ | ੫੮੬ | ੮੧੩੬੭੪.੦੦ | ੩੩੭੩੧.੦੦ |
| ੨੭ ਗੁਰੂ ਕਾਸ਼ੀ ਗੁ: ਇੰਸ: ਤਲਵੰਡੀ ਸਾਬੋ ਕੀ (ਬਠਿੰਡਾ) | ੬੦੦ | ੩੮੫੫੭੮.੦੦ | ੭੫੭੪.੦੦ |
| ੨੮ ਭਾਈ ਗੁਰਦਾਸ ਵਿਦਿਆਲਾ ਜੁਬਲੀ ਧਰਮਸ਼ਾਲਾ ਫਿਰੋਜਪੁਰ | ੬੧੩ | ੯੭੪੯੪.੦੦ | ੨੦੦੦.੦੦ |
| ੨੯ ਗੁਰਮਤਿ ਸੰਗੀਤ ਅਕੈਡਮੀ (ਸ੍ਰੀ ਅਨੰਦਪੁਰ ਸਾਹਿਬ) | ੬੨੩ | ੧੦੨੯੫੪.੦੦ | |
| ੩੦ ਗੁਰ:ਸੰਗੀਤ ਵਿਦਿਆਲੇ: (ਬਾਦੀਆਂ, ਮੁਕਤਸਰ ਸਾਹਿਬ, ਭੂਰਾ ਕੋਹਨਾ, ਕਾਲਾਮਾਲਾ ਸੰਗਰੂਰ) ਤਨ:, ਸ:ਖ: ਤੇ ਫੁਟ:ਆਦਿ | ੬੩੬ | ੩੭੬੯੮੭.੦੦ | |
| ੩੧ ਗੁਰਮਤਿ ਕਾਲਜ (ਸੁਲਤਾਨਪੁਰ ਲੋਧੀ, ਬਾਬਾ ਦੀਪ ਸਿੰਘ ਬਰਨਾਲਾ ਤੇ ਡੇਰਾ ਬਾਬਾ ਨਾਨਕ ,ਭਾਈ ਗੁਰਦਾਸ ਵਿਦਿ:ਆਲਮਗੀਰ) ਤਨਖਾਹਾਂ, ਸਫਰ ਖਰਚ ਤੇ ਫੁਟਕਲ ਆਦਿ | ੬੫੭ | ੫੧੪੮੫੮.੦੦ | ੧੨੦੦੦.੦੦ |
| ੩੨ ਬੇਬੇ ਨਾਨਕੀ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅੰਮ੍ਰਿਤਸਰ | ੬੭੨ | ੪੩੯੪੪.੦੦ | |
| ੩੩ ਜਥੇ:ਗੁਰਚਰਨ ਸਿੰਘ ਟੌਹੜਾ ਇੰਸੀ:ਆਫ ਐਡਵਾਂਸ ਸਿੱਖ ਸਟੱਡੀਜ, (ਤਨਖਾਹਾਂ, ਆਨਰੇਰੀਅਮ ਤੇ ਫੁਟਕਲ ਆਦਿ) | ੬੮੪ | ੬੨੫੦੩੬.੦੦ | |
| ੩੪ ਤਨਖਾਹ ਪ੍ਰਚਾਰਕ, ਢਾਡੀ ਤੇ ਕਵੀਸ਼ਰ ਸਾਹਿਬਾਨ ਪੰਜਾਬ ਪ੍ਰਚਾਰ | ੭੦੫ | ੪੯੪੧੫੭੯.੦੦ | ੧੬.੦੦ |
| ੩੫ ਸਫਰ ਖਰਚ ਪ੍ਰਚਾਰਕ, ਢਾਡੀ ਤੇ ਕਵੀਸ਼ਰ ਸਾਹਿਬਾਨ ਪੰਜਾਬ ਪ੍ਰਚਾਰ | ੭੨੨ | ੨੬੩੯੫੫.੦੦ | ੧੭੮੫.੦੦ |
| ੩੬ ਦੀਵਾਨ ਮੇਲੇ ਤੇ ਕੈਂਪਸ ਪੰਜਾਬ ਪ੍ਰਚਾਰ, ਨਸ਼ਾ ਮੁਕਤੀ ਮੁਹਿੰਮ ਅਤੇ ਗੁਰਮਤਿ ਦਸਤਾਰ ਸਮਾਗਮ | ੭੫੦ | ੫੫੨੬੨੬.੦੦ | |
| ੩੭ ਸਟਾਕ ਲਿਟਰੇਚਰ, ਡਾਇਰੀ, ਕੈਲੰਡਰ ਆਦਿ (ਛਪਾਈ) ਪੂੰਜੀਗਤ ਖਰਚੇ | ੭੭੬ | ੫੫੮੩੯੪.੦੦ | ੩੩੧੦੧੪.੦੦ |
| ੩੮ ਨਵੀਆਂ ਫਿਲਮਾਂ ਤੇ ਪ੍ਰੋਜੈਕਟਰਜ਼ ਆਦਿ | ੮੦੧ | ੮੯੦੦.੦੦ | |
| ੩੯ ਨਵੀਆਂ ਗੱਡੀਆਂ | ੮੦੮ | ੫੦੫੮੭.੦੦ | ੪੪੫੦੦੦.੦੦ |
| ੪੦ ਇਮਾਰਤ ਗੁ: ਇੰਸ: ਤਲਵੰਡੀ ਸਾਬੋ ਕੀ (ਬਠਿੰਡਾ) | ੮੨੬ | ੪੨੦੦੩੦.੦੦ | |
| ੪੧ ਇਮਾਰਤ ਜਥੇ:ਗੁਰਚਰਨ ਸਿੰਘ ਟੌਹੜਾ ਇੰਸੀ: ਬਹਾਦਰਗੜ੍ਹ ਪਟਿਆਲਾ (ਸੀਮਿੰਟ) | ੮੪੦ | ੨੪੬੦੦੦.੦੦ | |

| | | | |
|---|---|---|---|
| ੪੨ ਇਮਾਰਤ ਜਥੇ:ਗੁਰਚਰਨ ਸਿੰਘ ਟੌਹੜਾ ਇੰਸੀ: ਬਹਾਦਰਗੜ੍ਹ ਪਟਿਆਲਾ (ਠੇਕੇਦਾਰਾਂ) | ੮੪੨ | ੨੦੦੦.੦੦ | |
| ੪੩ ਇਮਾਰਤ ਉਤਰਾਂਚਲ ਸਿੱਖ ਮਿਸ਼ਨ (ਕਾਸ਼ੀਪੁਰ) (ਠੇਕੇਦਾਰ) | ੮੫੭ | ੧੨੧੦੬੪.੦੦ | |
| ੪੪ ਸਮਾਨ ਦਫਤਰ ਧਰਮ ਪ੍ਰਚਾਰ | ੮੮੮ | ੬੪੬੦੦.੦੦ | |
| ੪੫ ਸਮਾਨ ਦਫਤਰ ਛੱਤੀਗੜ੍ਹ ਮਿਸ਼ਨ | ੮੯੩ | ੨੪੭੫੯੦.੦੦ | |
| ੪੬ ਸਮਾਨ ਦਫਤਰ ਗੁਰੂ ਨਾਨਕ ਦੇਵ ਗੁ:ਵਿਦਿ: ਛੱਤੀਗੜ੍ਹ | ੮੯੪ | ੬੦੦੪੦.੦੦ | |
| ੪੭ ਸਮਾਨ ਜਥੇ:ਗੁਰਚਰਨ ਸਿੰਘ ਟੌਹੜਾ ਇੰਸੀ: ਬਹਾਦਰਗੜ੍ਹ ਪਟਿਆਲਾ | ੯੦੩ | ੩੩੩੫੩੨.੦੦ | |
| ੪੮ ਸਮਾਨ ਦਫਤਰ ਯੂ.ਪੀ, ਮੱਧ ਪ੍ਰਦੇਸ਼., ਦਿੱਲੀ ਅਤੇ ਸਿੱਖ ਮਿਸ਼ਨ ਹਾਪੁੜ | ੯੦੭ | ੩੫੫੩੮.੦੦ | |
| ੪੯ ਸਮਾਨ ਗੁਰਮਤਿ ਸੰ: ਵਿਦਿਆਲਾ ਆਲਮਗੀਰ | ੯੨੩ | | ੧੪੭੦੦.੦੦ |
| ੫੦ ਕਿਤਾਬਾਂ ਜਥੇ:ਗੁਰਚਰਨ ਸਿੰਘ ਟੌਹੜਾ ਇੰਸਟੀ: ਬਹਾਦਰਗੜ੍ਹ, ਪਟਿਆਲਾ | ੯੨੬ | ੪੨੯੩੦.੦੦ | |
| ੫੧ ਕਰਜਾ ਗੋਲਡਨ ਆਫਸਟ ਪ੍ਰੈਸ ਰਾਮਸਰ | ੯੩੪ | | ੨੦੦੦੦੦.੦੦ |
| ੫੨ ਇਮਾਰਤ ਗੁ:ਪ੍ਰਬੰਧਕ ਕਮੇਟੀ ਪੰਜਾਬੀ ਕਾਲੋਨੀ ਬੜ੍ਹਾਂ ਬਜਾਰ ਸਿਲਾਗ ਮੇਘਾਲਿਆ | ੯੪੭ | ੨੮੯੮੦੦.੦੦ | |
| ੫੩ ਤਨਖਾਹ ਤੇ ਸਫਰ ਖਰਚ ਸਟਾਫ਼ ਹਰਿਆਣਾ ਸਿੱਖ ਮਿਸ਼ਨ, ਕੁਰੂਕਸ਼ੇਤਰ | ੧੦੦੪ | ੪੦੬੪੭੪.੦੦ | |
| ੫੪ ਗੁਰ:ਵਿਦਿਆਲਾ ਸ਼ੇਖੂਪੁਰਾ ਮੰਚੂਰੀ,ਕਰਨਾਲ ਤਨ:, ਵਜੀ:,ਸ:ਖਰਚ ਤੇ ਫੁਟ: | ੧੦੩੯ | ੧੩੪੩੦੪.੦੦ | |
| ੫੫ ਤਨਖਾਹ ਤੇ ਸਫ਼ਰ ਖਰਚ ਸਟਾਫ਼ (ਰੋਸ਼ਨੀ, ਬਿੱਲ ਅਤੇ ਫੁਟਕਲ ਆਦਿ) ਹਿਮਾਚਲ ਪ੍ਰਦੇਸ਼ ਸਿੱਖ ਮਿਸ਼ਨ (ਗੁ: ਪਲਾਹ ਸਾਹਿਬ, (ਊਨਾ) | ੧੦੪੯ | ੧੨੦੭੪੬.੦੦ | |
| ੫੬ ਤਨਖਾਹ ਤੇ ਸਫ਼ਰ ਖਰਚ ਸਟਾਫ਼ (ਰੋਸ਼ਨੀ, ਬਿੱਲ ਅਤੇ ਫੁਟਕਲ ਆਦਿ) ਰਾਜਿਸਥਾਨ ਸਿੱਖ ਮਿਸ਼ਨ (ਬੁੱਢਾ ਜੌਹੜ) | ੧੦੫੯ | ੩੯੨੬੩.੦੦ | |
| ੫੭ ਤਨ:ਸਫਰ ਖਰਚ ਸਟਾਫ਼ ਯੂ:ਪੀ:, ਦਿੱਲੀ ਅਤੇ ਮੱਧ ਪ੍ਰਦੇਸ਼ ਮਿਸ਼ਨ | ੧੦੭੧ | ੧੦੪੦੯੪੩.੦੦ | |

| | | | |
|---|---|---|---|
| ੫੮ ਦੀਵਾਨ, ਮੇਲੇ, ਕੈਂਪਸ, ਫਿਲਮਾਂ ਰਾਹੀਂ ਪ੍ਰਚਾਰ ਅਤੇ ਗੁਰਮਤਿ ਦਸਤਾਰ ਸਮਾਗਮ,ਖਰਚ ਗੱਡੀਆਂ ਯੂ:ਪੀ:, ਦਿੱਲੀ ਅਤੇ ਮੱਧ ਪ੍ਰਦੇਸ਼ ਸਿੱਖ ਮਿਸ਼ਨ | ੧੦੮੨ | ੧੩੬੫੮੯.੦੦ | |
| ੫੯ ਟੈਕਸਿਸ ਹਾਊਸ ਤੇ ਪਾਣੀ ਅਤੇ ਬਿੱਲ ਬਿਜਲੀ ਮੁਰੰਮਤ ਸਮਾਨ ਯੂ:ਪੀ:, ਦਿੱਲੀ ਅਤੇ ਮੱਧ ਪ੍ਰਦੇਸ਼ ਸਿੱਖ ਮਿਸ਼ਨ | ੧੦੯੬ | ੩੩੭੪੮.੦੦ | |
| ੬੦ ਫੁਟਕਲ ਦਫ਼ਤਰ ਯੂ:ਪੀ:, ਦਿੱਲੀ ਅਤੇ ਮੱਧ ਪ੍ਰਦੇਸ਼ ਸਿੱਖ ਮਿਸ਼ਨ | ੧੧੦੩ | ੧੯੪੦੦.੦੦ | |
| ੬੧ ਸ੍ਰੀ ਗੁਰੂ ਰਾਮ ਦਾਸ ਜੀ ਗੁਰਮਤਿ ਵਿਦਿਆਲਾ ਸ਼ਾਹਜਹਾਨਪੁਰ ਯੂ.ਪੀ | ੧੧੧੧ | ੯੧੬੨੬.੦੦ | |
| ੬੨ ਗੁਰਦੁਆਰਾ ਗੁਰੂ ਨਾਨਕ ਦਰਬਾਰ ਯੂ:ਪੀ: | ੧੧੨੨ | ੬੪੮੫੦.੦੦ | |
| ੬੩ ਗੁਰ: ਸਾਹਿਬਾਨ ਨੱਕਾ ਕੂਆਂ, ਸੰਤ ਸਭਾ ਨਗੀਨਾ, ਬ੍ਰਿੰਦਾਬਨ,ਗੜ੍ਹਮੁਕਤੇਸਰ ਯੂ:ਪੀ: | ੧੧੩੦ | ੩੭੨੫੧.੦੦ | |
| ੬੪ ਸੰਗੀਤ ਵਿਦਿਆਲਾ ਬਗੜੀ ਗਜਰੋਲਾ ਯੂ:ਪੀ: | ੧੧੩੬ | ੪੩੨੧.੦੦ | |
| ੬੫ ਤਨਖਾਹ ਤੇ ਸਫ਼ਰ ਖ਼ਰਚ ਸਟਾਫ਼ ਪੂਰਬੀ ਭਾਰਤ ਸਿੱਖ ਮਿਸ਼ਨ (ਕਲਕੱਤਾ) ਅਤੇ ਉੜੀਸਾ ਮਿਸ਼ਨ (ਬਿੱਲ ਫੁਟਕਲ ਆਦਿ) ਅਹਿਮਦਾਬਾਦ, ਗੁਜਰਾਤ | ੧੧੫੩ | ੩੨੦੨੧.੦੦ | |
| ੬੬ ਤਨ: ਤੇ ਸਫ਼ਰ ਖ਼ਰਚ ਸਟਾਫ਼ ਛਤੀਸਗੜ੍ਹ ਸਿੱਖ ਮਿਸ਼ਨ ਬਿੱਲ ਫੁਟਕਲ ਆਦਿ | ੧੧੬੫ | ੧੩੫੧੯੪.੦੦ | |
| ੬੭ ਗੁਰੂ ਨਾਨਕ ਦੇਵ ਗੁ:ਵਿਦਿ: ਛਤੀਸਗੜ੍ਹ ਮਿਸ਼ਨ (ਤਨ: ਸਫਰ ਖਰਚ ਅਤੇ ਬਿੱਲ ਆਦਿ) | ੧੧੭੯ | ੨੨੭੦੬੦.੦੦ | ੩੧੬੯੬.੦੦ |
| ੬੮ ਤਨਖਾਹ ਤੇ ਸਫ਼ਰ ਖ਼ਰਚ ਸਟਾਫ਼ ਜੰਮੂ-ਕਸ਼ਮੀਰ ਸਿੱਖ ਮਿਸ਼ਨ | ੧੧੯੧ | ੧੨੭੪੬੭.੦੦ | |
| ੬੯ ਦੀਵਾਨ, ਮੇਲੇ, ਕੈਂਪਸ ਤੇ ਫਿਲਮਾਂ ਰਾਹੀਂ ਪ੍ਰਚਾਰ, ਗੁਰਮਤਿ ਦਸਤਾਰ ਸਮਾਗਮ ਜੰਮੂ-ਕਸ਼ਮੀਰ ਸਿੱਖ ਮਿਸ਼ਨ | ੧੨੦੧ | ੧੦੭੦੦.੦੦ | |
| ੭੦ ਫੁਟਕਲ ਦਫ਼ਤਰ ਲੰਗਰ (ਆਉ ਭਗਤ) ਜੰਮੂ-ਕਸ਼ਮੀਰ ਸਿੱਖ ਮਿਸ਼ਨ | ੧੨੦੬ | ੩੪੬੪.੦੦ | |
| ੭੧ ਤਨਖਾਹ ਤੇ ਸਫ਼ਰ ਖ਼ਰਚ ਸਟਾਫ਼ ਉਤਰਾਂਚਲ ਸਿੱਖ ਮਿਸ਼ਨ, ਫੁਟਕਲ ਆਦਿ (ਕਾਸ਼ੀਪੁਰ) | ੧੨੧੪ | ੩੪੨੮੨੬.੦੦ | ੫੬੦.੦੦ |
| ੭੨ ਤਨਖਾਹ, ਸਫਰ ਖਰਚ ਆਦਿ ਸਿੱਖ ਮਿਸ਼ਨ ਨੇਪਾਲ | ੧੨੩੦ | ੨੫੫੫੦.੦੦ | |

| | | | |
|---|---|---|---|
| ੭੩ ਸਹਾਇਤਾ ਲਾਇਬ੍ਰੇਰੀਆਂ ਲਿਟਰੇਚਰ ਆਦਿ | ੧੨੩੯ | ੧੧੮੭੩੯.੦੦ | |
| ੭੪ ਸਹਾਇਤਾ ਗੁਰਦੁਆਰਾ ਸਾਹਿਬਾਨ | ੧੨੬੩ | ੬੨੩੭੩.੦੦ | |
| ੭੫ ਸਹਾਇਤਾ ਗੁਰੂ ਕਾਸ਼ੀ ਕਾਲਜ ਆਫ ਸਿੱਖ ਸਟੱਡੀਜ ਤਲਵੰਡੀ ਸਾਬੋ ਕੀ (ਬਠਿੰਡਾ) | ੧੨੭੭ | ੫੪੯੭.੦੦ | |
| ੭੬ ਸਹਾਇਤਾ ਧਾਰਮਿਕ ਵਿਦਿਆ ਸਕੂਲਾਂ/ਕਾਲਜਾਂ | ੧੨੯੯ | ੩੦੦੦.੦੦ | |
| ੭੭ ਸਹਾਇਤਾ ਧਰਮ ਪ੍ਰਚਾਰ ਵਿਦਿਆਰਥੀ ਖੇਤਰ ਅਤੇ ਸਿੱਖ ਸ਼ਸਤਰ ਵਿਦਿਆ (ਗਤਕਾ) | ੧੩੨੦ | ੭੩੭੬੬.੦੦ | |
| ੭੮ ਸਹਾਇਤਾ ੪੦੦ ਸਾਲਾ ਮੈਮੋ: ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ | ੧੩੪੧ | ੧੦੦੦੦੦੦੦.੦੦ | |
| ੭੯ ਸਹਾਇਤਾ ਸਿਕਲੀਗਰ ਤੇ ਵਣਜਾਰੇ ਸਿੱਖਾਂ | ੧੩੪੬ | ੨੨੦੦੦੦.੦੦ | |
| ੮੦ ਸਹਾਇਤਾ ਕੁਦਰਤੀ ਆਫਤਾਂ, ਕੈਂਸਰ ਰਲੀਫ ਫੰਡ (ਸ਼੍ਰੋ:ਗੁ:ਪ੍ਰ:ਕਮੇਟੀ ਨੂੰ) | ੧੩੬੦ | | ੯੯੮੦੦੯.੦੦ |
| ੮੧ ਸਹਾਇਤਾ ਯਾਦਗਾਰੀ ਪ੍ਰੋਜੈਕਟ ਤੇ ਇਤਿਹਾਸਕ ਇਮਾਰਤਾਂ | ੧੩੬੯ | ੭੩੮੦੦.੦੦ | |
| ੮੨ ਸਹਾਇਤਾ ਧਾਰਮਿਕ, ਪੰਥਕ ਤੇ ਸਮਾਜ ਸੇਵੀ ਸੰਸਥਾਵਾਂ, ਪਿੰਡਾਂ ਦੇ ਗ੍ਰੰਥੀ ਸਿੰਘਾਂ ਰਾਹੀਂ ਪ੍ਰਚਾਰ, ਪੰਥਕ ਵਿਦਵਾਨਾਂ ਨੂੰ ਸਨਮਾਨਤ | ੧੩੭੭ | ੧੦੦੦੦੦.੦੦ | |
| ੮੩ ਸਹਾਇਤਾ ਮੁਫਤ ਵਿਦਿਆ ਅੰਮ੍ਰਿਤਧਾਰੀ ਵਿਦਿਆਰਥੀ (ਸ਼੍ਰੋ:ਗੁ:ਪ੍ਰ:ਕਮੇਟੀ ਨੂੰ) | ੧੩੮੭ | ੯੫੬੦੦੦.੦੦ | |
| ੮੪ ਆਮਦਨ ਕਰ | ੧੪੪੦ | ੨੪੪੫੫੫.੦੦ | ੨੫੩੨੮੫.੦੦ |
| ੮੫ ਟੀ.ਡੀ.ਐਸ. (ਅਦਾਇਗੀ ਯੋਗ) | ੧੪੬੦ | ੪੮੮੪੦.੦੦ | ੧੨੩੧੪੮.੦੦ |
| ੮੬ ਸੇਲ ਟੈਕਸ | ੧੪੭੪ | ੩੬੧੭੦.੦੦ | |
| ੮੭ ਸਹਾਇਤਾ ਭਾਈ ਨਗਾਈਆ ਜੀ ਪਬਲਿਕ ਸਕੂਲ ਫਾਰ ਡੈੱਫ ਆਲਮਗੀਰ ਲੁਧਿਆਣਾ | ੧੪੮੩ | ੧੨੩੨੩.੦੦ | |
| ੮੮ ਸਹਾਇਤਾ ਬੀਬੀ ਭਾਨੀ ਕੰਨਿਆ ਨੇਤਰਹੀਣ ਵਿਦਿ: ਸੰਨ ਸਾਹਿਬ ਛੇਹਰਟਾ ਰੋਡ ਸ੍ਰੀ ਅੰਮ੍ਰਿਤਸਰ | ੧੪੮੫ | ੨੫੦੦੦.੦੦ | |
| ੮੯ ਅਣਦਿੱਤੀ ਤਨਖਾਹ | ੧੫੦੭ | ੨੩੪੨੨.੦੦ | ੨੬੪੬੫.੦੦ |
| ੯੦ ਅਣਦਿੱਤੇ ਬਿਲਜ਼ | ੧੫੨੧ | ੧੫੦੦.੦੦ | |
| ੯੧ ਅਣਦਿੱਤੇ ਬਿਲਜ਼ ਸ਼੍ਰੋਮਣੀ ਕਮੇਟੀ (ਗੁਰਬਾਣੀ ਤੇ ਗੁਰਮਤਿ ਲਿਟ: ਫੰਡ) | ੧੫੩੭ | | ੪੧੧੭੯.੦੦ |

| | | | |
|---|---|---|---|
| ੯੨ ਅਮਾਨਤ ਕਿਰਾਇਆ ਤੇ ਬਿਜਲੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ | ੧੫੫੩ | | ੮੦੨੮੯.੦੦ |
| ੯੩ ਅਮਾਨਤ ਕਿਰਾਇਆ ਗੁ:ਸ੍ਰੀ ਫਤਹਿਗੜ੍ਹ ਸਾਹਿਬ | ੧੫੭੨ | | ੧੭੦੦.੦੦ |
| ੯੪ ਅਮਾਨਤ ਕਿਰਾਇਆ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਬਠਿੰਡਾ | ੧੫੭੮ | | ੮੭੭੬.੦੦ |
| ੯੫ ਅਮਾਨਤ ਮੁਲਾਜਮਾਂ | ੧੬੦੯ | ੨੦੫੭੭੪.੦੦ | ੧੫੮੯੬੪.੦੦ |
| ੯੬ ਅਮਾਨਤ ਸ਼੍ਰੋਮਣੀ ਕਮੇਟੀ | ੧੬੩੦ | ੨੭੨੮੧.੦੦ | ੨੭੨੮੧.੦੦ |
| ੯੭ ਪੇਸ਼ਗੀ ਜਨਰਲ | ੧੬੮੭ | ੧੦੦੩੪੦੦੫.੦੦ | ੩੬੧੭੦੭੯.੦੦ |
| ੯੮ ਪੇਸ਼ਗੀ ਹਥਿਆਰ | ੧੭੨੨ | | ੧੪੦੦.੦੦ |
| ੯੯ ਪੇਸ਼ਗੀ ਤਨਖਾਹ | ੧੭੫੭ | ੧੪੪੭੯੩੪.੦੦ | ੬੫੭੪੩੪.੦੦ |
| ੧੦੦ ਕਿਰਾ: ਦੁਕਾਨਾ ਤੇ ਫਲੈਟਸ, ਯੂ.ਪੀ. ਸਿੱਖ ਮਿਸ਼ਨ | ੧੭੯੮ | | ੧੯੪੨੨.੦੦ |
| ੧੦੧ ਅਮਾਨਤ ਠੇਕੇਦਾਰਾਂ ( ਐਲੀਵੇਸ਼ਨ) | ੧੮੧੫ | | ੪੮੫੦.੦੦ |
| ੧੦੨ ਅਮਾਨਤ ਕਿਰਾਇਆ ਸ੍ਰੀ ਦੂਖ ਨਿਵਾਰਨ ਸਾਹਿਬ (ਗੁ: ਸ੍ਰੀ ਮੋਤੀ ਬਾਗ) ਪਟਿਆਲਾ | ੧੮੨੧ | | ੫੮੦.੦੦ |
| ੧੦੩ ਅਮਾਨਤ ਕਿਰਾਇਆ ਤਖ਼ਤ ਸ੍ਰੀ ਕੇਸਗੜ ਸਾਹਿਬ ਸ੍ਰੀ ਅਨੰਦਪੁਰ | ੧੮੨੩ | | ੧੧੯੦.੦੦ |
| ੧੦੪ ਅਮਾਨਤ ਕਿਰਾਇਆ ਗੁ:ਸ੍ਰੀ ਲੱਧੇਵਾਲ ਸਾਹਿਬ | ੧੮੨੬ | | ੪੨੦.੦੦ |
| ੧੦੫ ਅਮਾਨਤ ਮੁਲਾਜਮ ਭਲਾਈ ਪ੍ਰਚਾਰਕ ਸਾਹਿਬਾਨ | ੧੮੨੮ | ੯੫੦੦੦.੦੦ | ੩੬੫੦੦.੦੦ |
| ੧੦੬ ਪ੍ਰੋ: ਫੰਡ ਸਟਾਫ਼ | ੨੦੧੬ | ੧੮੯੫੬੨੮.੦੦ | ੧੮੯੫੬੨੮.੦੦ |
| ੧੦੭ ਕਰਜਾ ਪ੍ਰੋ: ਫੰਡ | ੨੦੩੭ | ੧੩੭੯੭੦.੦੦ | ੧੩੭੯੭੦.੦੦ |
| ੧੦੮ S.B A/c No.੬੫੦੩੮੬੦੦੪੯੦ SBP, ਬਾਗ ਜਲ੍ਹਿਆਂਵਾਲਾ, ਅੰਮ੍ਰਿਤਸਰ | ੨੦੭੧ | ੯੭੧੭੦੭੬.੦੦ | ੧੨੧੧੯੩੯੬.੦੦ |
| ੧੦੯ S.B A/c No.੦੦੯੭੬੦੦੦/੦੦੦੭੦੧੨੭ PNB, ਬਾਗ ਜਲ੍ਹਿਆਂਵਾਲਾ, ਅੰਮ੍ਰਿਤਸਰ | ੨੧੦੪ | | ੨੯੩੩੯੫.੦੦ |
| ੧੧੦ S.B A/c No.੭੪੭੯੦੦੦/੦੦੦੦੮੭੩੨ PNB, ਸਰਾਂਏ, ਅੰਮ੍ਰਿਤਸਰ | ੨੧੨੫ | | ੫੩੭੬੫੯੩.੦੦ |
| ੧੧੧ S.B A/c No.੧੩੧੩੧੦੦੦੦੧੭੯੬੬ HDFC, ਗੋਲਡਨ ਟੈਂਪਲ, ਅੰਮ੍ਰਿਤਸਰ | ੨੧੪੬ | ੮੭੬੧੯੬੪.੦੦ | ੩੯੯੪੩੦੦.੦੦ |
| ੧੧੨ S.B A/c No.੨੪੮੦ PSB, ਸਰਾਂਏ ਅੰਮ੍ਰਿਤਸਰ | ੨੧੭੯ | ੧੮੬੬੨੦੦.੦੦ | ੬੪੪੦੮੯੫.੦੦ |

| | | | |
|---|---|---|---|
| ੧੧੩ S.B A/c No.੨੩੩ PSB, ਗੜ੍ਹ ਰੋਡ, ਹਾਪੁੜ (ਯੂ.ਪੀ) | ੨੨੨੪ | | ੩੦੦੦੦੦.੦੦ |
| ੧੧੪ S.B A/c No.੨੧੯੨੧ Induslnd Bank, ਮਾਲ ਰੋਡ, ਅੰਮ੍ਰਿਤਸਰ | ੨੨੬੪ | | ੨੦੦੦੦੦.੦੦ |
| ੧੧੫ S.B A/c No.੦੦੬੬੦੧੦੦੩੨੩੩ ICICI Bank, ਮਾਲ ਰੋਡ, ਅੰਮ੍ਰਿਤਸਰ | ੨੨੭੫ | ੫੦੦੦੦੦.੦੦ | ੪੨੦੦੦੦੦.੦੦ |
| ੧੧੬ S.B A/c No.੯੧੧੦੧੦੦੩੦੩੭੪੬੭੨ Axis Bank, ਕੋਰਟ ਰੋਡ, ਅੰਮ੍ਰਿਤਸਰ | ੨੨੮੨ | ੩੩੦੦੦੦੦.੦੦ | ੯੧੧੮੦੭੬.੫੦ |
| ੧੧੭ S.B A/c No.੦੮੧੧੬੫੫੬੪੨ ਕੋਟਿਕ ਮਹਿੰਦਰਾ ਬੈਂਕ ਮਾਲ ਰੋਡ | ੨੩੦੫ | ੫੦੦੦੦੦੦.੦੦ | ੫੯੩੦੫੧੭.੦੦ |
| ੧੧੮ ਸੂਦ ਬੈਂਕਾਂ | ੨੩੭੩ | | ੭੨੪੪੦.੦੦ |
| ੧੧੯ ਕਮਿਸ਼ਨ ਬੈਂਕਾਂ | ੨੩੮੨ | ੭੨੪੭੪.੫੦ | |
| ੧੨੦ ਜਮਾਨਤਾਂ ਜਨਰਲ ਤੇ ਠੇਕੇਦਾਰਾਂ | ੨੩੯੧ | | ੯੬੩੬.੦੦ |
| ੧੨੧ ਜਮਾਨਤ ਵਿਦਿਆਰਥੀਆਂ | ੨੪੧੦ | ੧੮੦੦੦.੦੦ | ੬੦੦੦.੦੦ |
| ੧੨੨ ਜਮਾਨਤਾਂ ਮੁਲਾਜਮਾਂ | ੨੪੩੦ | ੧੧੬੦੫.੦੦ | |
| ੧੨੩ ਸਿੱਕੇ ਚਾਂਦੀ | ੨੪੫੧ | | ੩੦੬੮.੦੦ |
| | **ਜੋੜ** | ੮੧੮੩੮੦੩੪.੫੦ | ੮੧੬੦੬੧੪੫.੫੦ |
| | **ਹੱਥ ਦੀ ਬਾਕੀ** | ੧੪੦੦੦੯੯.੦੦ | ੧੬੩੧੯੮੮.੦੦ |
| | **ਕੁਲ ਜੋੜ** | ੮੩੨੩੮੧੩੩.੫੦ | ੮੩੨੩੮੧੩੩.੫੦ |

ਸਹੀ/- ਸਹੀ/-

ਚੀਫ਼ ਅਕਾਊਂਟੈਂਟ, ਐਡੀ./ਸਕੱਤਰ,

ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

## ਚਿੱਠਾ ਆਮਦਨ/ਖਰਚ ਟਰੱਸਟ ਫੰਡਜ, ਮਹੀਨਾ ਸਤੰਬਰ ੨੦੧੬

| ਸੀ: ਨੰ: | ਨਾਮ ਖਾਤਾ | ਪੰਨਾ | ਨਾਮ | ਜਮ੍ਹਾਂ |
|---|---|---|---|---|
| | **ਜਨਰਲ ਲੈਜਰ ਨੰ:੧** | | | |
| | **ਸਿੱਖ ਇਤਿਹਾਸ ਖੋਜ ਫੰਡ** | | | |
| ੧ | ਵਸੂਲੀ ਦਫਾ ੮੫ ਦੇ ਗੁ:ਸਾਹਿਬਾਨ ਤੋਂ | ੨ | | ੨੩੫੦੦੦.੦੦ |
| ੨ | ਮਿਆਦੀ ਹਿਸਾਬ | ੧੧ | ੧੦੦੦੦੦੦੦.੦੦ | |
| ੩ | ਤਨਖਾਹ ਤੇ ਕਮਿਸ਼ਨ | ੨੦ | ੪੧੩੯੫੭.੦੦ | |
| ੪ | ਸਿੱਖ ਇਤਿ:ਦੀ ਖੋਜ ਲਿਖਾਈ ਛਪਾਈ ਤੇ ਹੋਰ ਪੁਰਾਤਨ ਗ੍ਰੰਥਾਂ ਦੀ ਛਪਾਈ ਆਦਿ | ੨੭ | ੧੦੩੦੧.੦੦ | |
| ੫ | ਸਿੱਖ ਰੈਫਰੈਸ ਲਾਇਬ੍ਰੇਰੀ ਲਈ ਨਵੀਆਂ ਤੇ ਪੁਰਾਤਨ ਪੁਸਤਕਾਂ ਦੀ ਪ੍ਰਾਪਤੀ | ੪੧ | ੨੩੬੬੬.੦੦ | |
| ੬ | ਸਫਰ ਖਰਚ ਫੁੱਟਕਲ | ੪੪ | ੨੪੯੯੫.੦੦ | |
| ੭ | ਕੰਪਿਊਟਰ ਸਿੱਖ ਇਤਿਹਾਸ | ੫੦ | ੯੬੫੦.੦੦ | |
| ੮ | ਟੈਲੀਫੂਨ | ੪੭ | ੧੯੬੦.੦੦ | |
| | **ਗੁ:ਤੇ ਗੁ:ਲਿਟਰੇਚਰ ਫੰਡ** | | | |
| ੯ | ਵਸੂਲੀ ਦਫਾ ੮੫ ਦੇ ਗੁਰਦੁਆਰਾ ਸਹਿਬਾਨ ਤੋਂ | ੫੫ | | ੬੪੪੮੦੦੦.੦੦ |
| ੧੦ | ਵਿਕਰੀ ਪੁਸਤਕਾਂ ਤੇ ਭੇਟਾ ਸ੍ਰੀ ਪਾਵਨ ਸਰੂਪ | ੬੬ | | ੫੧੮੪੧੬.੦੦ |
| ੧੧ | ਵਸੂਲਣ ਯੁਗ ਬਿੱਲ ਦੀਆ ਰਕਮਾ ਗੁਰਬਾਣੀ ਤੇ ਗੁ:ਲਿਟਰੇਚਰ | ੮੮ | | ੭੩੪੭੦੦.੦੦ |
| ੧੨ | ਮਿਆਦੀ ਹਿਸਾਬ | ੧੧੦ | ੧੫੦੦੦੦੦੦.੦੦ | |
| ੧੩ | ਸੂਦ | ੧੧੨ | | ੧੬੨੫੬੩੯.੦੦ |
| ੧੪ | ਤਨਖਾਹ ਤੇ ਕਮਿਸ਼ਨ | ੧੧੭ | ੪੨੬੮੮੭.੦੦ | |
| ੧੫ | ਛਪਾਈ ਗੁ:ਤੇ ਗੁ:ਲਿਟ:ਪਦਛੇਦ ਬੀੜ ਪੁਰਾਤਨ ਇਤਿਹਾਸ ਗ੍ਰੰਥ | ੧੪੨ | ੪੫੭੦੫੮.੦੦ | |
| ੧੬ | ਕਾਗਜ਼ | ੧੨੫ | ੧੧੯੩੨੫੮.੦੦ | |
| ੧੭ | ਜਿਲਦਬੰਦੀ | ੧੩੩ | ੬੩੧੯੨੨.੦੦ | ੬੦੦.੦੦ |
| ੧੮ | ਤਨਖਾਹ ਜਿਲਦਬੰਦੀ ਵਿਭਾਗ | ੧੪੫ | ੨੪੩੭੦੭.੦੦ | |

| | | | |
|---|---|---|---|
| ੧੯ ਦਰਸ਼ਨ ਭੇਟਾ | ੧੫੧ | ੯੭੦੦੦.੦੦ | |
| ੨੦ ਫੁੱਟਕਲ ਤੇ ਗੱਡੀ ਸ੍ਰੀ ਪਾਵਨ ਸਰੂਪ | ੧੫੯ | ੧੦੨੪੬੬.੦੦ | ੧੮੦੦੦.੦੦ |
| ੨੧ ਸਫਰ ਖਰਚ | ੧੭੦ | ੫੪੫੦.੦੦ | |
| **ਧਰਮ ਅਰਥ ਅਤੇ ਪੰਥਕ ਭਲਾਈ ਫੰਡ** | | | |
| ੨੨ ਵਸੂਲੀ ਦਫਾ ੮੫ ਦੇ ਗੁਰਦੁਆਰਾ ਸਹਿਬਾਨ ਤੋਂ | ੨੮੫ | | ੬੨੦੦੦.੦੦ |
| ੨੩ ਵਸੂਲੀ ਦਫਾ ੮੫ ਦੇ ਗੁਰਦੁਆਰਾ ਸਹਿਬਾਨ ਤੋਂ (ਪੰਥਕ ਭਲਾਈ ਫੰਡ) | ੨੯੬ | | ੧੭੨੦੦੦.੦੦ |
| ੨੪ ਸੂਦ | ੩੦੦ | | ੨੬੬੯੨੩.੮੨ |
| ੨੫ ਬੱਚਤ ਹਿਸਾਬ ਨੰ:੩੨੪੨੩ ਪੰਜਾਬ ਨੈਸ਼ਨਲ ਬੈਂਕ | ੧੩੨੧ | ੨੭੬੯੬੫੫.੦੦ | ੬੩੯੦੦੦੦.੦੦ |
| ੨੬ ਫੁੱਟਕਲ ਆਮਦਨ ਸੰਗਤਾਂ ਪਾਸੋਂ | ੩੩੭ | | ੫੫੬੩੪੪.੨੩ |
| ੨੭ ਪੰਥਕ ਭਲਾਈ ਫੰਡ (ਖਰਚ) | ੩੫੪ | ੫੨੫੦.੦੦ | |
| ੨੮ ਧਰਮ ਅਰਥ ਫੰਡ (ਖਰਚ) | ੩੮੧ | ੬੩੫੦੦੦.੦੦ | |
| **ਜਨਰਲ ਟ੍ਰਸਟ ਫੰਡ** | | | |
| ੨੯ ਬੱਚਤ ਹਿਸਾਬ ਨੰ:੩੨੪੧੪ ਪੰਜਾਬ ਨੈਸ਼ਨਲ ਬੈਂਕ | ੨੧੫ | ੬੩.੦੦ | |
| ੩੦ ਸੂਦ ਤੇ ਫੁੱਟਕਲ ਆਮਦਨ | ੨੧੮ | | ੬੩.੦੦ |
| **ਦਸਤਕਾਰੀ ਫੰਡ** | | | |
| ੩੧ ਬੱਚਤ ਹਿਸਾਬ ਨੰ:੩੨੪੩੨ ਪੰਜਾਬ ਨੈਸ਼ਨਲ ਬੈਂਕ | ੨੧੯ | ੫੧.੦੦ | |
| ੩੨ ਸੂਦ | ੨੨੧ | | ੫੧.੦੦ |
| **ਯਾਤਰਾ ਗੁ: ਸਾਹਿਬਾਨ ਪਾਕਿਸਤਾਨ** | | | |
| ੩੩ ਵੀਜ਼ਾ ਫੀਸ | ੨੫੨ | ੧੬੧੭੬੦.੦੦ | ੩੪੩੨੦੦.੦੦ |
| ੩੪ ਤਨਖਾਹ ਸਟਾਫ ਆਦਿ | ੨੬੩ | ੩੧੭੧੮੦.੦੦ | |
| ੩੫ ਖਰਚ ਗੁ: ਸਾਹਿਬਾਨ ਪਾਕਿਸਤਾਨ | ੨੬੯ | ੧੫੬੬੫.੦੦ | |
| ੩੬ ਬੱਚਤ ਹਿਸਾਬ ਨੰ:੩੨੩੮ ਪੰਜਾਬ ਨੈਸ਼ਨਲ ਬੈਂਕ | ੨੭੬ | ੨੧੧.੦੦ | |
| ੩੭ ਬੱਚਤ ਹਿਸਾਬ ਨੰ:੩੨੪੦੫ ਪੰਜਾਬ ਨੈਸ਼ਨਲ ਬੈਂਕ | ੨੭੭ | ੧੬੨.੦੦ | |
| ੩੮ ਸੂਦ | ੨੮੦ | | ੩੭੩.੦੦ |
| **ਭਾਈਚਾਰਕ ਸੁਧਾਰ ਫੰਡ** | | | |
| ੩੯ ਵਸੂਲੀ ਦਫਾ ੮੫ ਦੇ ਗੁਰਦੁਆਰਾ ਸਹਿਬਾਨ ਤੋਂ | ੧੮੩ | | ੪੭੦੦੦.੦੦ |
| ੪੦ ਬੱਚਤ ਹਿਸਾਬ ਨੰ:੩੨੩੭ ਪੰਜਾਬ ਨੈਸ਼ਨਲ ਬੈਂਕ | ੧੮੮ | ੨੧੩੩.੦੦ | |
| ੪੧ ਸੂਦ | ੧੮੯ | | ੨੧੩੩.੦੦ |
| ੪੨ ਤਨਖਾਹ ਸਟਾਫ ਆਦਿ | ੧੯੩ | ੧੬੧੦੫੮.੦੦ | |

| | | | |
|---|---|---|---|
| **ਸਸਪੈਂਸ ਗੁ:ਪਕਿਸਤਾਨ** | | | |
| ੪੩ ਬਚਤ ਹਿਸਾਬ ਨੰ:੩੨੩੯ ਪੰਜਾਬ ਨੈਸ਼ਨਲ ਬੈਂਕ | ੧੯੭ | ੮੨.੦੦ | |
| ੪੪ ਸੂਦ | ੨੦੦ | | ੮੨.੦੦ |
| **ਜਨਰਲ ਪ੍ਰੋ:ਫੰਡ** | | | |
| ੪੫ ਸੂਦ | ੨੦੧ | | ੮੪੦੯੭੯.੦੦ |
| **ਜਨਰਲ ਲੈਜਰ ਨੰ:੨** | | | |
| **ਅਮਾਨਤਾਂ** | | | |
| ੪੬ ਅਮਾਨਤ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ | ੫੦੪ | ੨੧੪੫੦੮.੦੦ | ੨੨੭੩੧.੦੦ |
| ੪੭ ਅਮਾਨਤ ਗੁਰਦੁਆਰੇ | ੫੨੫ | ੭੮੮੫੧.੦੦ | ੫੩੬੪੪.੦੦ |
| ੪੮ ਅਮਾਨਤ ਮੁਲਾਜਮਾਂ ਤੇ ਜਨਰਲ | ੫੩੭ | | ੧੯੨੬੮੬.੦੦ |
| ੪੯ ਅਮਾਨਤ ਐਲ.ਆਈ.ਸੀ. | ੫੪੫ | ੨੩੪੫੦.੦੦ | ੪੫੧੦.੦੦ |
| ੫੦ ਅਮਾਨਤ ਕਲਰਕਾਂ/ਸੇਵਾਦਾਰਾਂ (ਭਲਾਈ ਫੰਡ) | ੫੬੧ | ੩੧੦੧੮੨.੦੦ | ੯੬੪੫੦.੦੦ |
| ੫੧ ਲੈਣ ਦੇਣ ਜਨਰਲ ਬੋਰਡ ਫੰਡ | ੫੭੩ | | ੧੩੭੬੧੦੬੭.੦੮ |
| ੫੨ ਅਣਦਿਤੀ ਤਨਖਾਹ | ੫੮੯ | ੧੮੩੫੬.੦੦ | ੧੮੩੫੬.੦੦ |
| ੫੩ ਖਰਚ ਦਫਤਰ | ੫੯੩ | ੮੯੩੧੯੯.੦੦ | ੩੫੦੧੧੮.੦੦ |
| ੫੪ ਵਸੂਲਣਯੋਗ ਤਨਖਾਹ | ੬੫੮ | ੧੪੪੯੬੮.੦੦ | |
| **ਜਮਾਨਤਾਂ** | | | |
| ੫੫ ਜਮਾਨਤ ਮੁਲਾਜਮਾਂ | ੬੩੩ | ੧੭੭੨੪.੦੦ | ੨੪੨੫੦੦.੦੦ |
| ੫੬ ਮਿਆਦੀ ਹਿਸਾਬ ਜਮਾਨਤਾਂ | ੬੫੫ | | ੮੦੩੧੪.੮੭ |
| ੫੭ ਸੂਦ ਜਮਾਨਤਾਂ | ੬੬੩ | ੨੯੨੫੫.੩੪ | |
| ੫੮ ਜਮਾਨਤ ਠੇਕੇਦਾਰਾ | ੬੬੮ | ੨੦੪੦੦.੦੦ | ੨੧੬੯੩੩੩.੦੦ |
| ੫੯ ਪੇਸ਼ਗੀ ਜਨਰਲ | ੭੧੭ | ੭੯੪੪੭੩੦.੦੦ | ੬੬੩੨੭੮੨.੦੦ |
| ੬੦ ਪੇਸ਼ਗੀ ਤਨਖਾਹ | ੭੨੮ | ੧੯੧੫੦੦.੦੦ | ੧੪੪੦੦੦.੦੦ |
| ੬੧ ਬਚਤ ਹਿਸਾਬ ਨੰ:੨੧੨੨ ਪੰਜਾਬ ਐਂਡ ਸਿੰਧ ਬੈਂਕ ਨਿਵਾਸ | ੮੧੮ | ੧੯੭੨੭੦੭੦.੦੮ | ੩੮੭੧੭੭੬੯.੧੧ |
| ੬੨ ਬਚਤ ਹਿਸਾਬ ਨੰ:੧੩੧੩੧੦੦੦੦੯੪੬੭੦ ਬੈਂਕ ਆਫ ਪੰਜਾਬ ਲਿ:ਗੋਲਡਨ ਟੈਂਪਲ | ੯੮੯ | ੭੩੭੩੯੯੮.੦੦ | ੧੭੮੫੮੫੬.੦੦ |
| ੬੩ ਬਚਤ ਹਿਸਾਬ ਨੰ:੩੦੩੫੮ (ਪੀ.ਐਸ.ਬੀ. ਹਾਲ ਬਾਜ਼ਾਰ) | ੮੫੮ | ੧੨੨੫੯.੪੦ | |
| ੬੪ ਬੱਚਤ ਹਿਸਾਬ ਨੰ:੨ ਪੰਜਾਬ ਐਂਡ | | | |

| | | | | |
|---|---|---|---|---|
| | ਸਿੰਧ ਬੈਂਕ ਨਿਵਾਸ | ੮੮੪ | ੧੬੯੬੬੦੯੭.੩੦ | ੧੬੫੪੩੭੨.੦੮ |
| ੬੫ | ਆਨ ਲਾਈਨ ਡੋਨੇਸਨ ੦੨੬੩੧੭੭੦੦੦੦੦੧੩ | ੯੮੫ | ੪੦੦.੦੦ | |
| ੬੬ | ਬੱਚਤ ਹਿਸਾਬ ਨੰ: ੬੫੦੨੦੭੨੧੭੨੦ ਸਟੇਟ ਬੈਂਕ ਆਫ ਪਟਿਆਲਾ ਜੱਲਿਆ ਵਾਲਾ ਬਾਗ, ਅੰਮ੍ਰਿਤਸਰ (ATM) | ੯੧੪ | ੨੦੫੪੩੯੫੨.੦੦ | ੬੧੦੯੯੭੬.੦੦ |
| ੬੭ | ਬੱਚਤ ਹਿਸਾਬ ਟੂ ਇੰਨ ਵਨ ਨੰ:C.L.S.B.੦੧/੦੧੦੦੬੯ ਕਾਰਪੋਰੇਸ਼ਨ ਬੈਂਕ ਲਾਰੈਂਸ ਰੋਡ | ੯੨੧ | ੪੫੦੦੦.੦੦ | ੫੧੩੫੫੦.੦੦ |
| ੬੮ | ਮਿਆਦੀ ਹਿਸਾਬ ਜਨਰਲ ਡਿਪਾਜਟ ਪ੍ਰੌਵੀਡੈਂਟ ਫੰਡ | ੯੩੪ | ੧੯੯੨੭੭੧.੦੮ | |
| ੬੯ | ਮਿਆਦੀ ਹਿਸਾਬ ਜਨਰਲ ਡਿਪਾਜਟ ਜਮਾਨਤ ਮੁਲਾਜ਼ਮਾਂ | ੯੩੮ | ੮੦੩੧੪.੮੭ | |
| ੭੦ | ਬਚਤ ਹਿਸਾਬ ਨੰ: ੧੭੪੭੭ (੬੫੭੫੬੭੭੫) ਅਲਾਹਾਬਾਦ ਬੈਂਕ ਕਟੜਾ ਆਹਲੂਵਾਲੀਆ | ੯੩੩ | ੫੬੦੦੦.੦੦ | ੧੫੫੧੫੮੦.੦੦ |

**ਸ਼੍ਰੋਮਣੀ ਗੁ: ਪ੍ਰ: ਕਮੇਟੀ, ਧਰਮ ਪ੍ਰਚਾਰ ਕਮੇਟੀ, ਸੈਕਸ਼ਨ ੮੫ ਦੇ**

**ਗੁ: ਸਾਹਿਬਾਨ ਦਾ ਗ੍ਰੈਚੂਇਟੀ ਅਤੇ ਛੁੱਟੀਆਂ ਦਾ ਫੰਡ**

| | | | | |
|---|---|---|---|---|
| ੭੧ | ਵਸੂਲੀ ਦਫ਼ਾ-੮੫ ਗੁ: ਸਾਹਿਬਾਨ ਤੋਂ ਗ੍ਰੈਚੁਇਟੀ ਤੇ ਤਨਖਾਹ ਰਿਆਇਤੀ ਛੁੱਟੀਆਂ ਦਾ ਫੰਡ | ੯੪੫ | | ੨੨੪੭੫੦੦੦.੦੦ |
| ੭੨ | ਗੁਰੈਚੁਇਟੀ ਤੇ ਛੁੱਟੀਆਂ ਦਾ ਸੇਵਾਫਲ ਮੁਲਾਜ਼ਮਾਂ | ੯੬੩ | ੮੮੯੧੬੬੮.੦੦ | |
| ੭੩ | ਮਿਆਦੀ ਹਿਸਾਬ ਗੁਰੈਚੂਇਟੀ ਫੰਡ | ੯੮੦ | ੫੦੦੦੦੦੦.੦੦ | |
| ੭੪ | ਟੈਕਸ ਡਿਡੈਕਸ਼ਨ ਐਟ ਸੋਰਸ (ਠੇਕੇਦਾਰਾਂ) | ੯੭੦ | ੧੯੮੧.੦੦ | ੭੬੩੭.੦੦ |
| ੭੫ | ਬਚਤ ਹਿਸਾਬ ਨੰ:੦੧੧੦੦੦੮੦੬੯੭ (੫੫੩੫੨) ਸਟੇਟ ਬੈਂਕ ਆਫ ਇੰਡੀਆ | ੯੨੫ | | ੧੦੦੦੦੦.੦੦ |
| | **ਸ਼ਹੀਦੀ ਫੰਡ** | | | |
| ੭੬ | ਵਸੂਲੀ ਦਫਾ ੮੫ ਦੇ ਗੁ:ਸਾਹਿਬਾਨ ਤੋਂ | ੧੦੦੭ | | ੯੨੯੦੦੦.੦੦ |
| ੭੭ | ਸਹਾਇਤਾ ਧਰਮੀ ਫੋਜੀਆ ਨੂੰ | ੧੦੩੦ | ੧੦੦੦੦੦.੦੦ | |
| ੭੮ | ਮਿਆਦੀ ਹਿਸਾਬ (ਸ਼ਹੀਦੀ ਫੰਡ) | ੧੦੨੧ | ੫੦੦੦੦੦੦.੦੦ | |
| ੭੯ | ੧੯੮੪ ਦੰਗਾ ਪੀੜਤ ਪ੍ਰੀਵਾਰਾ ਦੇ ਬੱਚਿਆਂ ਨੂੰ ਉਚੇਰੀ ਵਿਦਿਆ ਲਈ ਸਹਾਇਤਾ | ੧੦੫੮ | ੨੧੫੦੦.੦੦ | |
| ੮੦ | ਬਚਤ ਹਿਸਾਬ ਨੰ:੦੧੧੦੦੦੫੦੪੦੩ ਸਟੇਟ ਬੈਂਕ ਆਫ ਇੰਡੀਆ (੩੧੭੪੯) | ੧੦੪੯ | ੧੦੦੦੦੦.੦੦ | |

## ਕੁਦਰਤੀ ਆਫਤਾਂ ਤੇ ਹੜ੍ਹ ਪੀੜ੍ਹਤ ਫੰਡ/ਕੈਂਸਰ ਰਲੀਫ ਫੰਡ

| | | | |
|---|---|---|---|
| ੮੧ ਵਸੂਲੀ ਦਫਾ ੮੫ ਦੇ ਗੁ:ਸਾਹਿਬਾਨ ਤੋਂ | ੧੦੭੧ | | ੨੬੩੫੦੦੦.੦੦ |
| ੮੨ ਸੰਗਤਾਂ ਤੇ ਮੁਲਾਜਮਾਂ ਪਾਸੋਂ ਸਹਾਇਤਾ | ੧੦੯੧ | | ੧੭੪੨੩੩.੦੦ |
| ੮੩ ਸੂਦ | ੧੧੧੯ | | ੨੩੮੬੫੫.੦੦ |
| ੮੪ ਕੁਦਰਤੀ ਆਫਤਾਂ ਲਈ ਸਹਾਇਤਾ (ਉਤਰਾਖੰਡ) | ੧੩੩੮ | | ੪੮.੦੦ |
| ੮੫ ਸਫਰ ਖਰਚ | ੧੩੪੯ | ੧੧੮੮੫.੦੦ | |
| ੮੬ ਬੱਚਤ ਹਿਸਾਬ ਨੰ: ੩੨੪੪੧ ਪੰਜਾਬ ਨੈਸ਼ਨਲ ਬੈਂਕ | ੧੩੦੩ | ੩੬੬੬੯੨੩.੮੨ | |
| ੮੭ ਖਰਚ ਕੈਂਸਰ ਰਲੀਫ ਫੰਡ | ੧੨੦੩ | ੪੩੧੦੦੦੦.੦੦ | |
| ੮੮ ਤਨਖਾਹ ਸਟਾਫ ਆਦਿ | ੧੧੨੧ | ੨੮੮੬੮੦.੦੦ | |
| **ਪੌਵੀਡੈਂਟ ਫੰਡ** | | | |
| ੮੯ ਪ੍ਰੌਵੀਡੈਂਟ ਫੰਡ | ੪੪ | ੧੫੧੪੩੭੨.੦੮ | ੧੭੨੩੯੩੮੫.੩੧ |
| ੯੦ ਕਰਜਾ ਪ੍ਰੌਵੀਡੈਂਟ ਫੰਡ | ੧੦੪ | ੩੮੮੦੦੦.੦੦ | ੭੩੯੭੭੨.੦੦ |
| ੯੧ ਅਮਾਨਤ ਪ੍ਰੌਵੀਡੈਂਟ ਫੰਡ | ੧੪੨ | ੫੬੬੨੦੭੫.੦੦ | ੫੬੬੨੦੭੫.੦੦ |
| ੯੨ ਬਚਤ ਹਿਸਾਬ ਪ੍ਰੌਵੀਡੈਂਟ ਫੰਡ ਪੰਜਾਬ ਐਂਡ ਸਿੰਧ ਬੈਂਕ ਨਿਵਾਸ ਅਤੇ ਹਾਲ ਬਜਾਰ | ੧੯੭ | ੫੨੭੫.੩੧ | ੧੯੯੫੮.੭੦ |
| ੯੩ ਮਿਆਦੀ ਹਿਸਾਬ ਪ੍ਰੌ ਫੰਡ ਪੰਜਾਬ ਐਂਡ ਸਿੰਧ ਬੈਕ ਡਿਉ ਮਿਤੀ ੨੨.੦੩.੨੦੧੭ | ੩੦੯ | | ੮੬੮੭੭੧.੦੮ |
| ੯੪ ਮਿਆਦੀ ਹਿਸਾਬ ਪ੍ਰੌ:ਫੰਡ ਪੰਜਾਬ ਨੈਸ਼ਨਲ ਬੈਂਕ ਡਿਊ ਡੇਟ ੦੭.੧੦.੨੦੧੬ | ੩੦੫ | ੧੧੨੪੦੦੦.੦੦ | |
| ੯੫ ਬੱਚਤ ਹਿਸਾਬ ਪ੍ਰੌਵੀਡੈਂਟ ਫੰਡ ਸਟੇਟ ਬੈਂਕ ਆਫ ਪਟਿਆਲਾ | ੨੭੩ | ੮੩੪.੦੦ | ੮੮੩੪.੦੦ |
| | **ਜੋੜ** | ੧੪੪੩੫੮੭੨੭.੨੮ | ੧੪੪੫੮੫੪੬੮.੨੮ |
| | **ਹੱਥ ਦੀ ਬਾਕੀ** | ੩੩੭੫੫੭.੦੦ | ੧੧੦੮੧੬.੦੦ |
| | **ਵੱਡਾ ਜੋੜ** | ੧੪੪੬੯੬੨੮੪.੨੮ | ੧੪੪੬੯੬੨੮੪.੨੮ |

ਸਹੀ/- ਸਹੀ/-

ਅਕਾਊਂਟੈਂਟ, ਸਕੱਤਰ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
## ਚਿੱਠਾ ਆਮਦਨ/ਖਰਚ ਟਰੱਸਟ ਫੰਡਜ, ਮਹੀਨਾ ਅਕਤੂਬਰ ੨੦੧੬

| ਸੀ: ਨੰ: | ਨਾਮ ਖਾਤਾ | ਪੰਨਾ | ਨਾਮ | ਜਮ੍ਹਾਂ |
|---|---|---|---|---|
| | **ਜਨਰਲ ਲੈਜਰ ਨੰ:੧** | | | |
| | **ਸਿੱਖ ਇਤਿਹਾਸ ਖੋਜ ਫੰਡ** | | | |
| ੧ | ਵਸੂਲੀ ਦਫਾ ੮੫ ਦੇ ਗੁ:ਸਾਹਿਬਾਨ ਤੋਂ | ੩ | | ੫੫੦੦੦.੦੦ |
| ੨ | ਮਿਆਦੀ ਹਿਸਾਬ | ੧੧ | ੨੦੦੦੦੦੦੦.੦੦ | ੧੫੦੦੦੦੦੦.੦੦ |
| ੩ | ਸੂਦ | ੧੩ | | ੧੧੯੬੭੨੩.੦੦ |
| ੪ | ਤਨਖਾਹ ਤੇ ਕਮਿਸ਼ਨ | ੨੦ | ੪੬੭੧੨੪.੦੦ | |
| ੫ | ਸਮਾਨ ਤੇ ਫਰਨੀਚਰ | ੨੫ | ੪੪੪੦੦.੦੦ | |
| ੬ | ਪੁਸਤਕਾਂ ਅਖਬਾਰਾਂ ਤੇ ਰਸਾਲੇ | ੩੬ | ੪੫੭੨.੦੦ | |
| ੭ | ਸਫਰ ਖਰਚ ਫੁਟਕਲ | ੪੪ | ੩੨੦੩.੦੦ | |
| ੮ | ਕੰਪਿਉਟਰ ਸਿੱਖ ਇਤਿਹਾਸ | ੫੦ | ੧੨੯੦੦.੦੦ | |
| ੯ | ਕਾਰ ਖਰਚ ਸਿੱਖ ਇਤਿਹਾਸ | ੪੫ | ੨੦੦੦.੦੦ | |
| ੧੦ | ਟੈਲੀਫੂਨ | ੪੭ | ੧੯੮੦.੦੦ | |
| | **ਗੁ:ਤੇ ਗੁ:ਲਿਟਰੇਚਰ ਫੰਡ** | | | |
| ੧੧ | ਵਸੂਲੀ ਦਫਾ ੮੫ ਦੇ ਗੁਰਦੁਆਰਾ ਸਹਿਬਾਨ ਤੋਂ | ੫੫ | | ੧੪੫੦੦੦.੦੦ |
| ੧੨ | ਵਿਕਰੀ ਪੁਸਤਕਾਂ ਤੇ ਭੇਟਾ ਸ੍ਰੀ ਪਾਵਨ ਸਰੂਪ | ੬੭ | | ੩੩੧੫੬੩.੦੦ |
| ੧੩ | ਵਸੂਲਣ ਯੁਗ ਬਿੱਲ ਦੀਆਂ ਰਕਮਾਂ ਗੁਰਬਾਣੀ ਤੇ ਗੁ:ਲਿਟਰੇਚਰ | ੮੮ | | ੫੨੧੫੩੬.੦੦ |
| ੧੪ | ਤਨਖਾਹ ਤੇ ਕਮਿਸ਼ਨ | ੧੧੭ | ੪੩੧੭੬੬.੦੦ | |
| ੧੫ | ਜਿਲਦਬੰਦੀ | ੧੩੪ | ੧੮੦੪੦੦.੦੦ | |
| ੧੬ | ਤਨਖਾਹ ਜਿਲਦਬੰਦੀ ਵਿਭਾਗ | ੧੪੫ | ੨੬੭੭੯੧.੦੦ | |
| ੧੭ | ਦਰਸ਼ਨ ਭੇਟਾ | ੧੫੧ | ੭੮੨੫੦.੦੦ | |
| ੧੮ | ਫੁਟਕਲ ਤੇ ਗੱਡੀ ਸ੍ਰੀ ਪਾਵਨ ਸਰੂਪ | ੧੬੦ | ੧੯੧੫੪.੦੦ | ੭੫੦੦.੦੦ |
| ੧੯ | ਸਫਰ ਖਰਚ | ੧੭੦ | ੧੫੦੦.੦੦ | |
| | **ਧਰਮ ਅਰਥ ਅਤੇ ਪੰਥਕ ਭਲਾਈ ਫੰਡ** | | | |
| ੨੦ | ਵਸੂਲੀ ਦਫਾ ੮੫ ਦੇ ਗੁਰਦੁਆਰਾ ਸਹਿਬਾਨ ਤੋਂ | ੨੮੬ | | ੨੧੦੦੦.੦੦ |
| ੨੧ | ਵਸੂਲੀ ਦਫਾ ੮੫ ਦੇ ਗੁਰਦੁਆਰਾ ਸਹਿਬਾਨ ਤੋਂ (ਪੰਥਕ ਭਲਾਈ ਫੰਡ) | ੨੯੬ | | ੨੧੦੦੦.੦੦ |

| | | | |
|---|---|---|---|
| ੨੨ ਮਿਆਦੀ ਹਿਸਾਬ | ੩੦੨ | ੨੦੦੦੦੦੦੦.੦੦ | ੧੬੫੦੦੦੦੦.੦੦ |
| ੨੩ ਸੂਦ | ੩੦੦ | | ੧੩੧੬੩੯੦.੦੦ |
| ੨੪ ਬੱਚਤ ਹਿਸਾਬ ਨੰ:੩੨੪੨੩ ਪੰਜਾਬ ਨੈਸ਼ਨਲ ਬੈਂਕ | ੧੩੨੩ | ੧੯੨੨੮੩੪੦੪.੦੦ | ੧੯੦੫੮੧੪੪੧.੦੦ |
| ੨੫ ਫੁਟਕਲ ਆਮਦਨ ਸੰਗਤਾਂ ਪਾਸੋਂ | ੩੩੯ | | ੩੭੬੭੫੬.੬੫ |
| ੨੬ ਧਰਮ ਅਰਥ ਫੰਡ (ਖਰਚ) | ੩੮੭ | ੧੭੨੪੨੨੫.੦੦ | |
| **ਯਾਤਰਾ ਗੁ: ਸਾਹਿਬਾਨ ਪਾਕਿਸਤਾਨ** | | | |
| ੨੭ ਵੀਜ਼ਾ ਫੀਸ | ੨੫੨ | | ੪੫੩੦੦.੦੦ |
| ੨੮ ਤਨਖਾਹ ਸਟਾਫ ਆਦਿ | ੨੬੩ | ੩੧੭੧੮੦.੦੦ | |
| ੨੯ ਖਰਚ ਗੁ: ਸਾਹਿਬਾਨ ਪਾਕਿਸਤਾਨ | ੨੬੯ | ੨੬੪੫.੦੦ | |
| **ਭਾਈਚਾਰਕ ਸੁਧਾਰ ਫੰਡ** | | | |
| ੩੦ ਵਸੂਲੀ ਦਫਾ ੮੫ ਦੇ ਗੁਰਦੁਆਰਾ ਸਾਹਿਬਾਨ ਤੋਂ | ੧੮੪ | | ੧੨੬੦੦੦.੦੦ |
| ੩੧ ਤਨਖਾਹ ਸਟਾਫ ਆਦਿ | ੧੯੩ | ੧੬੭੨੪੨.੦੦ | |
| **ਜਨਰਲ ਪ੍ਰੌ:ਫੰਡ** | | | |
| ੩੨ ਬੱਚਤ ਹਿਸਾਬ ਨੰ:S ੧੧੫੭੯ (੬੩੮੨) | | | |
| ਸੈਂਟਰਲ ਕ ਅਪ: ਬੈਂਕ | ੨੦੬ | ੩੦੭੦.੪੭ | |
| **ਕੁਦਰਤੀ ਆਫਤਾਂ ਤੇ ਹੜ੍ਹ ਪੀੜ੍ਹਤ ਫੰਡ/ਕੈਂਸਰ ਰਲੀਫ ਫੰਡ** | | | |
| ੩੩ ਵਸੂਲੀ ਦਫਾ ੮੫ ਦੇ ਗੁ:ਸਾਹਿਬਾਨ ਤੋਂ | ੧੦੭੧ | | ੩੮੭੦੦੦.੦੦ |
| ੩੪ ਸੰਗਤਾਂ ਤੇ ਮੁਲਾਜਮਾਂ ਪਾਸੋਂ ਸਹਾਇਤਾ | ੧੦੯੧ | | ੭੯੪੯੮੫.੦੦ |
| ੩੫ ਮਿਆਦੀ ਹਿਸਾਬ | ੧੩੫੨ | ੧੦੦੦੦੦੦੦.੦੦ | ੬੫੦੦੦੦੦.੦੦ |
| ੩੬ ਸੂਦ | ੧੧੧੯ | | ੫੧੮੫੮੦.੦੦ |
| ੩੭ ਸਫਰ ਖਰਚ | ੧੩੫੦ | ੧੦੭੭੦.੦੦ | |
| ੩੮ ਬੱਚਤ ਹਿਸਾਬ ਨੰ: ੩੨੪੪੧ ਪੰਜਾਬ ਨੈਸ਼ਨਲ ਬੈਂਕ | ੧੪੫੨ | ੮੨੦੦੦੦.੦੦ | ੧੧੦੦੦੦੦.੦੦ |
| ੩੯ ਖਰਚ ਕੈਂਸਰ ਰਲੀਫ ਫੰਡ | ੧੨੧੫ | ੫੭੦੦੦੦੦.੦੦ | |
| ੪੦ ਤਨਖਾਹ ਸਟਾਫ ਆਦਿ | ੧੧੨੨ | ੨੪੯੧੦੦.੦੦ | |
| **ਜਨਰਲ ਲੈਜਰ ਨੰ:੨** | | | |
| **ਅਮਾਨਤਾਂ** | | | |
| ੪੧ ਅਮਾਨਤ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ | ੫੦੫ | ੧੬੩੬੮੨.੦੦ | ੨੯੧੮੦.੦੦ |
| ੪੨ ਅਮਾਨਤ ਗੁਰਦੁਆਰੇ | ੫੨੫ | | ੩੧੨੫੭੬.੦੦ |
| ੪੩ ਅਮਾਨਤ ਮੁਲਾਜਮਾਂ ਤੇ ਜਨਰਲ | ੫੩੭ | | ੧੦੫੬੮੩੮.੦੦ |
| ੪੪ ਅਮਾਨਤ ਐਲ.ਆਈ.ਸੀ. | ੫੪੬ | | ੪੫੧੦.੦੦ |
| ੪੫ ਅਮਾਨਤ ਕਲਰਕਾਂ/ਸੇਵਾਦਾਰਾਂ (ਭਲਾਈ ਫੰਡ) | ੫੬੧ | | ੭੮੧੫੦.੦੦ |
| ੪੬ ਲੈਣ ਦੇਣ ਧਰਮ ਪ੍ਰਚਾਰ ਕਮੇਟੀ | ੫੭੫ | ੩੫੦.੦੦ | ੩੫੦.੦੦ |

| | | | |
|---|---|---|---|
| ੪੭ ਲੈਣ ਦੇਣ ਜਨਰਲ ਬੋਰਡ ਫੰਡ | ੫੭੩ | | ੨੯੮੪੫.੦੦ |
| ੪੮ ਅਣਦਿਤੀ ਤਨਖਾਹ | ੫੮੯ | ੧੦੫੨੭.੦੦ | ੧੦੫੨੭.੦੦ |
| ੪੯ ਖਰਚ ਦਫਤਰ | ੫੯੪ | ੧੦੦੯੧੦੫.੦੦ | ੨੯੩੫੯੧.੦੦ |
| ੫੦ ਵਸੂਲਣਯੋਗ ਤਨਖਾਹ ਤ੍ਰੈ ਸ਼ਤਾਬਦੀ ਕਾਲਜ | ੬੫੮ | ੧੪੪੯੬੮.੦੦ | |
| ੫੧ ਮਿਆਦੀ ਹਿਸਾਬ ਖਰਚ ਦਫਤਰ | ੬੧੩ | | ੮੭੦੦੦੦.੦੦ |
| **ਜਮਾਨਤਾਂ** | | | |
| ੫੨ ਜਮਾਨਤ ਮੁਲਾਜਮਾਂ | ੬੩੬ | ੮੬੭੩੪.੦੦ | ੧੫੦੦੦੦.੦੦ |
| ੫੩ ਮਿਆਦੀ ਹਿਸਾਬ ਜਮਾਨਤਾਂ | ੬੫੬ | ੧੮੯੦੦੦੦੦.੦੦ | ੧੭੨੮੫੧੦੨.੭੧ |
| ੫੪ ਸੂਦ ਜਮਾਨਤਾਂ | ੬੬੪ | ੧੪੧੬੮੪.੯੩ | ੧੩੭੯੦੩੦.੦੦ |
| ੫੫ ਜਮਾਨਤ ਠੇਕੇਦਾਰਾ | ੬੬੯ | ੩੨੨੮੦੦.੦੦ | ੫੫੫੫੦.੦੦ |
| ੫੬ ਪੇਸ਼ਗੀ ਜਨਰਲ | ੭੨੨ | ੧੬੫੮੦੫੫.੦੦ | ੯੦੩੨੦੫੭.੨੮ |
| ੫੭ ਪੇਸ਼ਗੀ ਤਨਖਾਹ | ੭੮੦ | ੨੪੬੦੦੦.੦੦ | ੨੯੫੦੦੦.੦੦ |
| ੫੮ ਬਚਤ ਹਿਸਾਬ ਨੰ:੨੧੨੨ ਪੰਜਾਬ ਐਂਡ | | | |
| ਸਿੰਧ ਬੈਂਕ ਨਿਵਾਸ | ੮੨੧ | ੧੮੮੩੩੪੪.੦੦ | ੩੬੨੯੬੨੬੭.੦੦ |
| ੫੯ ਬਚਤ ਹਿਸਾਬ ਨੰ:੧੩੧੩੧੦੦੦੦੯੪੬੭੦ | | | |
| ਬੈਂਕ ਆਫ ਪੰਜਾਬ ਲਿ:ਗੋਲਡਨ ਟੈਂਪਲ | ੯੮੯ | ੫੧੦੭੩੩.੦੦ | ੧੯੦੬੬੨੦.੦੦ |
| ੬੦ ਬੱਚਤ ਹਿਸਾਬ ਨੰ:੨ ਪੰਜਾਬ ਐਂਡ ਸਿੰਧ ਬੈਂਕ ਨਿਵਾਸ | ੮੮੯ | ੧੬੭੧੪੫੩੧.੩੨ | ੩੪੭੯੬੭੨੨.੪੦ |
| ੬੧ ਬੱਚਤ ਹਿਸਾਬ ਨੰ: ੬੫੦੨੦੭੨੧੭੨੦ ਸਟੇਟ ਬੈਂਕ ਆਫ | | | |
| ਪਟਿਆਲਾ ਜੱਲਿਆ ਵਾਲਾ ਬਾਗ, ਅੰਮ੍ਰਿਤਸਰ (ATM) | ੯੧੬ | ੧੦੬੯੮੪੫.੦੦ | ੧੩੬੯੪੧੧੪.੦੦ |
| ੬੨ ਬੱਚਤ ਹਿਸਾਬ ਟੂ ਇੰਨ ਵਨ ਨੰ:C.L.S.B.੦੧/੦੧੦੦੬੯ | | | |
| ਕਾਰਪੋਰੇਸ਼ਨ ਬੈਂਕ ਲਾਰੈਂਸ ਰੋਡ | ੯੨੧ | ੯੧੮੩.੦੦ | |
| ੬੩ ਮਿਆਦੀ ਹਿਸਾਬ ਜਨਰਲ ਡਿਪਾਜਟ ਪ੍ਰੌਵੀਡੈਂਟ ਫੰਡ | ੯੩੪ | | ੨੪੬੫੦੦੦.੦੦ |
| ੬੪ ਮਿਆਦੀ ਹਿਸਾਬ ਜਨਰਲ ਡਿਪਾਜਟ | | | |
| ਜਮਾਨਤ ਮੁਲਾਜ਼ਮਾਂ | ੯੩੮ | | ੩੪੪੮੯੭.੨੯ |
| ੬੫ ਬਚਤ ਹਿਸਾਬ ਨੰ: ੧੭੪੭੭ (੬੫੭੫੬੭੭੫) | | | |
| ਅਲਾਹਾਬਾਦ ਬੈਂਕ ਕਟੜਾ ਆਹਲੂਵਾਲੀਆ | ੯੯੩ | ੪੨੦੩੮.੦੦ | ੩੭੩੦੦੦.੦੦ |

**ਸ਼੍ਰੋਮਣੀ ਗੁ: ਪ੍ਰ: ਕਮੇਟੀ, ਧਰਮ ਪ੍ਰਚਾਰ ਕਮੇਟੀ, ਸੈਕਸ਼ਨ ੮੫ ਦੇ**

**ਗੁ: ਸਾਹਿਬਾਨ ਦਾ ਗ੍ਰੈਚੂਇਟੀ ਅਤੇ ਛੁੱਟੀਆਂ ਦਾ ਫੰਡ**

| | | | |
|---|---|---|---|
| ੬੬ ਵਸੂਲੀ ਦਫ਼ਾ-੮੫ ਗੁ: ਸਾਹਿਬਾਨ ਤੋਂ ਗੂਰੈਚੁਇਟੀ ਤੇ | | | |
| ਤਨਖਾਹ ਰਿਆਇਤੀ ਛੁੱਟੀਆ ਦਾ ਫੰਡ | ੯੪੬ | | ੨੪੩੨੦੦੦.੦੦ |
| ੬੭ ਗੂਰੈਚੁਇਟੀ ਤੇ ਛੁੱਟੀਆ ਦਾ ਸੇਵਾਫਲ ਮੁਲਾਜ਼ਮਾਂ | ੯੯੭ | ੧੬੯੧੫੮੯੩.੦੦ | |
| ੬੮ ਮਿਆਦੀ ਹਿਸਾਬ ਗੁਰੈਚੂਇਟੀ ਫੰਡ | ੯੮੦ | ੨੧੧੦੦੦੦੦.੦੦ | |

| | | | |
|---|---|---|---|
| ੬੯ ਟੈਕਸ ਡਿਡੈਕਸ਼ਨ ਐਟ ਸੋਰਸ (ਠੇਕੇਦਾਰਾਂ) | ੯੭੧ | ੭੬੩੭.੦੦ | ੫੩੧੮.੦੦ |
| | **ਜਨਰਲ ਲੈਜਰ ਨੰ: ੩** | | |
| **ਸ਼ਹੀਦੀ ਫੰਡ** | | | |
| ੭੦ ਵਸੂਲੀ ਦਫਾ ੮੫ ਦੇ ਗੁ:ਸਾਹਿਬਾਨ ਤੋਂ | ੧੦੦੭ | | ੫੫੦੦੦.੦੦ |
| ੭੧ ਸਹਾਇਤਾ ਧਰਮੀ ਫੋਜੀਆ ਨੂੰ | ੧੦੩੦ | ੫੦੦੦੦.੦੦ | |
| **ਪੌਂਵੀਡੈਂਟ ਫੰਡ** | | | |
| ੭੨ ਪ੍ਰੌਵੀਡੈਂਟ ਫੰਡ | ੫੮ | ੯੫੬੭੯੨੩.੪੦ | ੨੮੬੬੯੦੦੧.੬੯ |
| ੭੩ ਕਰਜਾ ਪ੍ਰੌਵੀਡੈਂਟ ਫੰਡ | ੧੦੭ | ੧੮੨੧੦੦੦.੦੦ | ੩੯੮੫੧੧.੦੦ |
| ੭੪ ਅਮਾਨਤ ਪ੍ਰੌਵੀਡੈਂਟ ਫੰਡ | ੧੫੧ | ੬੬੪੪੧੫੬.੦੦ | ੬੬੪੪੧੫੬.੦੦ |
| ੭੫ ਬਚਤ ਹਿਸਾਬ ਪ੍ਰੌਵੀਡੈਂਟ ਫੰਡ ਪੰਜਾਬ ਐਂਡ ਸਿੰਧ ਬੈਂਕ ਨਿਵਾਸ ਅਤੇ ਹਾਲ ਬਜਾਰ | ੧੯੮ | ੨੦੫੬.੩੨ | ੭੭੫੬.੩੨ |
| ੭੬ ਮਿਆਦੀ ਹਿਸਾਬ ਪ੍ਰੋ ਫੰਡ ਪੰਜਾਬ ਐਂਡ ਸਿੰਧ ਬੈਕ ਡਿਉ ਮਿਤੀ ੦੭.੦੪.੨੦੧੭ | ੩੨੦ | ੧੫੩੦੦੦.੦੦ | |
| ੭੭ ਬਚਤ ਹਿਸਾਬ ਪ੍ਰੌਵੀਡੈਂਟ ਫੰਡ ਕਾਰਪੋਰੇਸ਼ਨ ਬੈਂਕ ਲਾਰੰਸ ਰੋਡ | ੨੩੪ | ੧੧੮੩.੦੦ | ੯੧੮੩.੦੦ |
| ੭੮ ਮਿਆਦੀ ਹਿਸਾਬ ਪ੍ਰੌ:ਫੰਡ ਪੰਜਾਬ ਨੈਸ਼ਨਲ ਬੈਂਕ ਡਿਊ ਡੇਟ ੦੭.੧੦.੨੦੧੬ | ੩੦੫ | | ੧੧੭੫੩੫੦੦੦.੦੦ |
| ੭੯ ਮਿਆਦੀ ਹਿਸਾਬ ਪ੍ਰੌ:ਫੰਡ ਸੈਟਰਲ ਬੈਂਕ ਆਫ ਇੰਡੀਆ ਡਿਊ ਡੇਟ ੧੩.੧੦.੨੦੧੭ | ੩੦੬ | ੧੬੦੦੦੦੦੦੦.੦੦ | |
| ੮੦ ਬੱਚਤ ਹਿਸਾਬ ਪ੍ਰੌਵੀਡੈਂਟ ਫੰਡ ਸੈਂਟਰਲ ਕੋ:ਅਪ:ਬੈਂਕ ਹਾਲ ਬਜ਼ਾਰ | ੨੧੨ | ੧੨੫.੩੭ | ੩੦੭੦.੪੭ |
| ੮੧ ਬਚਤ ਹਿਸਾਬ ਪ੍ਰੌ:ਫੰਡ ਅਲਾਹਾਬਾਦ ਬੈਂਕ ਕਟੜਾ ਆਹਲੂਵਾਲੀਆ, ਅੰਮ੍ਰਿਤਸਰ | ੨੫੭ | ੨੦੩੮.੦੦ | ੭੦੩੮.੦੦ |
| | **ਜੋੜ** | ੫੧੧੯੬੬੨੬੮.੮੧ | ੫੧੨੦੭੦੭੩੬.੮੧ |
| | **ਹੱਥ ਦੀ ਬਾਕੀ** | ੪੪੨੦੨੫.੦੦ | ੩੩੭੫੫੭.੦੦ |
| | **ਵੱਡਾ ਜੋੜ** | ੫੧੨੪੦੮੨੯੩.੮੧ | ੫੧੨੪੦੮੨੯੩.੮੧ |

ਸਹੀ/- ਸਹੀ/-

ਅਕਾਊਂਟੈਂਟ, ਸਕੱਤਰ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।